ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 20
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 20 January, 2026) ਮੰਗਲਵਾਰ, 20 ਜਨਵਰੀ, 2026, 7 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਗੁਰਦਾਸਪੁਰ ਜ਼ਿਲ੍ਹੇ 'ਚ ਅੱਜ ਸਰਕਾਰੀ ਛੁੱਟੀ ਦਾ ਐਲਾਨ

ਚੰਡੀਗੜ੍ਹ, 19 ਜਨਵਰੀ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਵੱਲੋਂ ਸ੍ਰੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ 'ਤੇ 20 ਜਨਵਰੀ (ਮੰਗਲਵਾਰ) ਨੂੰ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧ ਵਿੱਚ ਪ੍ਰਸੋਨਲ ਵਿਭਾਗ (ਪ੍ਰਸੋਨਲ-3 ਸ਼ਾਖਾ) ਵੱਲੋਂ ਜਾਰੀ ਹੁਕਮਾਂ ਅਨੁਸਾਰ,ਜ਼ਿਲ੍ਹਾ ਗੁਰਦਾਸਪੁਰ ਦੇ ਅਧੀਨ ਆਉਣ ਵਾਲੇ ਸਾਰੇ ਸਰਕਾਰੀ ਦਫ਼ਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿੱਦਿਅਕ ਅਦਾਰੇ ਬੰਦ ਰਹਿਣਗੇ।




# ਨਿਤਿਨ ਨਬੀਨ ਨਿਰਵਿਰੋਧ ਬਣੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ, ਅੱਜ ਸੰਭਾਲਣਗੇ ਅਹੁਦਾ

ਚੜ੍ਹਦੀਕਲਾ ਬਿਊਰੋ
=============

ਨਵੀਂ ਦਿੱਲੀ, 19 ਜਨਵਰੀ : ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਆਪਣਾ ਨਵਾਂ ਰਾਸ਼ਟਰੀ ਪ੍ਰਧਾਨ ਮਿਲਣ ਜਾ ਰਿਹਾ ਹੈ। ਉਹ ਕੱਲ (ਮੰਗਲਵਾਰ) ਨੂੰ 11.00 ਵਜੇ ਭਾਜਪਾ ਦੇ ਮੁੱਖ ਦਫ਼ਤਰ ਵਿੱਚ ਆਪਣੇ ਅਹੁਦੇ ਦੀ ਸਹੁੰ ਚੁੱਕਣਗੇ। 45 ਸਾਲਾ ਨਿਤਿਨ ਨਬੀਨ ਨੇ ਇਸ ਅਹੁਦੇ ਲਈ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ ਸੀ। ਖਾਸ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਉਨ੍ਹਾਂ ਦੇ ਪ੍ਰਸਤਾਵਕ ਬਣੇ ਹਨ, ਜਿਸ ਕਾਰਨ ਉਹ ਨਿਰਵਿਰੋਧ ਭਾਜਪਾ ਦੇ ਕੌਮੀ ਪ੍ਰਧਾਨ ਚੁਣੇ ਗਏ। ਨਿਤਿਨ ਨਵੀਨ ਲਈ 37 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਸਨ। ਨਿਤਿਨ ਨਬੀਨ ਪਾਰਟੀ ਦੇ 45 ਸਾਲਾਂ ਦੇ ਸਿਆਸੀ ਇਤਿਹਾਸ ਵਿੱਚ ਸਭ ਤੋਂ ਘੱਟ ਉਮਰ ਦੇ ਰਾਸ਼ਟਰੀ ਪ੍ਰਧਾਨ ਹੋਣਗੇ। ਇਸ ਤੋਂ ਪਹਿਲਾਂ ਇਹ ਰਿਕਾਰਡ ਅਮਿਤ ਸ਼ਾਹ ਦੇ ਨਾਮ ਸੀ, ਜੋ 49 ਸਾਲ ਦੀ ਉਮਰ ਵਿੱਚ ਪ੍ਰਧਾਨ ਬਣੇ ਸਨ। ਨਿਤਿਨ ਨਬੀਨ ਜੇ.ਪੀ. ਨੱਡਾ ਦੀ ਜਗ੍ਹਾ ਲੈਣਗੇ, ਜਿਨ੍ਹਾਂ ਦਾ ਕਾਰਜਕਾਲ ਲੋਕ ਸਭਾ ਚੋਣਾਂ 2024 ਤੋਂ ਬਾਅਦ ਖਤਮ ਹੋ ਗਿਆ ਸੀ। ਉਹ ਭਾਜਪਾ ਦੇ 12ਵੇਂ ਰਾਸ਼ਟਰੀ ਪ੍ਰਧਾਨ ਵਜੋਂ ਜ਼ਿੰਮੇਵਾਰੀ



(ਬਾਕੀ ਸਫਾ 2 'ਤੇ)

# ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੇ ਪੰਜਾਬ ਦੀ ਅੰਨ੍ਹੀ ਲੁੱਟ ਕੀਤੀ: ਮਾਨ

## ਅਜਨਾਲਾ 'ਚ 15 ਕਰੋੜ ਦੀ ਲਾਗਤ ਨਾਲ ਬਣ ਰਹੇ ਕਾਲਜ ਦਾ ਨਾਮ ਬਾਬਾ ਗਮਚੁੱਕ ਜੀ ਦੇ ਨਾਮ 'ਤੇ ਰੱਖਣ ਦਾ ਐਲਾਨ

ਸੁਖਦੇਵ ਸਿੰਘ ਖ਼ਾਲਸਾ
================

ਅਜਨਾਲਾ , 19 ਜਨਵਰੀ : ਕੌਮਾਂਤਰੀ ਸਰਹੱਦ ਨਾਲ ਲਗਦੇ ਇਲਾਕੇ ਅਜਨਾਲਾ ਵਿੱਚ ਅੱਜ 15 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਰਕਾਰੀ ਡਿਗਰੀ ਕਾਲਜ ਦਾ ਨੀਂਹ ਪੱਥਰ ਰੱਖਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਦਹਾਕਿਆਂ ਤੱਕ ਆਪਸੀ ਮਿਲੀਭੁਗਤ ਨਾਲ ਪੰਜਾਬ ਨੂੰ ਅੰਨ੍ਹੇਵਾਹ ਲੁੱਟਿਆ, ਸੂਬੇ ਦੀਆਂ ਸੰਸਥਾਵਾਂ ਨੂੰ ਖੋਖਲਾ ਕੀਤਾ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕਿਆਂ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਜਾਣ ਲਈ ਮਜਬੂਰ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਨਵਾਂ ਕਾਲਜ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੇ ਸਿੱਖਿਆ, ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਜਨਤਕ ਭਾਈਵਾਲੀ ਰਾਹੀਂ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਦੇ ਸੰਕਲਪ ਨੂੰ ਦਰਸਾਉਂਦਾ ਹੈ। ਇਸ ਕਾਲਜ ਦਾ ਨਾਮ ਸਤਿਕਾਰਯੋਗ ਸ਼ਖਸੀਅਤ ਬਾਬਾ ਗਮਚੁੱਕ ਜੀ ਮਹਾਰਾਜ ਦੇ ਨਾਮ 'ਤੇ ਰੱਖਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਸੂਬਾ ਸਰਕਾਰ ਹਰ ਸੰਭਵ ਸਹੂਲਤ ਅਤੇ ਸੰਸਥਾਗਤ ਸਹਾਇਤਾ ਪ੍ਰਦਾਨ ਕਰੇਗੀ, ਉੱਥੇ ਹਰ ਪੰਜਾਬੀ ਲਈ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਉਣਾ ਵੀ ਓਨਾ ਹੀ ਮਹੱਤਵਪੂਰਨ ਹੈ ਤਾਂ ਜੋ ਪੰਜਾਬ ਨੂੰ 'ਰੰਗਲਾ ਪੰਜਾਬ' ਵਿੱਚ ਬਦਲਿਆ ਜਾ ਸਕੇ ਤਾਂ ਕਿ ਸਾਡੇ ਬੱਚੇ ਚੰਗੇ ਭਵਿੱਖ ਦੀ ਭਾਲ ਵਿੱਚ ਦੇਸ਼ ਛੱਡਣ ਲਈ ਮਜਬੂਰ ਨਾ ਹੋਣ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਪਾਰਟੀਆਂ ਵਿੱਚ ਅੰਦਰੂਨੀ ਖਹਿਬਾਜ਼ੀ ਸਿਖਰ 'ਤੇ ਹੈ ਕਿਉਂਕਿ ਇਨ੍ਹਾਂ ਕੋਲ ਲੋਕਾਂ ਦੀ ਭਲਾਈ ਲਈ ਕੋਈ ਠੋਸ ਏਜੰਡਾ ਨਹੀਂ ਹੈ।

ਉਨ੍ਹਾਂ ਕਿਹਾ, ਵਿਰੋਧੀ ਧਿਰ ਕੋਲ ਪੰਜਾਬ ਲਈ ਕੋਈ ਏਜੰਡਾ ਨਹੀਂ ਹੈ। ਉਹ ਸਿਰਫ਼ ਲੋਕਾਂ ਅਤੇ ਸੂਬੇ ਦੇ



(ਬਾਕੀ ਸਫਾ 2 'ਤੇ)

## ਪੰਜਾਬ ਸਰਕਾਰ ਵੱਲੋਂ ਤਿੰਨ ਸੀਨੀਅਰ ਆਈ. ਏ. ਐੱਸ. ਅਧਿਕਾਰੀਆਂ ਨੂੰ ਨਵੀਂ ਜ਼ਿੰਮੇਵਾਰੀ

ਚੰਡੀਗੜ੍ਹ, 19 ਜਨਵਰੀ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਨੇ ਤਿੰਨ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਨਵੀਂ ਜ਼ਿੰਮੇਵਾਰੀ ਦਿੱਤੀ ਹੈ।

ਪੰਜਾਬ ਦੇ ਮੁੱਖ ਸਕੱਤਰ ਕੇ ਏ.ਪੀ. ਸਿਨਹਾ ਨੇ ਅੱਜ ਪੱਤਰ ਜਾਰੀ ਕੀਤਾ ਜਿਸ ਅਨੁਸਾਰ ਅਨਿੰਦਿਤਾ ਮਿੱਤਰਾ ਨੂੰ ਮੁੱਖ ਚੋਣ ਅਫਸਰ ਲਾਇਆ ਗਿਆ ਹੈ ਪਨਸਪ ਦੀ ਡਾਇਰੈਕਟਰ ਸੋਨਾਲੀ ਗਿਰੀ ਨੂੰ ਸਕੂਲ ਤੇ ਹਾਇਰ ਐਜੂਕੇਸ਼ਨ ਦਾ ਪ੍ਰਬੰਧਕੀ ਸਕੱਤਰ ਦਾ ਚਾਰਜ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਗਿਰੀਸ਼ ਦਿਆਲਨ ਨੂੰ ਰਜਿਸਟਰਾਰ ਸਹਿਕਾਰੀ ਸਭਾਵਾਂ ਤੇ ਹੋਰ ਚਾਰਜ ਦਿੱਤੇ ਗਏ ਹਨ।

# ਪੰਜਾਬ 'ਚ ਅਗਲੇ 3 ਦਿਨਾਂ ਲਈ ਸੰਘਣੀ ਧੁੰਦ ਦਾ ਅਲਰਟ

## 22-23 ਜਨਵਰੀ ਨੂੰ ਮੀਂਹ ਪੈਣ ਦੀ ਸੰਭਾਵਨਾ

ਚੜ੍ਹਦੀਕਲਾ ਬਿਊਰੋ
=============

ਚੰਡੀਗੜ੍ਹ, 19 ਜਨਵਰੀ : ਪੰਜਾਬ ਵਿਚ ਹੱਡ ਚੀਰਵੀਂ ਠੰਢ ਦਾ ਕਹਿਰ ਜਾਰੀ ਹੈ। ਠੰਢ ਦੇ ਨਾਲ-ਨਾਲ ਸੰਘਣੀ ਧੁੰਦ ਦਾ ਸਾਹਮਣਾ ਵੀ ਲੋਕਾਂ ਨੂੰ ਕਰਨਾ ਪੈ ਰਿਹਾ ਹੈ। ਵਿਜ਼ੀਬਿਲਟੀ ਜ਼ੀਰੋ ਦੇ ਬਰਾਬਰ ਹੈ ਤੇ ਅਗਲੇ ਤਿੰਨ ਦਿਨਾਂ ਲਈ ਸੰਘਣੀ ਧੁੰਦ ਨੂੰ ਲੈ ਕੇ ਯੈਲੋ ਅਲਰਟ ਮੌਸਮ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਹੈ।ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਕੁਝ ਥਾਵਾਂ 'ਤੇ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਇਸ ਦੌਰਾਨ, ਅੰਬਾਲਾ-ਅੰਮ੍ਰਿਤਸਰ ਅਤੇ ਦਿੱਲੀ ਹਾਈਵੇਅ 'ਤੇ ਕੁਝ ਇਲਾਕਿਆਂ ਵਿੱਚ ਬੱਦਲਵਾਈ ਅਤੇ ਧੁੰਦ ਰਹੇਗੀ। ਡਰਾਈਵਰਾਂ ਨੂੰ ਗੱਡੀ ਚਲਾਉਂਦੇ ਸਮੇਂ ਸਾਵਧਾਨ ਰਹਿਣਾ ਚਾਹੀਦਾ ਹੈ। ਚੰਡੀਗੜ੍ਹ ਵਿਚ ਤਾਪਮਾਨ 23.4 ਦਰਜ ਕੀਤਾ ਗਿਆ। ਇਹ ਤਾਪਮਾਨ ਸਾਲ 2022 ਤੇ 24 ਜਨਵਰੀ ਮਹੀਨੇ ਵਿਚ ਪਏ ਤਾਪਮਾਨ ਤੋਂ ਵਧ ਹੋ ਗਿਆ ਹੈ। ਹਾਲਾਂਕਿ, ਐਤਵਾਰ ਨੂੰ ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਲੁਧਿਆਣਾ, ਗੁਰਦਾਸਪੁਰ ਅਤੇ ਫਰੀਦਕੋਟ ਵਿੱਚ ਧੁੰਦ ਕਾਰਨ ਵਿਜ਼ੀਬਿਲਟੀ ਜ਼ੀਰੋ ਤੋਂ 100 ਮੀਟਰ ਦੇ ਵਿਚਕਾਰ ਰਹੀ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਸਿੰਘ ਨੇ ਕਿਹਾ ਕਿ 22 ਅਤੇ 23 ਤਰੀਕ ਨੂੰ ਸੂਬੇ ਵਿੱਚ ਕੁਝ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਮੀਂਹ ਪੈਣ ਦੀ ਸੰਭਾਵਨਾ ਹੈ।



(ਬਾਕੀ ਸਫਾ 2 'ਤੇ)

## ਮਜੀਠੀਆ ਦੀ ਜ਼ਮਾਨਤ ਪਟੀਸ਼ਨ 'ਤੇ ਸੁਪਰੀਮ ਕੋਰਟ 'ਚ ਹੋਈ ਸੁਣਵਾਈ

### ਸਰਕਾਰ ਨੇ ਜਵਾਬ ਦਾਖ਼ਲ ਕਰਨ ਲਈ ਦੋ ਹ਼ਫਤੇ ਮੰਗੇ

ਚੰਡੀਗੜ੍ਹ, 19 ਜਨਵਰੀ (ਚੜ੍ਹਦੀਕਲਾ ਬਿਊਰੋ) : ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ ਹੈ। ਅੱਜ ਸੁਪਰੀਮ ਕੋਰਟ ਵਿੱਚ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਹੋਈ। ਇਸ ਦੌਰਾਨ, ਸਰਕਾਰ ਨੇ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ ਹੈ। ਸਰਕਾਰ ਵੱਲੋਂ ਦੋ ਹ਼ਫਤੇ ਦੀ ਮੰਗ ਕੀਤੀ ਗਈ ਹੈ। ਅਦਾਲਤ ਨੇ ਮਜੀਠੀਆ ਦੇ ਜੇਲ੍ਹ ਵਿੱਚ ਦੱਸੇ ਗਏ ਖ਼ਤਰੇ ਬਾਰੇ ਵੀ ਸਵਾਲ ਉਠਾਏ। (ਬਾਕੀ ਸਫਾ 2 'ਤੇ)

# 'ਆਪ' ਸਰਕਾਰ 1000 ਰੁ. ਦੇਣ ਦੀ ਗਾਰੰਟੀ ਵੀ ਪੂਰੀ ਕਰੇਗੀ: ਚੀਮਾ

ਚੜ੍ਹਦੀਕਲਾ ਬਿਊਰੋ
=============

ਮਹਿਲ ਕਲਾਂ, 19 ਜਨਵਰੀ : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅੱਜ ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਮੌਕੇ ਪਿੰਡ ਠੀਕਰੀਵਾਲਾ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਨ ਪਹੁੰਚੇ। ਇਸ ਦੌਰਾਨ ਉਨ੍ਹਾਂ ਔਰਤਾਂ ਨੂੰ ਦਿੱਤੇ ਜਾਣ ਵਾਲੇ 1000 ਰੁਪਏ ਦੇ ਵਾਅਦੇ ਸਬੰਧੀ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜ ਮੁੱਖ ਗਾਰੰਟੀਆਂ ਦਿੱਤੀਆਂ ਸਨ, ਜਿਨ੍ਹਾਂ ਵਿੱਚੋਂ ਚਾਰ ਪੂਰੀਆਂ ਹੋ ਚੁੱਕੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਵੀਂ ਗਾਰੰਟੀ ਵੀ 2027 ਦੀਆਂ ਚੋਣਾਂ ਤੋਂ ਪਹਿਲਾਂ ਹਰ ਹਾਲ ਵਿੱਚ ਪੂਰੀ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਸਥਿਤੀ ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਜਨਮ ਮਹਾਨ ਸ਼ਹਾਦਤਾਂ ਅਤੇ



(ਬਾਕੀ ਸਫਾ 2 'ਤੇ)

# ਰਾਜਾ ਨਾਭ ਕੰਵਲ ਸਾਹਿਬ ਦੇ ਡੇਰੇ 'ਚ ਮਰਿਯਾਦਾ ਸਹੀ ਢੰਗ ਨਾਲ ਨਹੀਂ ਨਿਭਾਈ ਜਾ ਰਹੀ: ਗਿ. ਰਘਬੀਰ ਸਿੰਘ



ਬਬਲੂ ਮਹਾਜਨ
==============

ਅੰਮ੍ਰਿਤਸਰ, 19 ਜਨਵਰੀ : ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸਿਟ ਬਣਨ ਤੋਂ ਪਹਿਲਾਂ ਜਦੋਂ ਐਫਆਈਆਰ ਦਰਜ ਹੋਈ ਸੀ ਤਾਂ ਉਨ੍ਹਾਂ ਕਿਹਾ ਸੀ ਕਿ ਇਸ ਮਾਮਲੇ ਦੀ ਸਚਾਈ ਸੰਗਤ ਦੇ ਸਾਹਮਣੇ ਆਉਂਣੀ ਚਾਹੀਦੀ ਹੈ। ਪਿਛਲੇ ਦਿਨੀਂ ਜੋ ਰਾਜਾ ਨਾਭ ਕੰਵਲ ਸਾਹਿਬ ਦੇ ਡੇਰੇ ਵਿਖੇ ਪਤਾ ਲੱਗਾ ਕਿ ਮਰਿਆਦਾ ਸਹੀ ਢੰਗ ਦੇ ਨਾਲ ਨਹੀਂ ਨਿਭਾਈ ਜਾ ਰਹੀ ਅਤੇ ਉਥੋਂ 169 ਦੇ ਕਰੀਬ ਪਾਵਨ ਸਰੂਪ ਸਿਟ ਨੇ ਨਿਸ਼ਾਨਦਈ ਕੀਤੇ ਹਨ। ਜਿਥੇ ਮਰਿਆਦਾ ਨਹੀਂ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਸਿੰਘ ਸਾਹਿਬ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਸਾਰੀ ਸੰਗਤ ਮੰਨਦੀ ਹੈ। ਕਿਥੇ ਵੀ ਸਰੂਪ ਦੇਣ ਤੋਂ

(ਬਾਕੀ ਸਫਾ 2 'ਤੇ)

## ਮੋਗਾ ਨਗਰ ਨਿਗਮ ਨੂੰ ਮਿਲਿਆ ਨਵਾਂ ਮੇਅਰ

# 'ਆਪ' ਦੇ ਪ੍ਰਵੀਨ ਕੁਮਾਰ ਪੀਨਾ ਮੇਅਰ ਬਣੇ

ਚੜ੍ਹਦੀਕਲਾ ਬਿਊਰੋ
=============

ਮੋਗਾ, 19 ਜਨਵਰੀ : ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ ਨੂੰ 53 ਦਿਨ ਪਹਿਲਾਂ ਪਾਰਟੀ ਵਿੱਚੋਂ ਬਰਖਾਸਤ ਕੀਤਾ ਗਿਆ ਅਤੇ ਨਗਰ ਨਿਗਮ ਮੇਅਰ ਦੇ ਪਦ ਤੋਂ ਅਸਤੀਫਾ ਲਿਆ ਗਿਆ, ਜਿਸ ਤੋਂ ਬਾਅਦ ਕਾਰਜਕਾਰੀ ਮੇਅਰ ਦੇ ਤੌਰ ਤੇ ਪ੍ਰਵੀਨ ਕੁਮਾਰ ਪੀਨਾ ਨੂੰ ਮੇਅਰ ਦੀ ਕੁਰਸੀ ਤੇ ਬਿਠਾਇਆ ਗਿਆ। ਵਿਰੋਧੀ ਪਾਰਟੀਆਂ ਵੱਲੋਂ ਹਾਈਕੋਰਟ ਵਿੱਚ ਰਿਟ ਪਾਈ ਗਈ ਅਤੇ ਦੁਬਾਰਾ ਮੇਅਰ ਦੀਆਂ ਚੋਣਾਂ ਲਈ ਕਿਹਾ। ਹਾਈਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਅੱਜ ਮੇਅਰ ਦੀ ਚੋਣ ਹੋਈ, ਜਿਸ ਵਿੱਚ 31 ਵੋਟਾਂ ਦੇ ਨਾਲ ਪ੍ਰਵੀਨ ਕੁਮਾਰ ਪੀਨਾ ਮੇਅਰ ਬਣੇ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਨਵ ਨਿਯੁਕਤ ਮੇਅਰ ਪ੍ਰਵੀਨ ਕੁਮਾਰ ਪੀਨਾ ਨੇ ਕਿਹਾ ਕਿ ਸਾਰੇ ਹੀ ਕੌਂਸਲਰਾਂ ਦਾ ਅਤੇ ਮੋਗਾ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਦਾ ਧੰਨਵਾਦ ਕਰਦਾ ਹਾਂ, ਜਿਨਾਂ ਨੇ ਮੇਰੇ 'ਤੇ ਭਰੋਸਾ ਜਤਾਇਆ ਅਤੇ ਮੈਨੂੰ ਮੇਅਰ ਬਣਾਇਆ। ਉੱਥੇ ਹੀ ਉਹਨਾਂ ਨੇ ਕਿਹਾ ਕਿ ਸ਼ਹਿਰ ਦੇ ਕੰਮ ਪਹਿਲਾਂ ਵੀ ਸਾਰੇ ਹੋ ਰਹੇ ਹਨ ਅਤੇ ਅੱਗੇ ਵੀ ਸਾਰੇ ਕੀਤੇ ਜਾਣਗੇ। ਕਿਸੇ ਨੂੰ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਮੋਗਾ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਕੌਂਸਲਰਾਂ ਵੱਲੋਂ ਮੇਅਰ ਪ੍ਰਵੀਨ ਕੁਮਾਰ ਪੀਨਾ ਨੂੰ 31 ਵੋਟਾਂ ਪਾਈਆਂ ਗਈਆਂ। ਵਿਰੋਧੀ ਧਿਰ ਵੱਲੋਂ ਝੂਠੇ ਇਲਜ਼ਾਮ ਲਗਾ ਕੇ ਵਾਕ ਆਊਟ ਕੀਤਾ ਗਿਆ। ਉਹਨਾਂ ਕੋਲ ਕੁੱਲ 17 ਮੈਂਬਰ ਸੀ, ਕਾਂਗਰਸ ਅਤੇ ਅਕਾਲੀ



(ਬਾਕੀ ਸਫਾ 2 'ਤੇ)

# ਅਨਿੰਦਿਤਾ ਮਿੱਤਰਾ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵਜੋਂ ਅਹੁਦਾ ਸੰਭਾਲਿਆ

ਚੜ੍ਹਦੀਕਲਾ ਬਿਊਰੋ
=============

ਚੰਡੀਗੜ੍ਹ, 19 ਜਨਵਰੀ : ਅਨਿੰਦਿਤਾ ਮਿੱਤਰਾ ਨੇ ਅੱਜ ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹ ਪੰਜਾਬ ਸਰਕਾਰ ਵਿੱਚ ਸਕੂਲ ਸਿੱਖਿਆ ਵਿਭਾਗ, ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ ਵਿੱਚ ਪ੍ਰਸ਼ਾਸਕੀ ਸਕੱਤਰ ਵਜੋਂ ਸੇਵਾ ਨਿਭਾਅ ਰਹੇ ਸਨ। ਦੱਸਣਯੋਗ ਹੈ ਕਿ ਸਾਲ 2007 ਦੇ ਆਈ.ਈ.ਐਸ. ਅਧਿਕਾਰੀ ਅਨਿੰਦਿਤਾ ਮਿੱਤਰਾ ਪ੍ਰਸ਼ਾਸਕੀ ਕਾਰਜਾਂ ਬਾਰੇ ਵਿਸ਼ਾਲ ਅਨੁਭਵ ਦੇ ਨਾਲ-ਨਾਲ ਸ਼ਾਸਨ ਦੇ ਸੰਸਥਾਗਤ ਕੰਮਕਾਜ ਬਾਰੇ ਚੰਗੀ ਜਾਣਕਾਰੀ ਅਤੇ ਤਜਰਬਾ ਰੱਖਦੇ ਹਨ। ਪੰਜਾਬ ਦੇ ਸੀ.ਈ.ਓ. ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਅਨਿੰਦਿਤਾ ਮਿੱਤਰਾ ਨੇ ਕਿਹਾ ਕਿ ਉਨ੍ਹਾਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਪੰਜਾਬ ਰਾਜ ਵਿੱਚ ਸੰਵਿਧਾਨਕ ਅਤੇ ਜਮਹੂਰੀ ਸੰਸਥਾ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ 70 ਸਾਲਾਂ ਦੌਰਾਨ ਭਾਰਤੀ ਚੋਣ ਕਮਿਸ਼ਨ



(ਬਾਕੀ ਸਫਾ 2 'ਤੇ)

## ਉਨਾਓ ਜਬਰ-ਜਨਾਹ ਮਾਮਲੇ 'ਚ ਕੁਲਦੀਪ ਸੈਂਗਰ ਦੀ ਪਟੀਸ਼ਨ ਰੱਦ

ਨਵੀਂ ਦਿੱਲੀ, 19 ਜਨਵਰੀ (ਚੜ੍ਹਦੀਕਲਾ ਬਿਊਰੋ) : ਦਿੱਲੀ ਹਾਈ ਕੋਰਟ ਨੇ ਕੁਲਦੀਪ ਸੈਂਗਰ ਦੀ ਉਹ ਪਟੀਸ਼ਨ ਖਾਰਜ ਕਰ ਦਿੱਤੀ ਹੈ, ਜਿਸ ਵਿਚ ਉਸ ਨੇ ਪੀੜਤ ਦੇ ਪਿਤਾ ਦੀ ਮੌਤ ਦੇ ਮਾਮਲੇ ਵਿੱਚ 10 ਸਾਲ ਦੀ ਸਜ਼ਾ ਨੂੰ ਮੁਅੱਤਲ ਕਰਨ ਦੀ ਮੰਗ ਕੀਤੀ ਸੀ। ਉਨਾਓ ਜਬਰ ਜਨਾਹ ਪੀੜਤਾ ਦੇ ਪਿਤਾ ਦੀ ਮੌਤ ਦੇ ਮਾਮਲੇ ਵਿੱਚ ਕੁਲਦੀਪ ਸੈਂਗਰ ਨੂੰ ਅਦਾਲਤ ਤੋਂ ਰਾਹਤ ਨਹੀਂ ਮਿਲੀ। ਦਿੱਲੀ ਹਾਈ ਕੋਰਟ ਨੇ ਜਬਰ ਜਨਾਹ ਪੀੜਤਾ ਦੇ ਪਿਤਾ ਦੀ ਹਿਰਾਸਤ ਵਿੱਚ ਮੌਤ ਦੇ ਮਾਮਲੇ ਵਿੱਚ ਸਾਬਕਾ ਭਾਜਪਾ ਵਿਧਾਇਕ ਨੂੰ ਦਿੱਤੀ ਗਈ 10 ਸਾਲ ਦੀ ਸਜ਼ਾ ਨੂੰ ਮੁਅੱਤਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਰਾਹਤ ਦੇਣ ਦਾ ਕੋਈ ਆਧਾਰ ਨਹੀਂ ਸੀ ਅਤੇ ਇਹ ਮਾਮਲਾ ਇੱਕ ਗੰਭੀਰ

(ਬਾਕੀ ਸਫਾ 2 'ਤੇ)

## ਮਨੀਪੁਰ ਹਿੰਸਾ 'ਚ ਸਮੂਹਿਕ ਜਬਰ-ਜਨਾਹ ਦੀ ਪੀੜਿਤਾ ਦੀ ਦੋ ਸਾਲ ਬਾਅਦ ਮੌਤ

ਚੁਰਾਚਾਂਦਪੁਰ, 19 ਜਨਵਰੀ (ਚੜ੍ਹਦੀਕਲਾ ਬਿਊਰੋ) :ਮਨੀਪੁਰ 'ਚ ਉਸ ਕੁਕੀ ਔਰਤ ਦੀ ਪਿੱਛੇ ਜਿਹੇ ਬਿਮਾਰੀ ਤੋਂ ਬਾਅਦ ਮੌਤ ਹੋ ਗਈ ਜਿਸ ਨਾਲ ਸੂਬੇ 'ਚ ਜਾਤ ਅਧਾਰਤ ਹਿੰਸਾ ਦੌਰਾਨ ਮਈ 2023 'ਚ ਸਮੂਹਕ ਜਬਰ ਜਨਾਹ ਹੋਇਆ ਸੀ। ਸਮੂਹਕ ਜਬਰ ਜਨਾਹ ਤੋਂ ਬਾਅਦ ਦੇ ਸਦਮੇ ਨਾਲ ਕਥਿਤ ਤੌਰ 'ਤੇ ਜੁੜੀ ਬਿਮਾਰੀ ਨਾਲ ਪੀੜਤਾ ਦੀ ਮੌਤ ਤੋਂ ਬਾਅਦ ਕਈ ਕੁਕੀ ਸੰਗਠਨਾਂ ਨੇ ਉਸ ਲਈ ਨਿਆਂ ਦੀ ਮੰਗ ਕੀਤੀ। ਦਿੱਲੀ ਅਤੇ ਮਨੀਪੁਰ ਦੇ ਚੁਰਾਚਾਂਦਪੁਰ ਦੇ ਕੁਕੀ ਸੰਗਠਨਾਂ ਨੇ ਦਾਅਵਾ ਕੀਤਾ ਕਿ ਉਸ ਔਰਤ ਨੂੰ ਮਈ, 2023 'ਚ ਇੰਫ਼ਾਲ 'ਚ ਅਗਵਾ ਕਰ ਕੇ ਸਮੂਹਕ ਜਬਰ ਜਨਾਹ ਕੀਤਾ

(ਬਾਕੀ ਸਫਾ 2 'ਤੇ)

### ਵਿਦੇਸ਼ ਮੰਤਰੀ ਦੀ ਪੋਲੈਂਡ ਨੂੰ ਦੋ ਟੁੱਕ

# ਸਾਡੇ ਗੁਆਂਢ'ਚ ਅੱਤਵਾਦ ਨੂੰ ਉਤਸ਼ਾਹਿਤ ਕਰਨ 'ਚ ਮਦਦ ਨਾ ਕਰੋ: ਜੈਸ਼ੰਕਰ

ਚੜ੍ਹਦੀਕਲਾ ਬਿਊਰੋ
=============

ਨਵੀਂ ਦਿੱਲੀ, 19 ਜਨਵਰੀ : ਭਾਰਤ ਅਤੇ ਪੋਲੈਂਡ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਲੈ ਕੇ ਨਵੀਂ ਦਿੱਲੀ ਚ ਹੋਈ ਉੱਚ ਪੱਧਰੀ ਬੈਠਕ ਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸਖ਼ਤ ਰੁਖ਼ ਅਪਣਾਇਆ ਹੈ। ਵਿਦੇਸ਼ ਮੰਤਰੀ ਜੈਸ਼ੰਕਰ ਨੇ ਪੋਲੈਂਡ ਦੇ ਉਪ ਪ੍ਰਧਾਨ ਮੰਤਰੀ ਰਾਦੋਸਲਾਵ ਸਿਕੋਰਸਕੀ ਦੇ ਸਾਹਮਣੇ ਰੂਸ-ਯੂਕਰੇਨ ਯੁੱਧ ਦੇ ਨਾਂ ਤੇ ਭਾਰਤ ਨੂੰ ਚੋਣਵੇਂ ਅਤੇ ਅਣਉਚਿਤ ਤਰੀਕੇ ਨਾਲ ਨਿਸ਼ਾਨਾ ਬਣਾਏ ਜਾਣ ਤੇ ਇਤਰਾਜ਼ ਪ੍ਰਗਟਾਇਆ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਪਾਕਿਸਤਾਨ ਦਾ ਨਾਂ ਲਏ ਬਿਨਾਂ ਸਖ਼ਤ ਚਿਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਪੋਲੈਂਡ ਨੂੰ ਅੱਤਵਾਦ ਪ੍ਰਤੀ



(ਬਾਕੀ ਸਫਾ 2 'ਤੇ)

### ਪੰਜਾਬ ਕਾਂਗਰਸ 'ਚ ਕਾਟੋ-ਕਲੇਸ਼ ! ਅੰਦਰੂਨੀ ਗੱਲਾਂ ਆਉਣ ਲੱਗੀਆਂ ਬਾਹਰ

# ਮੈਂ ਕਿਸੇ ਦੇ ਖ਼ਿਲਾਫ਼ ਨਹੀਂ ਬੋਲਿਆ, ਮੈਂ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹਾਂ: ਚੰਨੀ

ਚੜ੍ਹਦੀਕਲਾ ਬਿਊਰੋ
=============

ਚੰਡੀਗੜ੍ਹ, 19 ਜਨਵਰੀ : ਪੰਜਾਬ ਵਿਚ ਹੋਣ ਵਾਲੀਆਂ 2027 ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਵਿਚ ਜੱਟ ਸਿੱਖ ਵਰਸਿਜ ਦਲਿਤ ਦੇ ਪੈਦਾ ਹੋਏ ਨਵੇਂ ਵਿਵਾਦ ਵਿਚਾਲੇ ਚਰਨਜੀਤ ਸਿੰਘ ਚੰਨੀ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਦੇ ਮਿਲੇ ਅਹੁਦਿਆਂ ਲਈ ਮੈਂ ਸ਼ੁਕਰਗੁਜ਼ਾਰ ਹਾਂ। ਮੇਰੀ ਕਿਸੇ ਨਾਲ ਕੋਈ ਲੜਾਈ ਨਹੀਂ। ਉਨ੍ਹਾਂ ਕਿਹਾ ਕਿ ਬਿਨਾਂ ਨਾਂ ਲਏ ਕਿਹਾ ਕਿ ਮੇਰੇ ਖ਼ਿਲਾਫ਼ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਲੋਕ ਮੈਨੂੰ ਪਿਆਰ ਕਰਦੇ ਹਨ, ਜੇ ਕੋਈ ਸੜਦਾ ਤਾਂ ਸੜੇ, ਇਹ ਉਸ ਦੀ



(ਬਾਕੀ ਸਫਾ 2 'ਤੇ)

## ਪੰਜਾਬ ਕਾਂਗਰਸ 'ਚ ਕਲੇਸ਼ ਵਿਚਾਲੇ ਹਾਈਕਮਾਨ ਨੇ 23 ਨੂੰ ਸੱਦੀ ਮੀਟਿੰਗ

ਨਵੀਂ ਦਿੱਲੀ/ ਚੰਡੀਗੜ੍ਹ, 19 ਜਨਵਰੀ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਤੇ ਪਾਰਟੀ ਦੇ ਅੰਦਰੂਨੀ ਕਾਟੋ-ਕਲੇਸ਼ ਦੇ ਚੱਲਦੇ ਕਾਂਗਰਸ ਹਾਈਕਮਾਨ

(ਬਾਕੀ ਸਫਾ 2 'ਤੇ)

### ਗ੍ਰਹਿ ਮੰਤਰੀ 'ਤੇ ਟਿੱਪਣੀ ਦਾ ਮਾਮਲਾ

# ਮਾਣਹਾਨੀ ਕੇਸ 'ਚ ਰਾਹੁਲ ਗਾਂਧੀ ਦੇ ਵਕੀਲ ਨੇ ਅਦਾਲਤ ਤੋਂ ਮੰਗਿਆ ਮੌਕਾ, ਹੁਣ 20 ਫਰਵਰੀ ਨੂੰ ਹੋਣਗੇ ਪੇਸ਼

ਚੜ੍ਹਦੀਕਲਾ ਬਿਊਰੋ
=============

ਸੁਲਤਾਨਪੁਰ, 19 ਜਨਵਰੀ : ਕਾਂਗਰਸ ਨੇਤਾ ਰਾਹੁਲ ਗਾਂਧੀ ਵਿਰੁੱਧ ਦਾਇਰ ਮਾਣਹਾਨੀ ਕੇਸ ਵਿੱਚ ਸੋਮਵਾਰ ਨੂੰ ਉਨ੍ਹਾਂ ਦੇ ਵਕੀਲ ਕਾਸ਼ੀ ਪ੍ਰਸਾਦ ਸ਼ੁਕਲਾ ਨੇ ਅਦਾਲਤ ਤੋਂ ਮੌਕਾ ਮੰਗਿਆ। ਐੱਮ.ਪੀ.-ਐੱਮ.ਐੱਲ.ਏ. ਕੋਰਟ ਦੇ ਮੈਜਿਸਟ੍ਰੇਟ ਸ਼ੁਭਮ ਵਰਮਾ ਨੇ ਮੌਕਾ ਸਵੀਕਾਰ ਕਰਦਿਆਂ ਰਾਹੁਲ ਗਾਂਧੀ ਨੂੰ 20 ਫਰਵਰੀ ਲਈ ਅਦਾਲਤ ਵਿੱਚ ਤਲਬ ਕੀਤਾ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਰਾਏਬਰੇਲੀ ਦੇ ਸੰਸਦ ਮੈਂਬਰ ਰਾਹੁਲ ਗਾਂਧੀ 'ਤੇ ਸਾਲ 2018 ਵਿੱਚ ਬੈਂਗਲੁਰੂ ਵਿਖੇ ਭਾਜਪਾ ਦੇ ਤਤਕਾਲੀ ਰਾਸ਼ਟਰੀ ਪ੍ਰਧਾਨ ਅਤੇ ਮੌਜੂਦਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਇਤਰਾਜ਼ਯੋਗ ਟਿੱਪਣੀ ਕਰਦਿਆਂ ਕਾਤਲ ਕਹਿਣ



(ਬਾਕੀ ਸਫਾ 2 'ਤੇ)

# ਸਰਕਾਰ ਲੋਕਾਂ ਨੂੰ ਸੁਰੱਖਿਅਤ ਤੇ ਲਗਾਤਾਰ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਵਚਨਬੱਧ: ਸੌਂਦ

ਲੁਧਿਆਣਾ, 19 ਜਨਵਰੀ (ਵਿਸ਼ਾਲ ਸ਼ਰਮਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਸੁਰੱਖਿਅਤ ਢੰਗ ਨਾਲ ਬਿਨ੍ਹਾਂ ਕਿਸੇ ਪਾਵਰ ਕੱਟ ਤੋਂ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਵਿਕਾਸ ਪ੍ਰੋਜੈਕਟਾਂ ਲਈ ਕਰੋੜਾਂ ਰੁਪਏ ਦੇ ਫੰਡ ਜਾਰੀ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ, ਵਿਧਾਨ ਸਭਾ ਹਲਕਾ ਖੰਨਾ ਤੋਂ ਵਿਧਾਇਕ ਅਤੇ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ ਸੌਂਦ ਵੱਲੋਂ ਖੰਨਾ ਵਿਖੇ ਕਰੀਬ 41.84 ਲੱਖ ਰੁਪਏ ਦੀ ਲਾਗਤ ਦੇ ਨਾਲ ਤਿਆਰ ਹੋਏ ਨਵੇਂ 11 ਕੇ.ਵੀ ਫੀਡਰ ਦਾ ਉਦਘਾਟਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਚੇਅਰਮੈਨ ਮਾਰਕੀਟ ਕਮੇਟੀ ਖੰਨਾ ਜਗਤਾਰ ਸਿੰਘ ਗਿੱਲ ਰਤਨਹੇੜੀ, ਜ਼ਿਲ੍ਹਾ ਪ੍ਰੀਸ਼ਦ ਅਤੇ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਮੈਂਬਰ ਮਾਸਟਰ ਅਵਤਾਰ ਸਿੰਘ ਦੈਹਿੜੂ, ਪੀ.ਐਸ.ਪੀ.ਸੀ.ਐਲ ਖੰਨਾ ਦੇ ਐਸ.ਈ ਸੁਖਜੀਤ ਸਿੰਘ, ਸੀਨੀਅਰ ਐਕਸੀਅਨ ਅਮਨ ਗੁਪਤਾ ਵੀ ਮੌਜੂਦ ਸਨ।



ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ 66 ਕੇ.ਵੀ ਸਬ-ਸਟੇਸ਼ਨ ਖੰਨਾ ਵਿਖੇ ਨਵਾਂ 11 ਕੇ.ਵੀ ਮਾਡਲ ਟਾਊਨ ਫੀਡਰ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਪ ਮੰਡਲ ਦਫਤਰ ਸਿਟੀ-1 ਖੰਨਾ ਅਧੀਨ ਮੰਡਲ ਦਫਤਰ ਖੰਨਾ ਅਧੀਨ ਚਲਦੇ 11 ਕੇ.ਵੀ ਦਾਨਾ ਮੰਡੀ ਫੀਡਰ (ਸ਼੍ਰੇਣੀ-1) ਨੂੰ ਅੰਡਰ ਲੋਡ ਕਰਨ ਲਈ ਕਰੀਬ 41.84 ਲੱਖ ਰੁਪਏ ਦੀ ਲਾਗਤ ਦੇ ਨਾਲ ਨਵਾਂ 11 ਕੇ.ਵੀ ਮਾਡਲ ਟਾਊਨ ਫੀਡਰ (ਸ਼੍ਰੇਣੀ-1) ਦਾ ਆਗਾਜ਼ ਕੀਤਾ ਗਿਆ। ਇਸ ਨਵੇਂ 11 ਕੇ.ਵੀ ਮਾਡਲ ਟਾਊਨ ਫੀਡਰ ਦੇ ਚਾਲੂ ਹੋਣ ਨਾਲ ਪਹਿਲਾਂ ਚੱਲਦੇ 11 ਕੇ.ਵੀ ਦਾਨਾ ਮੰਡੀ ਫੀਡਰ 'ਤੇ ਲੋਡ ਅੱਧਾ ਰਹਿ ਜਾਵੇਗਾ, ਜਿਸ ਨਾਲ ਇਹ ਦੋਨੋਂ ਫੀਡਰਾਂ 'ਤੇ ਚੱਲਦੇ ਖਪਤਕਾਰਾਂ ਨੂੰ ਨਿਰਵਿਘਨ ਸਪਲਾਈ ਦੇਣ ਵਿੱਚ ਹੋਰ ਦਰੁੱਸਤੀ ਹੋਵੇਗੀ। ਉਨ੍ਹਾਂ ਦੱਸਿਆ ਕਿ ਮਾਡਲ ਟਾਊਨ, ਗੁਰੂ ਨਾਨਕ ਨਗਰ ਮੁਹੱਲਾ, ਦਾਣਾ ਮੰਡੀ ਬਰਾਂਚ, ਗਿੱਲ ਕਲੋਨੀ, ਡੀ.ਐਮ ਮਿੱਲ, ਡਿਸਪੋਜਲ ਰੋਡ, ਸੀ.ਆਈ.ਏ ਸਟਾਫ, ਵਿਨੋਦ ਨਗਰ, ਬਾਜੀਗਰ ਬਸਤੀ, ਆੜੂਆਂ ਦਾ ਬਾਗ, 9 ਨੰਬਰ ਸਕੂਲ, ਪੂਰਨ ਚਾਹ ਵਾਲੀ ਗਲੀ ਇਲਾਕੇ ਦੇ ਲੋਕਾਂ ਦੀ ਬਿਜਲੀ ਨੂੰ ਲੈ ਕੇ ਵੱਡੀ ਸਮੱਸਿਆ ਦੂਰ ਹੋ ਜਾਵੇਗੀ ਅਤੇ ਇਸ ਏਰੀਏ ਵਿੱਚ ਰਹਿਣ ਵਾਲੇ ਲੋਕਾਂ ਨੂੰ ਬਹੁਤ ਵੱਡਾ ਲਾਭ ਮਿਲੇਗਾ। ਇਸ ਮੌਕੇ ਪੀ.ਐਸ.ਪੀ.ਸੀ.ਐਲ ਖੰਨਾ ਦੇ ਐਸ.ਡੀ.ਓ ਅੰਕੁਸ਼, ਕੌਂਸਲਰ ਸੁਖਮਨਜੀਤ ਸਿੰਘ ਬਡਗੁੱਜਰ, ਪੀ.ਏ ਮਹੇਸ਼ ਕੁਮਾਰ, ਕੁਲਵੰਤ ਸਿੰਘ ਮਹਿਮੀ, ਪੁਨੀਤ ਖੱਟਰ, ਅਮਰਿੰਦਰ ਸਿੰਘ ਚਾਹਲ, ਅਵਤਾਰ ਸਿੰਘ ਮਾਨ, ਦਰਸ਼ਨ ਸਿੰਘ, ਹਵਾ ਸਿੰਘ, ਮਨਜੀਤ ਸਿੰਘ ਫੌਜੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀਆਂ ਨੇ ਸ਼ਮੂਲੀਅਤ ਕੀਤੀ।

# ਭਗਵੰਤ ਮਾਨ ਸਰਕਾਰ ਹਰ ਘਰ ਨੂੰ ਦੇਵੇਗੀ ਮੁਫ਼ਤ 'ਮੁੱਖ ਮੰਤਰੀ ਸਿਹਤ ਕਾਰਡ': ਡਾ. ਬਲਬੀਰ ਸਿੰਘ

ਚੰਡੀਗੜ੍ਹ, 19 ਜਨਵਰੀ (ਚ.ਨ.ਸ.) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਜੋ ਕਿ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ, ਰਸਮੀ ਤੌਰ 'ਤੇ 22 ਤਰੀਕ ਨੂੰ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸਕੀਮ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਹਰ ਨਾਗਰਿਕ ਨੂੰ ਬਿਨਾਂ ਕਿਸੇ ਵਿੱਤੀ ਬੋਝ ਦੇ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਉਣ ਦੇ ਕੀਤੇ ਵਾਅਦੇ ਨੂੰ ਪੂਰਾ ਕਰਦੀ ਹੈ।

ਸੋਮਵਾਰ ਨੂੰ ਪਾਰਟੀ ਦਫ਼ਤਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡਾ.ਬਲਬੀਰ ਸਿੰਘ ਨੇ ਸਪੱਸ਼ਟ ਕੀਤਾ ਕਿ ਹੈਲਥ ਕਾਰਡ ਬਣਾਉਣ ਤੋਂ ਲੈ ਕੇ ਇਲਾਜ ਤੱਕ ਦਾ ਸਾਰਾ ਖਰਚਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ ਅਤੇ ਕਿਸੇ ਵੀ ਵਿਅਕਤੀ ਜਾਂ ਏਜੰਸੀ ਨੂੰ ਕਿਸੇ ਵੀ ਪੜਾਅ 'ਤੇ ਇੱਕ ਰੁਪਿਆ ਵੀ ਵਸੂਲਣ ਦੀ ਇਜਾਜ਼ਤ ਨਹੀਂ ਹੈ।



ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇਸ ਸਕੀਮ ਦੀ ਦੁਰਵਰਤੋਂ ਦੀਆਂ ਕੋਸ਼ਿਸ਼ਾਂ ਵਿਰੁੱਧ ਪਹਿਲਾਂ ਹੀ ਸਖ਼ਤ ਕਾਰਵਾਈ ਕੀਤੀ ਹੈ। ਮੁਕਤਸਰ ਅਤੇ ਮਾਨਸਾ ਤੋਂ ਸ਼ਿਕਾਇਤਾਂ ਮਿਲੀਆਂ ਸਨ, ਜਿੱਥੇ ਕੁਝ ਵਿਅਕਤੀ ਹੈਲਥ ਕਾਰਡ ਬਣਾਉਣ ਦੇ ਬਦਲੇ ਲੋਕਾਂ ਤੋਂ 50 ਰੁਪਏ ਨਾਜਾਇਜ਼ ਵਸੂਲ ਰਹੇ ਸਨ। ਉਨ੍ਹਾਂ ਕਿਹਾ ਕਿ ਦੋਵਾਂ ਵਿਅਕਤੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਉਨ੍ਹਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ ਹਨ ਅਤੇ ਉਨ੍ਹਾਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਹੈ।

ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਯੂਥ ਕਲੱਬ ਦੇ ਵਲੰਟੀਅਰ ਟੋਕਨ ਵੰਡਣ ਲਈ ਘਰ-ਘਰ ਜਾਣਗੇ। ਨਾਗਰਿਕਾਂ ਨੂੰ ਆਪਣੇ ਕਾਰਡ ਬਿਲਕੁਲ ਮੁਫ਼ਤ ਬਣਵਾਉਣ ਲਈ ਟੋਕਨ ਦੇ ਨਾਲ ਆਪਣੇ ਆਧਾਰ ਕਾਰਡ ਅਤੇ ਵੋਟਰ ਆਈਡੀ ਸਮੇਤ ਨਿਰਧਾਰਤ ਕੇਂਦਰਾਂ 'ਤੇ ਜਾਣਾ ਹੋਵੇਗਾ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਸਰਕਾਰ ਭਲਾਈ ਸਕੀਮਾਂ ਦੇ ਨਾਂ 'ਤੇ ਲੋਕਾਂ ਦੀ ਕਿਸੇ ਵੀ ਤਰ੍ਹਾਂ ਦੀ ਲੁੱਟ-ਖਸੁੱਟ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਭਰੋਸਾ ਦਿੱਤਾ ਕਿ ਨਾਗਰਿਕਾਂ ਨਾਲ ਧੋਖਾਧੜੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ।

ਡਾ. ਬਲਬੀਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਮਾਨ ਸਰਕਾਰ ਪਾਰਦਰਸ਼ੀ ਅਤੇ ਲੋਕ-ਪੱਖੀ ਸਿਹਤ ਸੇਵਾਵਾਂ ਲਈ ਵਚਨਬੱਧ ਹੈ। ਇਹ ਸਕੀਮ ਲੋਕਾਂ ਲਈ ਹੈ ਅਤੇ ਇਹ ਸਾਰਿਆਂ ਲਈ ਮੁਫ਼ਤ ਅਤੇ ਪਹੁੰਚਯੋਗ ਰਹੇਗੀ।

# 'ਯੁੱਧ ਨਸ਼ਿਆਂ ਵਿਰੁੱਧ' ਦੇ 324ਵੇਂ ਦਿਨ 7 ਕਿੱਲੋ ਹੈਰੋਇਨ ਸਮੇਤ 80 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 19 ਜਨਵਰੀ (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ"ਦੇ 324ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 262 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 80 ਐਫਆਈਆਰਜ਼ ਦਰਜ ਕਰਕੇ 57 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 324 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 45,331 ਹੋ ਗਈ ਹੈ।

ਇਹਨਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 7 ਕਿੱਲੋ ਹੈਰੋਇਨ, 828 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 5420 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸ਼ਨ ਦੌਰਾਨ 59 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 262 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 270 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 19 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਕੇਂਦਰੀ ਸੂਚਨਾ ਕਮਿਸ਼ਨਰ ਨੇ ਪੰਜਾਬ ਵਿੱਚ ਆਰ.ਟੀ.ਆਈ. ਐਕਟ ਲਾਗੂ ਕਰਨ ਦਾ ਜਾਇਜ਼ਾ ਲਿਆ

ਚੰਡੀਗੜ੍ਹ, 19 ਜਨਵਰੀ (ਚ.ਨ.ਸ.) : ਕੇਂਦਰੀ ਸੂਚਨਾ ਕਮਿਸ਼ਨਰ ਵਿਨੋਦ ਕੁਮਾਰ ਤਿਵਾੜੀ ਆਈ.ਐਫ.ਐਸ. (ਸੇਵਾਮੁਕਤ), ਨੇ ਅੱਜ ਚੰਡੀਗੜ੍ਹ ਸਥਿਤ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਮੁੱਖ ਦਫ਼ਤਰ ਦਾ ਦੌਰਾ ਕੀਤਾ। ਆਪਣੇ ਇਸ ਦੌਰੇ ਦੌਰਾਨ ਉਨ੍ਹਾਂ ਨੇ ਮੁੱਖ ਸੂਚਨਾ ਕਮਿਸ਼ਨਰ,ਪੰਜਾਬ, ਸ੍ਰੀ ਇੰਦਰਪਾਲ ਸਿੰਘ ਧੰਨਾ, ਅਤੇ ਪੰਜਾਬ ਦੇ ਰਾਜ ਸੂਚਨਾ ਕਮਿਸ਼ਨਰਾਂ ਡਾ. ਭੁਪਿੰਦਰ ਸਿੰਘ ਬਾਠ, ਹਰਪ੍ਰੀਤ ਸੰਧੂ ਸਮੇਤ ਵਧੀਕ ਮੁੱਖ ਸਕੱਤਰ ਸ੍ਰੀ ਡੀ.ਕੇ. ਤਿਵਾੜੀ ਨਾਲ ਅਹਿਮ ਮੀਟਿੰਗ ਕੀਤੀ। ਮੀਟਿੰਗ ਵਿੱਚ ਸੂਚਨਾ ਅਧਿਕਾਰ (ਆਰ.ਟੀ.ਆਈ.) ਐਕਟ, 2005 ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ 'ਤੇ ਵਿਚਾਰ-ਚਰਚਾ ਕੀਤੀ ਗਈ, ਜਿਸ ਵਿੱਚ ਸੰਸਥਾਗਤ ਸੁਧਾਰਾਂ, ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲ ਜਾਣਕਾਰੀ ਪ੍ਰਦਾਨ ਕਰਨ ਸਬੰਧੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।



ਸ੍ਰੀ ਵੀ.ਕੇ. ਤਿਵਾੜੀ ਨੇ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਨੇ ਸੂਚਨਾ ਅਧਿਕਾਰੀ ਐਕਟ ਨੂੰ ਲਾਗੂ ਕਰਨ ਵਿੱਚ ਸ਼ਾਨਦਾਰ ਪ੍ਰਗਤੀ ਕੀਤੀ ਹੈ। ਮੀਟਿੰਗ ਦੌਰਾਨ ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ, ਇੰਦਰਪਾਲ ਸਿੰਘ ਧੰਨਾ ਨੇ ਨਾਗਰਿਕਾਂ ਨੂੰ ਜਾਣਕਾਰੀ ਦੀ ਕੁਸ਼ਲ ਅਤੇ ਸਮੇਂ ਸਿਰ ਪਹੁੰਚ ਯਕੀਨੀ ਬਣਾਉਣ ਲਈ ਰਾਜ ਕਮਿਸ਼ਨ ਦੀ ਵਚਨਬੱਧਤਾ ਦੁਹਰਾਈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਸੂਚਨਾ ਕਮਿਸ਼ਨ ਸਮਾਂਬੱਧ ਅਤੇ ਪ੍ਰਭਾਵੀ ਜਾਣਕਾਰੀ ਪ੍ਰਦਾਨ ਕਰਨ ਲਈ ਵਚਨਬੱਧ ਹੈ। ਮੀਟਿੰਗ ਦੌਰਾਨ ਸ੍ਰੀ ਵੀ.ਕੇ. ਤਿਵਾੜੀ ਨੇ ਬਤੌਰ ਕੇਂਦਰੀ ਸੂਚਨਾ ਕਮਿਸ਼ਨਰ ਆਪਣੇ ਤਜਰਬੇ ਵੀ ਸਾਂਝੇ ਕੀਤੇ, ਜਿਸ ਵਿੱਚ ਵਧੀਆ ਅਭਿਆਸਾਂ, ਮੌਜੂਦਾ ਚੁਣੌਤੀਆਂ ਅਤੇ ਕੇਸਾਂ ਦੇ ਨਿਪਟਾਰੇ ਨੂੰ ਹੋਰ ਬਿਹਤਰ ਬਣਾਉਣ ਅਤੇ ਸਮੁੱਚੇ ਆਰ.ਟੀ.ਆਈ. ਢਾਂਚੇ ਨੂੰ ਮਜ਼ਬੂਤ ਕਰਨ ਦੇ ਵਿਹਾਰਕ ਤਰੀਕਿਆਂ ਨੂੰ ਉਜਾਗਰ ਕੀਤਾ ਗਿਆ। ਇਹ ਵਿਚਾਰ- ਚਰਚਾ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਕਾਰਜ- ਕੁਸ਼ਲਤਾ ਨੂੰ ਵਧਾਉਣ ਲਈ ਆਪਸੀ ਵਿਚਾਰ-ਵਟਾਂਦਰੇ ਦਾ ਵਡੇਰਾ ਮੰਚ ਸਾਬਿਤ ਹੋਈ। ਮੁੱਖ ਸੂਚਨਾ ਕਮਿਸ਼ਨਰ ਸ੍ਰੀ ਧੰਨਾ , ਰਾਜ ਸੂਚਨਾ ਕਮਿਸ਼ਨਰਾਂ ਅਤੇ ਵਧੀਕ ਮੁੱਖ ਸਕੱਤਰ ਡੀ.ਕੇ. ਤਿਵਾੜੀ ਵੱਲੋਂ ਕੇਂਦਰੀ ਸੂਚਨਾ ਕਮਿਸ਼ਨਰ ਵਿਨੋਦ ਕੁਮਾਰ ਤਿਵਾੜੀ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤਾ। ਉਨ੍ਹਾਂ ਨੇ ਸ੍ਰੀ ਵੀ.ਕੇ. ਤਿਵਾੜੀ ਦੇ ਵਿਚਾਰਾਂ ਨੂੰ ਵਡਮੁੱਲਾ ਕਰਾਰ ਦਿੰਦਿਆਂ ਚਰਚਾ ਨੂੰ ਬਹੁਤ ਹੀ ਰਚਨਾਤਮਕ ਅਤੇ ਲਾਹੇਵੰਦ ਦੱਸਿਆ। ਸ੍ਰੀ ਹਰਪ੍ਰੀਤ ਸੰਧੂ ਨੇ ਭਾਰਤ ਦੇ ਕੇਂਦਰੀ ਸੂਚਨਾ ਕਮਿਸ਼ਨਰ, ਵਿਨੋਦ ਕੁਮਾਰ ਤਿਵਾੜੀ ਦਾ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਆਪਣੇ ਦੌਰੇ ਦੌਰਾਨ ਆਰ.ਟੀ.ਆਈ. ਪਾਰਦਰਸ਼ਤਾ 'ਤੇ ਉਨ੍ਹਾਂ ਦੀ ਡੂੰਘੀ ਸੂਝ-ਬੂਝ ਅਤੇ ਅਹਿਮ ਤਜਰਬੇ ਸਾਂਝੇ ਕਰਨ ਲਈ ਧੰਨਵਾਦ ਕੀਤਾ।

## ਚੰਡੀਗੜ੍ਹ ਅਦਾਲਤ ਦਾ ਵੱਡਾ ਫ਼ੈਸਲਾ

# ਬੱਚੀ ਨੂੰ ਸੁੱਟਣ ਵਾਲੇ ਜੋੜੇ ਨੂੰ ਜੇਲ੍ਹ ਦੀ ਥਾਂ ਕੀਤਾ ਰਿਹਾਅ !

ਚੰਡੀਗੜ੍ਹ, 19 ਜਨਵਰੀ (ਚ.ਨ.ਸ.) :ਚੰਡੀਗੜ੍ਹ ਦੀ ਇੱਕ ਅਦਾਲਤ ਨੇ ਆਪਣੀ ਨਵਜੰਮੀ ਬੱਚੀ ਦੀ ਮੌਤ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਨੂੰ ਝਾੜੀਆਂ ਵਿੱਚ ਸੁੱਟਣ ਦੇ ਦੋਸ਼ੀ ਜੋੜੇ ਨੂੰ ਸਜ਼ਾ ਦੇਣ ਦੀ ਬਜਾਏ ਰਿਹਾਅ ਕਰ ਦਿੱਤਾ। ਦਰਅਸਲ ਅਦਾਲਤ ਨੇ ਇਹ ਫੈਸਲਾ ਉਨ੍ਹਾਂ ਦੇ ਪੰਜ ਛੋਟੇ ਬੱਚਿਆਂ ਨੂੰ ਵੇਖਦੇ ਹੋਏ ਲਿਆ।ਜਦੋਂ ਪੁਲਿਸ ਨੇ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ ਤਾਂ ਜੋੜੇ ਨੇ ਆਪਣਾ ਅਪਰਾਧ ਕਬੂਲ ਕਰ ਲਿਆ। ਜੋੜੇ ਦੇ ਹਾਲਾਤਾਂ ਬਾਰੇ ਜਾਣਨ 'ਤੇ ਅਦਾਲਤ ਨੇ ਫੈਸਲਾ ਸੁਣਾਇਆ ਕਿ ਨਿਆਂ ਦੇ ਹਿੱਤ ਵਿੱਚ ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਬਜਾਏ ਰਿਹਾਅ ਕਰਨਾ ਉੱਚਿਤ ਹੋਵੇਗਾ। ਅਦਾਲਤ ਨੇ ਉਨ੍ਹਾਂ ਨੂੰ ਛੇ ਮਹੀਨਿਆਂ ਦੀ ਪ੍ਰੋਬੇਸ਼ਨ 'ਤੇ ਰਿਹਾਅ ਕਰ ਦਿੱਤਾ। ਹਾਲਾਂਕਿ, ਉਨ੍ਹਾਂ ਨੂੰ ਇਸ ਸਮੇਂ ਦੌਰਾਨ ਆਪਣੀ ਸਜ਼ਾ ਭੁਗਤਣ ਲਈ ਬੁਲਾਏ ਜਾਣ 'ਤੇ ਪੇਸ਼ ਹੋਣ ਦਾ ਹੁਕਮ ਦਿੱਤਾ ਗਿਆ ਸੀ। ਇਸ ਸਮੇਂ ਦੌਰਾਨ ਉਨ੍ਹਾਂ ਦੀ ਨਿਗਰਾਨੀ ਇੱਕ ਪ੍ਰੋਬੇਸ਼ਨ ਅਫਸਰ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਨੂੰ ਰਿਹਾਅ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਦੋਸ਼ੀਆਂ ਦੇ ਦੇਖਭਾਲ ਲਈ ਛੋਟੇ ਬੱਚੇ ਹਨ ਅਤੇ ਜੇਕਰ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਂਦਾ ਹੈ, ਤਾਂ ਉਨ੍ਹਾਂ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਰਹੇਗਾ। ਇਨ੍ਹਾਂ ਹਾਲਾਤਾਂ ਨੂੰ ਦੇਖਦੇ ਹੋਏ ਮੇਰੀ ਵਿਚਾਰਧਾਰਾ ਅਨੁਸਾਰ ਨਿਆਂ ਦੇ ਹਿੱਤ ਵਿੱਚ ਦੋਸ਼ੀ ਨੂੰ ਪ੍ਰੋਬੇਸ਼ਨ 'ਤੇ ਰਿਹਾਅ ਕਰਨਾ ਉੱਚਿਤ ਹੈ। ਪੁਲਿਸ ਚਾਰਜਸ਼ੀਟ ਦੇ ਮੁਤਾਬਕ ਸੈਕਟਰ-3 ਪੁਲਿਸ ਨੇ ਰੂਨਾ ਦੇਵੀ ਅਤੇ ਉਸਦੇ ਪਤੀ, ਅਰਵਿੰਦ ਮੁਖੀਆ ਨੂੰ 9 ਸਤੰਬਰ, 2025 ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਦੀ ਨਵਜੰਮੀ ਬੱਚੀ ਦੀ ਮੌਤ ਹੋ ਚੁੱਕੀ ਸੀ, ਇਸ ਤੋਂ ਬਾਅਦ ਉਨ੍ਹਾਂ ਨੇ ਉਸ ਦਾ ਜਨਮ ਅਤੇ ਮੌਤ ਲੁਕਾਉਣ ਦੇ ਇਰਾਦੇ ਨਾਲ ਚੁੱਪ-ਚਪੀਦੇ ਸੈਕਟਰ-9 ਸਥਿਤ ਹੇਅਰ ਮਾਸਟਰਸ ਦੇ ਕੋਲ ਝਾੜੀਆਂ ਵਿਚ ਸੁੱਟ ਦਿੱਤਾ। ਇਸ ਮਾਮਲੇ ਪੁਲਿਸ ਨੇ ਉਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਚੰਡੀਗੜ੍ਹ ਦੀ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿੱਚ ਅਦਾਲਤ ਨੇ ਉਨ੍ਹਾਂ ਨੂੰ ਭਾਰਤੀ ਦੰਡ ਸੰਹਿਤਾ, 2023 ਦੀ ਧਾਰਾ 94 ਅਤੇ 3(5) ਦੇ ਤਹਿਤ ਦੋਸ਼ੀ ਪਾਇਆ।ਜਦੋਂ ਜੋੜੇ ਨੂੰ ਅਦਾਲਤ ਵਿੱਚ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਕੋਈ ਵੀ ਟੈਸਟ ਜਾਂ ਜਾਂਚ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਆਪਣੇ ਆਪ ਆਪਣਾ ਅਪਰਾਧ ਕਬੂਲ ਲਿਆ। ਅਦਾਲਤ ਨੇ ਪਾਇਆ ਕਿ ਜੋੜੇ ਨੇ ਆਪਣੀ ਮਰਜ਼ੀ ਨਾਲ ਅਤੇ ਪੂਰੀ ਸਮਝ ਨਾਲ ਅਪਰਾਧ ਕਬੂਲ ਕੀਤਾ ਸੀ।ਇਸ ਮਾਮਲੇ ਵਿੱਚ ਅਦਾਲਤ ਨੂੰ ਪਤਾ ਲੱਗਾ ਕਿ ਰੂਨਾ ਅਤੇ ਅਰਵਿੰਦ ਨਵੇਂ ਚੰਡੀਗੜ੍ਹ ਦੀ ਇੱਕ ਝੁੱਗੀ-ਝੌਂਪੜੀ ਵਿੱਚ ਰਹਿੰਦੇ ਹਨ। ਦੋਵੇਂ ਮਜ਼ਦੂਰੀ ਕਰਦੇ ਹਨ। ਜੇਕਰ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੋਵੇਗਾ। ਇਸ ਤੋਂ ਬਾਅਦ ਅਦਾਲਤ ਨੇ ਕਿਹਾ ਕਿ ਨਿਆਂ ਦੇ ਹਿੱਤ ਵਿੱਚ, ਦੋਸ਼ੀ ਨੂੰ ਪ੍ਰੋਬੇਸ਼ਨ 'ਤੇ ਰਿਹਾਅ ਕਰਨਾ ਉਚਿਤ ਹੈ। ਅਦਾਲਤ ਨੇ ਕਿਹਾ ਕਿ ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਬਜਾਏ 10,000 ਰੁਪਏ ਦਾ ਪ੍ਰੋਬੇਸ਼ਨ ਬਾਂਡ ਜਮ੍ਹਾਂ ਕਰਾਏ ਜਾਣ। ਉਨ੍ਹਾਂ ਨੂੰ ਛੇ ਮਹੀਨਿਆਂ ਲਈ ਪ੍ਰੋਬੇਸ਼ਨ 'ਤੇ ਰਿਹਾਅ ਕੀਤਾ ਜਾ ਰਿਹਾ ਹੈ। ਹਾਲਾਂਕਿ, ਉਨ੍ਹਾਂ ਨੂੰ ਅਗਲੇ ਛੇ ਮਹੀਨਿਆਂ ਲਈ ਚੰਗਾ ਵਿਵਹਾਰ ਬਣਾਈ ਰੱਖਣਾ ਚਾਹੀਦਾ ਹੈ ਅਤੇ ਸ਼ਾਂਤੀ ਨਾਲ ਰਹਿਣਾ ਚਾਹੀਦਾ ਹੈ।



# ਸੁਪਰੀਮ ਕੋਰਟ ਨੇ ਹਵਾਈ ਕਿਰਾਇਆਂ 'ਚ ਵਾਧੇ 'ਤੇ ਕੇਂਦਰ ਤੇ ਡੀ.ਜੀ.ਸੀ.ਏ. ਤੋਂ ਜਵਾਬ ਮੰਗਿਆ

### ਤਿਉਹਾਰਾਂ ਦੌਰਾਨ ਬੇਤਹਾਸ਼ਾ ਕਿਰਾਏ ਵਧਾਉਣ 'ਤੇ ਨਾਰਾਜ਼ਗੀ ਜ਼ਾਹਰ; ਅਗਲੀ ਸੁਣਵਾਈ 23 ਫਰਵਰੀ ਨੂੰ

ਨਵੀਂ ਦਿੱਲੀ, 19 ਜਨਵਰੀ (ਚ.ਨ.ਸ.) : ਸੁਪਰੀਮ ਕੋਰਟ ਨੇ ਤਿਉਹਾਰਾਂ ਦੌਰਾਨ ਹਵਾਈ ਕਿਰਾਇਆਂ ਵਿੱਚ ਬੇਤਹਾਸ਼ਾ ਵਾਧੇ 'ਤੇ ਚਿੰਤਾ ਪ੍ਰਗਟ ਕਰਦਿਆਂ ਕੇਂਦਰ 'ਤੇ ਹਵਾਬਾਜ਼ੀ ਨਿਗਰਾਨ ਤੋਂ ਜਵਾਬ ਮੰਗਿਆ ਹੈ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਏਅਰਲਾਈਨਾਂ ਵੱਲੋਂ ਹਵਾਈ ਕਿਰਾਏ ਵਿੱਚ ਬੇਤਹਾਸ਼ਾ ਵਾਧੇ ਨੂੰ ਸ਼ੋਸ਼ਣ ਕਰਾਰ ਦਿੰਦਿਆਂ ਕੇਂਦਰ ਅਤੇ ਸਿਵਲ ਏਵੀਏਸ਼ਨ ਡਾਇਰੈਕਟੋਰੇਟ ਜਨਰਲ (ਡੀ.ਜੀ.ਸੀ.ਏ.) ਨੂੰ ਇੱਕ ਜਨਹਿੱਤ ਪਟੀਸ਼ਨ 'ਤੇ ਆਪਣੇ ਜਵਾਬ ਦਾਇਰ ਕਰਨ ਲਈ ਕਿਹਾ ਹੈ। ਇਸ ਪਟੀਸ਼ਨ ਰਾਹੀਂ ਭਾਰਤ ਵਿੱਚ ਨਿੱਜੀ ਏਅਰਲਾਈਨਾਂ ਦੇ ਹਵਾਈ ਕਿਰਾਏ ਅਤੇ ਸਹਾਇਕ ਖਰਚਿਆਂ ਵਿੱਚ ਉਤਰਾਅ-ਚੜ੍ਹਾਅ ਨੂੰ ਕੰਟਰੋਲ ਕਰਨ ਲਈ ਨਿਯਮਤ ਦਿਸ਼ਾ-ਨਿਰਦੇਸ਼ਾਂ ਦੇਣ ਦੀ ਮੰਗ ਕੀਤੀ ਗਈ ਹੈ।ਬੈਂਚ ਨੇ ਕਿਹਾ ਕਿ ਅਦਾਲਤ ਇਸ ਮਾਮਲੇ ਵਿੱਚ ਜ਼ਰੂਰ ਦਖਲ ਦੇਵੇਗੀ। ਬੈਂਚ ਨੇ 'ਕੁੰਭ ਮੇਲੇ' ਦਾ ਹਵਾਲਾ ਦਿੰਦਿਆਂ ਕਿਹਾ ਕਿ ਪ੍ਰਯਾਗਰਾਜ ਅਤੇ ਜੋਧਪੁਰ ਦੀਆਂ ਉਡਾਣਾਂ ਦੇ ਕਿਰਾਏ ਅਸਮਾਨੀ ਚੜ੍ਹੇ ਹੋਏ ਹਨ। ਜਸਟਿਸ ਮਹਿਤਾ ਨੇ ਮਜ਼ਾਹੀਆ ਲਹਿਜ਼ੇ ਵਿੱਚ ਅਦਾਲਤ ਵਿੱਚ ਮੌਜੂਦ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ਹੋ ਸਕਦਾ ਹੈ ਅਹਿਮਦਾਬਾਦ ਦੇ ਕਿਰਾਏ ਨਾ ਵਧੇ ਹੋਣ, ਪਰ ਜੋਧਪੁਰ ਸਮੇਤ ਹੋਰ ਥਾਵਾਂ ਦੇ ਹਾਲਾਤ ਹੋਰ ਹਨ। ਵਧੀਕ ਸੌਲੀਸਿਟਰ ਜਨਰਲ ਅਨਿਲ ਕੌਸ਼ਿਕ ਨੇ ਜਵਾਬ ਦੇਣ ਲਈ ਸਮਾਂ ਮੰਗਿਆ, ਜਿਸ 'ਤੇ ਅਦਾਲਤ ਨੇ ਸੁਣਵਾਈ 23 ਫਰਵਰੀ 'ਤੇ ਪਾ ਦਿੱਤੀ।



## ਸ਼ੰਕਰਾਚਾਰੀਆ ਸਵਾਮੀ ਅਵਿਮੁਕਤੇਸ਼ਵਰਾਨੰਦ ਸਰਸਵਤੀ ਭੁੱਖ-ਹੜਤਾਲ 'ਤੇ ਬੈਠੇ

ਪ੍ਰਯਾਗਰਾਜ, 19 ਜਨਵਰੀ (ਚੜ੍ਹਦੀਕਲਾ ਬਿਊਰੋ) : ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ 'ਚ ਲੱਗੇ



ਮਾਘ-ਮੇਲੇ 'ਚ ਮੌਨੀ ਮੱਸਿਆ ਦੇ ਇਸ਼ਨਾਨ ਤਿਉਹਾਰ 'ਤੇ ਐਤਵਾਰ ਨੂੰ ਗਲਤ ਰਵੱਈਏ ਤੋਂ ਦੁਖੀ ਸ਼ੰਕਰਾਚਾਰੀਆ ਸਵਾਮੀ ਅਵਿਮੁਕਤੇਸ਼ਵਰਾਨੰਦ ਸਰਸਵਤੀ ਭੁੱਖ ਹੜਤਾਲ 'ਤੇ ਬੈਠ ਗਏ ਹਨ। ਸ਼ੰਕਰਾਚਾਰੀਆ ਜੀ ਐਤਵਾਰ ਤੋਂ ਲਗਾਤਾਰ ਬਿਨਾਂ ਭੋਜਨ ਅਤੇ ਪਾਣੀ ਦੇ ਧਰਨੇ 'ਤੇ ਬੈਠੇ ਹਨ। ਕੈਂਪ ਦੇ ਬਾਹਰ ਦੀ ਦੰਡ ਤਰਪਣ ਅਤੇ ਪੂਜਾ ਵੀ ਕੀਤੀ। ਸ਼ੰਕਰਾਚਾਰੀਆ ਦੀ ਮੰਗ ਹੈ ਕਿ ਪ੍ਰਸ਼ਾਸਨ ਪ੍ਰੋਟੋਕਾਲ ਨਾਲ ਉਨ੍ਹਾਂ ਨੂੰ ਲਿਜਾ ਕੇ ਗੰਗਾ ਇਸ਼ਨਾਨ ਕਰਵਾਏ। ਦੱਸਣਯੋਗ ਹੈ ਕਿ ਮੌਨੀ ਮੱਸਿਆ 'ਤੇ ਪਾਲਕੀ ਅਤੇ ਭਗਤਾਂ ਨਾਲ ਇਸ਼ਨਾਨ ਦੀ ਮਨਜ਼ੂਰੀ ਨਾ ਦਿੱਤੇ ਜਾਣ ਨੂੰ ਲੈ ਕੇ ਪੁਲਿਸ ਪ੍ਰਸ਼ਾਸਨ ਨਾਲ ਵਿਆਦ ਹੋਇਆ ਸੀ। ਵਿਵਾਦ ਦੌਰਾਨ ਸ਼ੰਕਰਾਚਾਰੀਆ ਦੇ ਚੇਲਿਆਂ ਅਤੇ ਭਗਤਾਂ ਨਾਲ ਪੁਲਿਸ ਦੀ ਧੱਕਾ-ਮੁੱਕੀ ਵੀ ਹੋਈ ਸੀ। ਇਸ ਤੋਂ ਬਾਅਦ ਸ਼ੰਕਰਾਚਾਰੀਆ ਨੂੰ ਪੁਲਿਸ ਪ੍ਰਸ਼ਾਸਨ ਨੇ ਬਿਨਾਂ ਇਸ਼ਨਾਨ ਦੇ ਵਾਪਸ ਭੇਜ ਦਿੱਤਾ ਸੀ। ਵਾਪਸ ਆਉਣ ਦੇ ਬਾਅਦ ਤੋਂ ਹੀ ਸ਼ੰਕਰਾਚਾਰੀਆ ਸਵਾਮੀ ਆਪਣੇ ਕੈਂਪ 'ਚ ਭੁੱਖ-ਹੜਤਾਲ 'ਤੇ ਬੈਠੇ ਹਨ। ਮਾਘ ਮੇਲੇ 'ਚ ਗੰਗਾ ਨਦੀ ਦੇ ਉਸ ਪਾਰ ਸੈਕਟਰ 4 'ਚ ਤ੍ਰਿਵੇਣੀ ਰੋਡ ਤੇ ਜੋਤਿਸ਼ ਪੀਠ ਦੇ ਸ਼ੰਕਰਾਚਾਰੀਆ ਸਵਾਮੀ ਅਵਿਮੁਕਤੇਸ਼ਵਰਾਨੰਦ ਸਰਸਵਤੀ ਦਾ ਕੈਂਪ ਸਥਿਤ ਹੈ।

# 'ਚਿੱਟੇ' ਨੇ ਕਾਲਾ ਕੀਤਾ ਮਾਂ ਦਾ ਭਵਿੱਖ; ਨਸ਼ੇ ਦੀ ਭੇਟ ਚੜ੍ਹੇ 6 ਜਵਾਨ ਪੁੱਤ

### ਨਸ਼ਿਆਂ ਦੇ ਭੇਟ ਚੜ੍ਹੇ ਪਰਿਵਾਰ ਦੇ ਸੱਤ ਜੀਅ; ਸਰਕਾਰ ਦੀ 'ਨਸ਼ੇ ਵਿਰੁੱਧ ਜੰਗ' ਮੁਹਿੰਮ ਤੇ ਚੁੱਕੇ ਸਵਾਲ

ਲੁਧਿਆਣਾ/ਜਗਰਾਉ, 19 ਜਨਵਰੀ (ਚ.ਨ.ਸ.) : ਨਸ਼ਿਆਂ ਦਾ ਕੋਹੜ ਇੱਕ ਹਰੇ ਭਰੇ ਪਰਿਵਾਰ ਦੀ ਜੜ੍ਹ ਵਿੱਚ ਇਸ ਤਰ੍ਹਾਂ ਬੈਠਿਆ ਕਿ ਇੱਕ ਮਾਂ ਦੇ ਛੇ ਪੁੱਤਾਂ ਨੂੰ ਜਵਾਨੀ ਵਿੱਚ ਹੀ ਲੈ ਗਿਆ। ਖੇਤਰ ਵਿੱਚ ਚੱਲ ਰਹੀ ਨਸ਼ਿਆਂ ਦੀ ਮਹਾਂਮਾਰੀ ਕਾਰਨ ਕਥਿਤ ਤੌਰ ਤੇ ਆਪਣੇ ਸਾਰੇ ਛੇ ਪੁੱਤਰਾਂ



ਨੂੰ ਗੁਆਉਣ ਤੋਂ ਬਾਅਦ ਸਰਕਾਰ ਤੋਂ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ। ਛਿੰਦਰ ਕੌਰ ਦੇ ਪਰਿਵਾਰ ਦਾ ਆਖਰੀ ਪੁੱਤਰ ਜਸਵੀਰ ਸਿੰਘ (20) ਇਸ ਹਫ਼ਤੇ ਦੇ ਸ਼ੁਰੂ ਵਿੱਚ ਇੱਕ ਨਹਿਰ ਦੇ ਕਿਨਾਰੇ ਮ੍ਰਿਤਕ ਹਾਲਤ ਵਿੱਚ ਮਿਲਿਆ ਸੀ, ਜਿਸ ਦੀ ਮੌਤ ਕਥਿਤ ਤੌਰ ਤੇ ਨਸ਼ੇ ਦੀ ਵੱਧ ਮਾਤਰਾ (ਓਵਰਡੋਜ਼) ਲੈਣ ਕਾਰਨ ਹੋਈ ਸੀ। ਪਿੰਡ ਸ਼ੇਰੇਵਾਲ ਦੇ ਇਸ ਪਰਿਵਾਰ ਦੀ ਮੁਖੀ ਛਿੰਦਰ ਕੌਰ ਨੇ ਇੱਕ ਦਹਾਕੇ ਤੋਂ ਉਸ ਅੰਦਰ ਪਲ ਰਹੇ ਦਰਦ ਬਾਰੇ ਦੱਸਦਿਆਂ ਕਿਹਾ ਕਿ ਉਸ ਦਾ ਪਤੀ ਮੁਖਤਿਆਰ ਸਿੰਘ ਸ਼ਰਾਬ ਪੀਣ ਦਾ ਆਦੀ ਸੀ ਅਤੇ ਉਸ ਨੇ ਕਥਿਤ ਤੌਰ ਤੇ 2012 ਵਿੱਚ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਸੀ। ਛਿੰਦਰ ਕੌਰ ਆਖਦੀ ਹੈ ਕਿ ਇਸ ਮਗਰੋਂ ਉਸ ਨੇ ਆਪਣੇ ਹੱਥੀ ਸਾਰੇ ਛੇ ਪੁੱਤਰਾਂ ਦਾ ਸਸਕਾਰ ਕੀਤਾ ਹੈ। ਉਸ ਨੇ ਭਰੇ ਮਨ ਨਾਲ ਦੱਸਿਆ ਕਿ ਕੁਲਵੰਤ ਸਿੰਘ (34) ਦੀ ਕਥਿਤ ਤੌਰ ਤੇ 2013 ਵਿੱਚ ਨਸ਼ਿਆਂ ਕਾਰਨ ਮੌਤ ਹੋ ਗਈ ਸੀ, ਮਾਰਚ 2021 ਵਿੱਚ ਗੁਰਦੀਪ ਸਿੰਘ, ਜੁਲਾਈ, 2021 ਵਿੱਚ ਜਸਵੰਤ ਸਿੰਘ, ਜਨਵਰੀ 2022 ਵਿੱਚ ਰਾਜੂ ਸਿੰਘ, ਮਾਰਚ 2023 ਵਿੱਚ ਬਲਜੀਤ ਸਿੰਘ ਤੇ ਹੁਣ ਚੰਦਰਾ ਨਸ਼ਾ ਘਰ ਦੇ ਆਖਰੀ ਜਵਾਨ ਪੁੱਤ ਜਸਵੀਰ ਸਿੰਘ ਨੂੰ ਵੀ ਲੈ ਬੈਠਿਆ। ਰਿਪੋਰਟਾਂ ਅਨੁਸਾਰ ਜਸਵੀਰ ਇੱਕ ਹੋਰ ਵਿਅਕਤੀ ਦੇ ਨਾਲ ਸੀ ਜਦੋਂ ਉਹ ਨਸ਼ਾ ਕਰਨ ਤੋਂ ਬਾਅਦ ਬੇਹੋਸ਼ ਹੋ ਗਿਆ ਅਤੇ ਉਸ ਸਾਥੀ ਨੇ ਕਥਿਤ ਤੌਰ ਤੇ ਉਸ ਨਾਲ ਨਸ਼ੇ ਦਾ ਟੀਕਾ ਲਗਾਉਣ ਦੀ ਗੱਲ ਕਬੂਲੀ ਹੈ ਅਤੇ ਬਾਅਦ ਵਿੱਚ ਘਬਰਾਉਂਦਿਆਂ ਮੌਕੇ ਤੋਂ ਫਰਾਰ ਹੋ ਗਿਆ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਦੋ ਵਿਅਕਤੀਆਂ ਦੇ ਖ਼ਿਲਾਫ਼ ਗੈਰ-ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਇੱਕ ਔਰਤ ਵੀ ਸ਼ਾਮਲ ਹੈ ਜਿਸ ਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦਾ ਦੋਸ਼ ਹੈ। ਛਿੰਦਰ ਕੌਰ ਨੇ ਸੂਬਾ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਆਲੋਚਨਾ ਕਰਦਿਆਂ ਨਸ਼ਿਆਂ ਦੀ ਰੋਕਥਾਮ ਲਈ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਉਸ ਨੇ ਭੇ ਮਨ ਨਾਲ ਕਿਹਾ, ਚਿੱਟਾ ਬੰਦ ਨਹੀਂ ਹੋਇਆ। ਨਸ਼ਾ ਵੇਚਣ ਵਾਲੇ ਫੜੇ ਜਾਂਦੇ ਹਨ ਪਰ ਬਾਅਦ ਵਿੱਚ ਰਿਹਾਅ ਹੋ ਜਾਂਦੇ ਹਨ। ਅਸੀਂ ਚਾਹੁੰਦੇ ਹਾਂ ਕਿ ਨਸ਼ਾ ਬੰਦ ਹੋਵੇ ਤਾਂ ਜੋ ਹੋਰ ਪਰਿਵਾਰ ਇਸ ਨਾ ਮਿਟਣ ਵਾਲੇ ਦਰਦ ਤੋਂ ਬਚ ਸਕਣ। ਅਸੀਂ ਨਸ਼ਿਆਂ ਕਾਰਨ ਆਪਣਾ ਪੂਰਾ ਪਰਿਵਾਰ ਗਵਾ ਲਿਆ ਹੈ। ਇਹ ਦਰਦਨਾਕ ਹੈ, ਪਰ ਅਸੀਂ ਚਾਹੁੰਦੇ ਹਾਂ ਕਿ ਦੂਜੇ ਬਚ ਜਾਣ। ਕੌਰ ਨੇ ਦੋਸ਼ ਲਾਇਆ ਕਿ ਉਸ ਦੇ ਛੇ ਪੁੱਤਰਾਂ ਦੀ ਮੌਤ ਤੋਂ ਬਾਅਦ ਨਾ ਤਾਂ ਇਲਾਕਾ ਵਿਧਾਇਕ ਅਤੇ ਨਾ ਹੀ ਕੋਈ ਸੀਨੀਅਰ ਪੁਲੀਸ ਅਧਿਕਾਰੀ ਉਨ੍ਹਾਂ ਦੀ ਬਾਤ ਪੁੱਛਣ ਆਇਆ। ਸਥਾਨਕ ਭਾਈਚਾਰੇ ਨੇ ਨਸ਼ਾ ਸਪਲਾਈ ਕਰਨ ਵਾਲਿਆਂ ਵਿਰੁੱਧ ਕਾਰਵਾਈ ਦੀ ਮੰਗ ਕਰਦਿਆਂ ਪ੍ਰਦਰਸ਼ਨ ਕੀਤੇ ਹਨ, ਜੋ ਪੰਜਾਬ ਦੇ ਨੌਜਵਾਨਾਂ ਨੂੰ ਪ੍ਰਭਾਵਿਤ ਕਰ ਰਹੇ ਵਿਆਪਕ ਸੰਕਟ ਨੂੰ ਉਜਾਗਰ ਕਰਦੇ ਹਨ। ਹੁਣ ਪਰਿਵਾਰ ਵਿੱਚ ਉਸ ਦੀ ਇੱਕ ਨੂੰਹ ਅਤੇ ਇੱਕ ਪੋਤਾ ਰਹਿ ਗਏ ਹਨ।

**ਨਸ਼ਿਆਂ ਖ਼ਿਲਾਫ਼ ਸਮੂਹ ਪਾਰਟੀਆਂ ਇਕਜੁੱਟ ਹੋਣ:** ਭਾਜਪਾ ਆਗੂ ਅਸ਼ਵਨੀ ਕੁਮਾਰ ਸ਼ਰਮਾ ਅੱਜ ਪੀੜਤ ਪਰਿਵਾਰ ਦੇ ਘਰ ਦੁੱਖ ਸਾਂਝਾ ਕਰਨ ਪੁੱਜੇ। ਇਸ ਦੌਰਾਨ ਉਨ੍ਹਾਂ ਪੰਜਾਬ ਸਰਕਾਰ ਖ਼ਿਲਾਫ਼ ਬੋਲਦਿਆਂ ਆਖਿਆ ਕਿ 'ਆਪ' ਨੇ ਸੱਤਾ 'ਚ ਆਉਣ ਤੋਂ ਪਹਿਲਾਂ ਸੂਬੇ ਦੇ ਲੋਕਾਂ ਨਾਲ ਕੀਤਾ ਇੱਕ ਵੀ ਵਾਅਦਾ ਵਫ਼ਾ ਨਹੀਂ ਕੀਤਾ। ਉਨ੍ਹਾਂ ਆਖਿਆ ਕਿ ਨਸ਼ੇ ਕਾਰਨ ਸੱਤ ਜੀਅ ਗੁਆਉਣ ਵਾਲੇ ਸ਼ੇਰੇਵਾਲ ਦੇ ਇਸ ਪਰਿਵਾਰ ਨੂੰ ਸਰਕਾਰ ਜਵਾਬ ਦੇਵੇ ਕਿ ਨਸ਼ਾ ਖ਼ਤਮ ਕਿਉਂ ਨਹੀਂ ਹੋਇਆ। ਉਨ੍ਹਾਂ ਸਿਆਸੀ ਪਾਰਟੀਆਂ ਨੂੰ ਨਸ਼ਿਆਂ ਖ਼ਿਲਾਫ਼ ਇੱਕ ਮੰਚ 'ਤੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਜੇ ਪੰਜਾਬ ਦੇ ਲੋਕ ਬਚਣਗੇ ਤਾਂ ਹੀ ਰਾਜਨੀਤੀ ਹੋਵੇਗੀ, ਲਾਸ਼ਾਂ ਵੋਟ ਨਹੀਂ ਪਾ ਸਕਦੀਆਂ।

# ਸਰਕਾਰ ਨੇ ਪੰਜ ਲੱਖ ਟਨ ਕਣਕ ਦੇ ਆਟੇ ਦੇ ਨਿਰਯਾਤ ਦੀ ਦਿੱਤੀ ਇਜਾਜ਼ਤ

ਨਵੀਂ ਦਿੱਲੀ, 19 ਜਨਵਰੀ (ਚ.ਨ.ਸ.) : ਸਰਕਾਰ ਨੇ ਪੰਜ ਲੱਖ ਟਨ ਕਣਕ ਦੇ ਆਟੇ ਅਤੇ ਉਸ ਨਾਲ ਸਬੰਧਤ ਉਤਪਾਦਾਂ ਦੇ ਨਿਰਯਾਤ ਦੀ ਇਜਾਜ਼ਤ ਦੇ ਦਿਤੀ ਹੈ। ਨਿਰਯਾਤ ਉਤੇ ਲੱਗੀ ਪਾਬੰਦੀ 'ਚ ਇਹ ਅੰਸ਼ਕ ਢਿੱਲ ਤਿੰਨ ਸਾਲ ਤੋਂ ਵੱਧ ਦੇ ਸਮੇਂ ਬਾਅਦ ਦਿਤੀ ਗਈ ਹੈ। ਕੇਂਦਰ ਸਰਕਾਰ ਨੇ ਸਾਲ 2022 'ਚ ਕਣਕ ਦੇ ਨਿਰਯਾਤ ਉੱਤੇ ਪਾਬੰਦੀ ਲਗਾ ਦਿੱਤੀ ਸੀ। ਭਾਰਤ ਇਸ ਜਿਣਸ ਦਾ ਇਕ ਪ੍ਰਮੁੱਖ ਉਤਪਾਦਕ ਦੇਸ਼ ਹੈ। ਵਿਦੇਸ਼ ਵਪਾਰ ਡਾਇਰੈਕਟੋਰੇਟ ਨੇ 16 ਜਨਵਰੀ ਦੇ ਅਪਣੇ ਨੋਟੀਫ਼ੀਕੇਸ਼ਨ 'ਚ ਕਿਹਾ, 'ਕਣਕ ਦੇ ਆਟੇ ਅਤੇ ਸਬੰਧਤ ਉਤਪਾਦਾਂ ਦਾ ਨਿਰਯਾਤ ਪਾਬੰਦੀਸ਼ੁਦਾ ਰਹੇਗਾ। ਹਾਲਾਂਕਿ ਮੌਜੂਦਾ ਨੀਤੀਗਤ ਸ਼ਰਤਾਂ ਤੋਂ ਇਲਾਵਾ, ਪੰਜ ਲੱਖ ਟਨ ਤਕ ਕਣਕ ਦੇ ਆਟੇ ਅਤੇ ਸਬੰਧਤ ਉਤਪਾਦਾਂ ਦੇ ਨਿਰਯਾਤ ਦੀ ਇਜਾਜ਼ਤ ਦਿੱਤੀ ਗਈ ਹੈ।'' ਡੀ.ਜੀ.ਐਫ.ਟੀ. ਨੇ ਕਿਹਾ ਕਿ ਜੋ ਬਿਨੈਕਾਰ ਇਸ ਉਤਪਾਦ ਦਾ ਨਿਰਯਾਤ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਡਾਇਰੈਕਟੋਰੇਟ ਤੋਂ ਇਜਾਜ਼ਤ ਲੈਣੀ ਹੋਵੇਗੀ ਅਤੇ ਇਸ ਲਈ ਬਿਨੈ ਕਰਨਾ ਹੋਵੇਗਾ। ਨੋਟੀਫ਼ੀਕੇਸ਼ਨ ਮੁਤਾਬਕ ਪਹਿਲੇ ਪੜਾਅ ਹੇਠ ਬਿਨੈ 21 ਜਨਵਰੀ, 2026 ਤੋਂ 31 ਜਨਵਰੀ, 2026 ਤਕ ਦਿਤੇ ਜਾ ਸਕਦੇ ਹਨ। ਇਸ ਤੋਂ ਬਾਅਦ ਜਦੋਂ ਤਕ ਨਿਰਯਾਤ ਦੀ ਨਿਰਧਾਰਤ ਮਾਤਰਾ ਉਪਲਬਧ ਰਹੇਗੀ, ਉਦੋਂ ਤਕ ਹਰ ਮਹੀਨੇ ਦੇ ਆਖ਼ਰੀ ਦਸ ਦਿਨਾਂ ਦੌਰਾਨ ਬਿਨੈ ਮੰਗੇ ਜਾਣਗੇ। ਨਿਰਯਾਤਕ, ਆਟਾ ਮਿੱਲਾਂ ਜਾਂ ਪ੍ਰੋਸੈਸਿੰਗ ਇਕਾਈਆਂ ਇਸ ਲਈ ਬਿਨੈ ਕਰ ਸਕਦੀਆਂ ਹਨ। ਉਨ੍ਹਾਂ ਕੋਲ ਜਾਇਜ਼ ਆਈ.ਈ.ਸੀ. ਅਤੇ ਐਫ਼.ਐਸ.ਐਸ.ਏ.ਆਈ. ਲਾਇਸੈਂਸ ਹੋਣਾ ਚਾਹੀਦਾ ਹੈ।



# ਭਾਜਪਾ ਨੌਜਵਾਨਾਂ ਲਈ ਸਭ ਤੋਂ ਵਧੀਆ ਪਲੇਟਫਾਰਮ ਹੈ, ਜਨਰਲ-ਜੀ ਦਾ ਆਕਰਸ਼ਣ ਵੱਧ ਰਿਹੈ: ਅਨਿਲ ਵਿਜ

ਨਵੀਂ ਦਿੱਲੀ, 19 ਜਨਵਰੀ (ਚ.ਨ.ਸ.) : ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ, ਸ਼੍ਰੀ ਅਨਿਲ ਵਿਜ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੌਜਵਾਨਾਂ ਲਈ ਕੰਮ ਕਰਨ ਲਈ ਇੱਕ ਵਧੀਆ ਜਗ੍ਹਾ ਹੈ ਕਿਉਂਕਿ ਭਾਜਪਾ ਇੱਕ ਸੰਗਠਨਾਤਮਕ ਪਾਰਟੀ ਹੈ। ਉਨ੍ਹਾਂ ਕਿਹਾ ਕਿ ਨਿਤਿਨ ਨਬੀਨ ਦੇ ਕਾਰਜਕਾਰੀ ਰਾਸ਼ਟਰੀ ਪ੍ਰਧਾਨ ਵਜੋਂ ਆਉਣ ਤੋਂ ਬਾਅਦ ਨੌਜਵਾਨਾਂ ਵਿੱਚ ਬਹੁਤ ਖਿੱਚ ਹੈ, ਅਤੇ ਜਨਰਲ-ਜੀ ਨੂੰ ਲੱਗਦਾ ਹੈ ਕਿ ਭਾਜਪਾ ਇੱਕ ਅਜਿਹੀ ਪਾਰਟੀ ਹੈ ਜਿੱਥੇ ਨੌਜਵਾਨਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਕਿਹਾ, ਮੇਰਾ ਮੰਨਣਾ ਹੈ ਕਿ ਜਿਸ ਪਾਰਟੀ ਵਿੱਚ ਅੰਦਰੂਨੀ ਲੋਕਤੰਤਰ ਦੀ ਘਾਟ ਹੈ, ਉਹ ਦੇਸ਼ ਦੇ ਲੋਕਤੰਤਰ ਦੀ ਰੱਖਿਆ ਨਹੀਂ ਕਰ ਸਕਦੀ।

ਸ਼੍ਰੀ ਵਿਜ ਅੱਜ ਨਵੀਂ ਦਿੱਲੀ ਵਿੱਚ ਮੀਡੀਆ ਕਰਮਚਾਰੀਆਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ।

ਉਨ੍ਹਾਂ ਕਿਹਾ ਕਿ ਹੋਰ ਪਾਰਟੀਆਂ ਵਿੱਚ, ਰਾਸ਼ਟਰੀ ਪ੍ਰਧਾਨ ਦੀ ਨਿਯੁਕਤੀ ਸੇਵਾਮੁਕਤੀ ਦੇ ਸਮੇਂ ਦੇ ਆਸਪਾਸ ਕੀਤੀ ਜਾਂਦੀ ਹੈ, ਜਾਂ ਜੇਕਰ ਪਰਿਵਾਰ ਦੇ ਕਿਸੇ ਬਜ਼ੁਰਗ ਦੀ ਮੌਤ ਹੋ ਜਾਂਦੀ ਹੈ, ਤਾਂ ਉਸਦੇ ਬੱਚੇ ਦੀ ਨਿਯੁਕਤੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਸਿਰਫ਼ ਭਾਰਤੀ ਜਨਤਾ ਪਾਰਟੀ ਵਿੱਚ ਹੀ ਲੋਕਤੰਤਰ ਹੈ, ਜਿੱਥੇ ਚੋਣਾਂ ਹੇਠਾਂ ਤੋਂ ਉੱਪਰ ਤੱਕ ਹੁੰਦੀਆਂ ਹਨ, ਜਦੋਂ ਕਿ ਹੋਰ ਪਾਰਟੀਆਂ ਵਿੱਚ, ਚੋਣਾਂ ਉੱਪਰ ਤੋਂ ਹੇਠਾਂ ਤੱਕ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਵਿੱਚ ਪਹਿਲਾਂ ਵਾਰਡ ਚੋਣਾਂ ਹੁੰਦੀਆਂ ਹਨ, ਫਿਰ ਮੰਡਲ ਚੋਣਾਂ, ਫਿਰ ਜ਼ਿਲ੍ਹਾ ਚੋਣਾਂ, ਫਿਰ ਰਾਜ ਚੋਣਾਂ ਹੁੰਦੀਆਂ ਹਨ। ਉਸ ਤੋਂ ਬਾਅਦ, ਰਾਸ਼ਟਰੀ ਚੋਣਾਂ ਹੁੰਦੀਆਂ ਹਨ, ਜਦੋਂ ਕਿ ਹੋਰ ਪਾਰਟੀਆਂ ਵਿੱਚ, ਰਾਸ਼ਟਰੀ ਪ੍ਰਧਾਨ ਨਿਸ਼ਚਿਤ ਹੁੰਦਾ ਹੈ ਕਿਉਂਕਿ ਉਹ ਪਰਿਵਾਰ-ਅਧਾਰਤ ਹਨ। ਇਹ, ਇੱਕ ਤਰ੍ਹਾਂ ਨਾਲ, ਏਜੰਸੀਆਂ ਹਨ ਅਤੇ ਵੰਡਣ ਵਾਲੀਆਂ ਹਨ।

ਰਾਸ਼ਟਰੀ ਕਾਰਜਕਾਰੀ



ਪ੍ਰਧਾਨ ਨਿਤਿਨ ਨਬੀਨ ਦੇ ਕਾਰਜਕਾਲ ਦੀ ਸਫਲਤਾ ਸੰਬੰਧੀ ਇੱਕ ਸਵਾਲ ਦੇ ਜਵਾਬ ਵਿੱਚ, ਸ਼੍ਰੀ ਵਿਜ ਨੇ ਕਿਹਾ ਕਿ ਸ਼੍ਰੀ ਨਿਤਿਨ ਨਬੀਨ ਕੋਲ ਬਹੁਤ ਤਜਰਬਾ ਹੈ ਅਤੇ ਉਹ ਬਿਹਾਰ ਤੋਂ ਕਈ ਵਾਰ ਵਿਧਾਇਕ ਅਤੇ ਮੰਤਰੀ ਰਹਿ ਚੁੱਕੇ ਹਨ, ਅਤੇ ਉਨ੍ਹਾਂ ਨੂੰ ਇੱਕ ਸੰਗਠਨ ਚਲਾਉਣ ਦਾ ਬਹੁਤ ਤਜਰਬਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਿੱਚ, ਇਹ ਵਿਅਕਤੀ ਨਹੀਂ ਬਲਕਿ ਟੀਮ ਮਾਇਨੇ ਰੱਖਦੀ ਹੈ। ਸਾਡੇ ਕੋਲ ਸਿਖਲਾਈ ਪ੍ਰਾਪਤ ਅਤੇ ਤਜਰਬੇਕਾਰ ਵਰਕਰਾਂ ਅਤੇ ਅਧਿਕਾਰੀਆਂ ਦਾ ਇੱਕ ਮਜ਼ਬੂਤ ਰੋਸਟਰ ਹੈ।ਇਸ ਲਈ, ਹਰ ਕੋਈ ਵਿਕੇਂਦਰੀਕਰਨ ਰਾਹੀਂ ਮਿਲ ਕੇ ਕੰਮ ਕਰਦਾ ਹੈ, ਅਤੇ ਇਹੀ ਕਾਰਨ ਹੈ ਕਿ ਭਾਜਪਾ ਅੱਜ ਵੱਧ-ਫੁੱਲ ਰਹੀ ਹੈ।

ਪੱਛਮੀ ਬੰਗਾਲ ਵਿੱਚ ਇੱਕ ਬੀਐਲਓ ਦੀ ਹਾਲ ਹੀ ਵਿੱਚ ਹੋਈ ਮੌਤ ਸੰਬੰਧੀ ਇੱਕ ਸਵਾਲ ਦੇ ਜਵਾਬ ਵਿੱਚ, ਵਿਜ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਸਥਿਤੀ ਬਹੁਤ ਚਿੰਤਾਜਨਕ ਹੈ। ਉੱਥੇ ਕਾਨੂੰਨ ਦਾ ਰਾਜ ਨਹੀਂ ਹੈ; ਇਹ ਮਮਤਾ ਬੈਨਰਜੀ ਦਾ ਰਾਜ ਹੈ। ਉਨ੍ਹਾਂ ਦੱਸਿਆ ਕਿ ਬੰਗਾਲ ਵਿੱਚ ਸੰਵਿਧਾਨਕ ਸੰਸਥਾਵਾਂ 'ਤੇ ਹਮਲੇ ਪੂਰੇ ਦੇਸ਼ ਲਈ ਕੋਈ ਗੁਪਤ ਨਹੀਂ ਹਨ, ਅਤੇ ਅਜਿਹੀਆਂ ਗਤੀਵਿਧੀਆਂ ਇਨ੍ਹਾਂ ਲੋਕਾਂ ਨੂੰ ਇੱਕ ਆਜ਼ਾਦ ਅਤੇ ਸੁਤੰਤਰ ਲੋਕਤੰਤਰ ਬਣਾਈ ਰੱਖਣ ਤੋਂ ਰੋਕ ਦੇਣਗੀਆਂ। ਉਨ੍ਹਾਂ ਕਿਹਾ ਕਿ ਬੀਐਲਓ ਦੀ ਮੌਤ ਦੀ ਜਾਂਚ ਜਾਰੀ ਹੈ, ਅਤੇ ਤੱਥ ਇਕੱਠੇ ਕੀਤੇ ਜਾ ਰਹੇ ਹਨ, ਅਤੇ ਜੋ ਵੀ ਤੱਥ ਸਾਹਮਣੇ ਆਉਣਗੇ, ਉਨ੍ਹਾਂ ਨੂੰ ਸਾਂਝਾ ਕੀਤਾ ਜਾਵੇਗਾ। ਕਾਂਗਰਸ ਵੱਲੋਂ ਰਾਜ ਵਿੱਚ ਮਿਊਂਸੀਪਲ ਕਮੇਟੀਆਂ ਬਣਾਉਣ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ, ਵਿਜ ਨੇ ਕਿਹਾ ਕਿ ਕਾਂਗਰਸ ਦੇਸ਼ ਭਰ ਵਿੱਚ ਖਿੰਡੀ ਹੋਈ ਹੈ। ਜਦੋਂ ਵੀ ਉਹ ਮਿਲਦੇ ਹਨ, ਉਹ ਟੁਕੜਿਆਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਉਹ ਅਜਿਹਾ ਕਰਨ ਵਿੱਚ ਅਸਮਰੱਥ ਹੁੰਦੇ ਹਨ, ਅਤੇ ਟੁੱਟੇ ਹੋਏ ਟੁਕੜਿਆਂ ਤੋਂ ਕੁਝ ਵੀ ਨਹੀਂ ਬਣਾਇਆ ਜਾ ਸਕਦਾ।

## ਸੰਪਾਦਕੀ

# ਮੌਤ ਦੇ ਧੂੰਏਂ ਵਿੱਚ ਸਾਹ ਲੈਂਦਾ ਸ਼ਹਿਰ

ਦਿੱਲੀ, ਜੋ ਕਦੇ ਦਿਲਵਾਲਿਆਂ ਦੀ ਦਿੱਲੀ ਸੀ, ਅੱਜ ਮੌਤ ਦੇ ਧੂੰਏਂ ਵਿੱਚ ਸਾਹ ਲੈਂਦਾ ਸ਼ਹਿਰ ਬਣ ਗਈ ਹੈ। 2024 ਦੇ ਅੰਕੜੇ ਚੌਂਕਾਉਣ ਵਾਲੇ ਹਨ – ਸਾਹ ਦੀਆਂ ਬਿਮਾਰੀਆਂ ਨਾਲ 9,000 ਤੋਂ ਵੱਧ ਅਤੇ ਦਿਲ ਦੀਆਂ ਬਿਮਾਰੀਆਂ ਨਾਲ 21,000 ਮੌਤਾਂ। ਇਹ ਸਿਰਫ਼ ਅੰਕੜੇ ਨਹੀਂ ਹਨ । ਇਹ 30,000 ਟੁੱਟੇ ਹੋਏ ਘਰਾਂ, ਬਿਖਰੇ ਸੁਪਨਿਆਂ ਅਤੇ ਅਧੂਰੀਆਂ ਕਹਾਣੀਆਂ ਦੀ ਦਾਸਤਾਨ ਹੈ। ਰੋਜ਼ਾਨਾ 25 ਲੋਕਾਂ ਦੀ ਮੌਤ ਦਾ ਮਤਲਬ ਹੈ ਕਿ ਹਰ ਘੰਟੇ ਇੱਕ ਪਰਿਵਾਰ ਦਾ ਸੰਸਾਰ ਉਜੜ ਰਿਹਾ ਹੈ, ਪਰ ਅਸੀਂ ਬੇਸੁਰਤ ਹਾਂ। ਦਿੱਲੀ ਦੀ ਹਵਾ ਵਿੱਚ ਸਾਹ ਲੈਣਾ ਅੱਜ ਇੱਕ ਸਿਗਰਟ ਪੀਣ ਦੇ ਬਰਾਬਰ ਹੋ ਗਿਆ ਹੈ। ਪਰ ਇਸ ਸਿਗਰਟ ਦਾ ਫੈਸਲਾ ਨਾ ਤਾਂ ਸਾਨੂੰ ਲੈਣਾ ਪੈਂਦਾ ਹੈ ਅਤੇ ਨਾ ਹੀ ਇਸ ਤੋਂ ਬਚਣ ਦਾ ਕੋਈ ਰਸਤਾ ਹੈ। ਪੀ ਐਮ 2.5 ਅਤੇ ਪੀ ਐਮ 10 ਦੇ ਜ਼ਹਿਰੀਲੇ ਕਣ ਸਾਡੇ ਫੇਫੜਿਆਂ ਵਿੱਚ ਘੁਸਪੈਠ ਕਰ ਰਹੇ ਹਨ, ਦਿਲ ਦੀਆਂ ਨਾੜੀਆਂ ਨੂੰ ਬੰਦ ਕਰ ਰਹੇ ਹਨ ਅਤੇ ਸਾਡੀ ਸਿਹਤ ਨੂੰ ਹੌਲੀ-ਹੌਲੀ ਖਾ ਰਹੇ ਹਨ। ਪਰ ਸਰਕਾਰ ਦੀ ਪ੍ਰਾਥਮਿਕਤਾ ਕੀ ਹੈ? ਪ੍ਰਦੂਸ਼ਣ ਨੂੰ ਘਟਾਉਣਾ ਨਹੀਂ, ਸਗੋਂ ਪ੍ਰਦੂਸ਼ਣ ਦੇ ਅੰਕੜਿਆਂ ਨੂੰ ਲੁਕਾਉਣਾ। ਜਦੋਂ ਸ਼ਹਿਰ ਧੁੰਦ ਦੀ ਚਾਦਰ ਓੜ੍ਹਦਾ ਹੈ, ਤਾਂ ਸਰਕਾਰੀ ਮਸ਼ੀਨਰੀ ਅਸਥਾਈ ਉਪਾਵਾਂ ਦੀ ਘੋਸ਼ਣਾ ਕਰ ਦਿੰਦੀ ਹੈ – ਜੋੜ-ਬੇਜੋੜ ਯੋਜਨਾਵਾਂ, ਨਿਰਮਾਣ 'ਤੇ ਰੋਕ, ਸਕੂਲਾਂ ਦੀਆਂ ਛੁੱਟੀਆਂ। ਪਰ ਇਹ ਬੈਂਡ-ਏਡ ਤਰੀਕੇ ਗਹਿਰੇ ਜ਼ਖ਼ਮ ਨੂੰ ਭਰ ਨਹੀਂ ਸਕਦੇ। ਲੰਬੇ ਸਮੇਂ ਦੀ ਰਣਨੀਤੀ ਕਿੱਥੇ ਹੈ? ਜਨਤਕ ਆਵਾਜਾਈ ਸੁਧਾਰ, ਹਰੇ ਖੇਤਰਾਂ ਦਾ ਵਿਸਥਾਰ, ਉਦਯੋਗਿਕ ਕੂੜੇ 'ਤੇ ਕੜਾਈ – ਇਹ ਸਾਰੇ ਮਾਮਲੇ ਫਾਈਲਾਂ ਵਿੱਚ ਦਬੇ ਪਏ ਹਨ। ਪ੍ਰਦੂਸ਼ਣ ਤਾਂ ਹੈ ਹੀ, ਪਰ ਦਿੱਲੀ ਦੀ ਜੀਵਨਸ਼ੈਲੀ ਵੀ ਮਾਰੂ ਹੈ। ਇੱਥੇ ਤੁਰਨ ਲਈ ਥਾਂ ਨਹੀਂ, ਸਾਈਕਲ ਚਲਾਉਣ ਲਈ ਸੁਰੱਖਿਆ ਨਹੀਂ ਅਤੇ ਕਸਰਤ ਕਰਨ ਲਈ ਸਾਫ਼ ਹਵਾ ਨਹੀਂ। ਫੁੱਟਪਾਥ ਜਾਂ ਤਾਂ ਗਾਇਬ ਹਨ ਜਾਂ ਕਾਰਾਂ ਦੀ ਪਾਰਕਿੰਗ ਬਣ ਗਏ ਹਨ। ਸੜਕਾਂ 'ਤੇ ਸਭ ਤੋਂ ਜ਼ਿਆਦਾ ਮੌਤਾਂ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਦੀਆਂ ਹੁੰਦੀਆਂ ਹਨ – ਉਹ ਲੋਕ ਜੋ ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੁੰਦੇ ਹਨ, ਪਰ ਅੰਤ ਵਿੱਚ ਆਪਣੀ ਜਾਨ ਗੁਆ ਬੈਠਦੇ ਹਨ। ਇਹ ਕਿਹੋ ਜਿਹੀ ਵਿਡੰਬਨਾ ਹੈ ਕਿ ਘਰ ਤੋਂ ਨਿਕਲ ਕੇ ਸਿਹਤਮੰਦ ਰਹਿਣ ਦੀ ਕੋਸ਼ਿਸ਼ ਕਰਨਾ ਆਪਣੀ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਹੈ। ਲੋਕ ਘਰਾਂ ਵਿੱਚ ਬੰਦ ਹੋ ਗਏ ਹਨ, ਸਕਰੀਨਾਂ ਦੇ ਸਾਹਮਣੇ ਬੈਠੇ, ਜੰਕ ਫੂਡ ਖਾਂਦੇ, ਸਰੀਰਕ ਗਤੀਵਿਧੀ ਤੋਂ ਕੋਸਾਂ ਦੂਰ। ਨਤੀਜਾ? ਮੋਟਾਪਾ, ਡਾਇਬਿਟੀਜ਼, ਹਾਈਪਰਟੈਂਸ਼ਨ – ਇਹ ਸਾਰੀਆਂ ਬਿਮਾਰੀਆਂ ਦਿਲ ਦੀ ਬਿਮਾਰੀ ਦਾ ਰਸਤਾ ਤਿਆਰ ਕਰਦੀਆਂ ਹਨ। ਕੋਵਿਡ ਨੇ ਦਿੱਲੀ ਦੇ ਸਿਹਤ ਢਾਂਚੇ ਦੀ ਅਸਲੀ ਤਸਵੀਰ ਸਾਡੇ ਸਾਹਮਣੇ ਰੱਖ ਦਿੱਤੀ ਸੀ – ਬਿਸਤਰਿਆਂ ਦੀ ਕਮੀ, ਆਕਸੀਜਨ ਦੀ ਕਮੀ, ਡਾਕਟਰਾਂ ਦੀ ਕਮੀ। ਪਰ ਕੀ ਅਸੀਂ ਕੁਝ ਸਿੱਖਿਆ? ਅੱਜ ਵੀ ਸਿਹਤ ਖਰਚਾ ਜੀਡੀਪੀ ਦਾ ਇੱਕ ਮਾਮੂਲੀ ਹਿੱਸਾ ਹੈ। ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਦੀਆਂ ਕਤਾਰਾਂ ਲੰਬੀਆਂ ਹਨ, ਦਵਾਈਆਂ ਦੀ ਕਮੀ ਹੈ ਅਤੇ ਡਾਕਟਰਾਂ 'ਤੇ ਬੋਝ ਬੇਹਿਸਾਬ ਹੈ। ਜਨਤਕ ਸਿਹਤ ਨੂੰ ਪ੍ਰਾਥਮਿਕਤਾ ਦੇਣ ਦੀ ਬਜਾਏ, ਸਰਕਾਰ ਪ੍ਰਚਾਰ 'ਤੇ ਲੱਖਾਂ ਖਰਚ ਕਰਦੀ ਹੈ। ਰੋਕਥਾਮ ਦੀ ਥਾਂ ਇਲਾਜ 'ਤੇ ਧਿਆਨ ਹੈ ਅਤੇ ਇਲਾਜ ਵੀ ਸਿਰਫ਼ ਉਨ੍ਹਾਂ ਲਈ ਜੋ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਦਾ ਖਰਚਾ ਚੁੱਕ ਸਕਦੇ ਹਨ। ਗਰੀਬ ਅਤੇ ਮੱਧ ਵਰਗ ਦੇ ਲੋਕ ਇਸ ਟੁੱਟੇ ਹੋਏ ਸਿਸਟਮ ਦੇ ਸਭ ਤੋਂ ਵੱਡੇ ਸ਼ਿਕਾਰ ਹਨ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਹ ਮੁੱਦਾ ਚੋਣਾਂ ਵਿੱਚ ਕਿਤੇ ਨਹੀਂ ਦਿਖਾਈ ਦਿੰਦਾ। ਨਾ ਤਾਂ ਸੱਤਾਧਾਰੀ ਪਾਰਟੀਆਂ ਅਤੇ ਨਾ ਹੀ ਵਿਰੋਧੀ ਧਿਰ ਸਿਹਤ ਨੂੰ ਗੰਭੀਰਤਾ ਨਾਲ ਲੈਂਦੇ ਹਨ। ਮੁਫਤ ਬਿਜਲੀ, ਮੁਫਤ ਪਾਣੀ ਦੀਆਂ ਘੋਸ਼ਣਾਵਾਂ ਹੁੰਦੀਆਂ ਹਨ, ਪਰ ਮੁਫਤ ਅਤੇ ਚੰਗੀ ਸਿਹਤ ਸੇਵਾਵਾਂ ਦੀ ਗੱਲ ਨਹੀਂ ਹੁੰਦੀ। ਜੰਗੀ ਭਾਸ਼ਣ ਹੁੰਦੇ ਹਨ, ਪਰ ਮੌਤ ਦਰ ਘਟਾਉਣ ਦੀ ਰਣਨੀਤੀ ਨਹੀਂ ਹੁੰਦੀ। ਦਿੱਲੀ ਦਾ ਦਿਲ ਸੱਚਮੁੱਚ ਟੁੱਟ ਰਿਹਾ ਹੈ –ਸ਼ਾਬਦਿਕ ਅਤੇ ਭਾਵਨਾਤਮਕ ਦੋਵੇਂ ਤਰੀਕਿਆਂ ਨਾਲ। ਰੋਜ਼ਾਨਾ 25 ਮੌਤਾਂ ਸਿਰਫ਼ ਅੰਕੜੇ ਨਹੀਂ ਹਨ – ਇਹ 25 ਪਰਿਵਾਰਾਂ ਦੀ ਤਬਾਹੀ ਹੈ, 25 ਸੁਪਨਿਆਂ ਦਾ ਅੰਤ ਹੈ, 25 ਕਹਾਣੀਆਂ ਦਾ ਅਧੂਰਾ ਰਹਿ ਜਾਣਾ ਹੈ ਅਤੇ ਅਸੀਂ ਬੇਖਬਰ ਬੈਠੇ ਹਾਂ, ਇਹ ਸੋਚਦੇ ਹੋਏ ਕਿ ਇਹ ਤ੍ਰਾਸਦੀ ਸਾਡੇ ਘਰ ਨਹੀਂ ਆਵੇਗੀ। ਸਵਾਲ ਸਿਰਫ਼ ਇੱਕ ਹੈ: ਕਿਸਨੂੰ ਪਰਵਾਹ ਹੈ ? ਜਦ ਤੱਕ ਅਸੀਂ, ਆਮ ਨਾਗਰਿਕ, ਇਸ ਮੁੱਦੇ ਨੂੰ ਅਵਾਜ਼ ਨਹੀਂ ਦੇਵਾਂਗੇ, ਸਰਕਾਰਾਂ ਨੂੰ ਜਵਾਬਦੇਹ ਨਹੀਂ ਬਣਾਵਾਂਗੇ, ਦਿੱਲੀ ਇਸੇ ਤਰ੍ਹਾਂ ਮੌਤ ਦੇ ਧੂੰਏਂ ਵਿੱਚ ਸਾਹ ਲੈਂਦੀ ਰਹੇਗੀ।

-ਜਗਜੀਤ ਸਿੰਘ ਦਰਦੀ

# 2027 ਵਿੱਚ ਕੋਈ ਵੀ ਪਾਰਟੀ ਪੰਜਾਬ ਵਿੱਚ ਦਲਿਤ ਵੋਟ ਤੋਂ ਬਿਨਾਂ ਸਰਕਾਰ ਨਹੀਂ ਬਣਾ ਸਕਦੀ

## ਪੰਜਾਬ ਵਿੱਚ ਦਲਿਤ ਰਾਜਨੀਤੀ ਦਾ ਪ੍ਰਭਾਵ ਬਹੁਤ ਡੂੰਘਾ ਅਤੇ ਨਿਰਣਾਇਕ ਹੈ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਇਹ ਸੀਟਾਂ ਅਕਸਰ ਨਿਰਣਾਇਕ ਸਾਬਤ ਹੁੰਦੀਆਂ ਹਨ ਕਿਉਂਕਿ ਦਲਿਤ ਵੋਟ ਇੱਥੇ ਇੱਕਜੁੱਟ ਹੋ ਸਕਦੀ ਹੈ। ਬਿਨਾਂ ਦਲਿਤ ਸਮਰਥਨ ਤੋਂ ਕੋਈ ਵੀ ਪਾਰਟੀ ਬਹੁਮਤ ਨਹੀਂ ਬਣਾ ਸਕਦੀ।ਕਾਂਗਰਸ ਅੰਦਰ ਵਰਤਮਾਨ ਵਿਵਾਦ ਅਤੇ ਚਰਨਜੀਤ ਸਿੰਘ ਚੰਨੀ ਦਾ ਮੁੱਦਾ (ਜਨਵਰੀ 2026 ਅਪਡੇਟ) ਕਾਂਗਰਸ ਲੰਬੇ ਸਮੇਂ ਤੋਂ ਦਲਿਤ ਵੋਟ ਬੈਂਕ 'ਤੇ ਨਿਰਭਰ ਰਹੀ ਹੈ, ਖਾਸ ਕਰਕੇ ਦੁਆਬੇ ਵਿੱਚ। ਪਰ ਜਨਵਰੀ 2026 ਵਿੱਚ ਪਾਰਟੀ ਅੰਦਰ ਗੰਭੀਰ ਜਾਤੀ ਵਿਵਾਦ ਖੜ੍ਹਾ ਹੋ ਗਿਆ ਹੈ। ਚਰਨਜੀਤ ਸਿੰਘ ਚੰਨੀ (ਪਹਿਲੇ ਦਲਿਤ ਮੁੱਖ ਮੰਤਰੀ, ਹੁਣ ਲੋਕ ਸਭਾ ਮੈਂਬਰ) ਨੇ ਪਾਰਟੀ ਦੀ ਅੰਦਰੂਨੀ ਮੀਟਿੰਗ ਵਿੱਚ ਜੱਟ ਸਿੱਖਾਂ ਦੇ ਪ੍ਰਭਾਵ ਨੂੰ ਚੁਣੌਤੀ ਦਿੱਤੀ ਅਤੇ ਦਲਿਤ ਨੇਤਾਵਾਂ ਨੂੰ ਵੱਧ ਨੁਮਾਇੰਦਗੀ (ਪ੍ਰੋਪੋਰਸ਼ਨਲ) ਦੀ ਮੰਗ ਕੀਤੀ।ਹੁਣ ਉਨ੍ਹਾਂ ਨੇ ਕਿਹਾ ਕਿ ਦਲਿਤ ਨੇਤਾ ਸਭ ਕੰਮ ਕਰਦੇ ਹਨ ਪਰ ਅਹੁਦੇ ਨਹੀਂ ਮਿਲਦੇ।ਇਸ ਨਾਲ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਟਕਰਾਅ ਵਧ ਗਿਆ । ਵੜਿੰਗ ਨੇ ਕਿਹਾ ਕਿ ਕਾਂਗਰਸ ਜਾਤੀ ਅਧਾਰਤ ਫੈਸਲੇ ਨਹੀਂ ਲੈਂਦੀ ਅਤੇ ਚੰਨੀ ਨੂੰ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ।**

ਪੰਜਾਬ ਵਿੱਚ ਦਲਿਤ ਬਹੁ ਸੰਖਿਆ ਇਕ ਨਿਰਣਾਇਕ ਵੋਟ ਬੈਂਕ ਹੈ ਪੰਜਾਬ ਵਿੱਚ ਕੋਈ ਵੀ ਰਾਜਨੀਤਿਕ ਪਾਰਟੀ ਦਲਿਤ ਸਮਾਜ ਤੋਂ ਬਿਨਾਂ ਆਪਣੀ ਸਰਕਾਰ ਨਹੀਂ ਬਣਾ ਸਕਦੀ । ਇਹ ਹੁਣ ਸਪੱਸ਼ਟ ਹੋ ਗਿਆ ਹੈ ।

ਇਹ ਰਾਜ ਭਾਰਤ ਵਿੱਚ ਉਹ ਇੱਕਲਾ ਸੂਬਾ ਹੈ, ਜਿੱਥੇ Scheduled Castes (SCs) ਜਾਂ ਦਲਿਤਾਂ ਦੀ ਆਬਾਦੀ ਦਾ ਅਨੁਪਾਤ ਸਭ ਤੋਂ ਵੱਧ ਹੈ। 2011 ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ ਦਲਿਤ ਆਬਾਦੀ 31.94% ਸੀ (ਲਗਭਗ 88.60 ਲੱਖ ਲੋਕ), ਜੋ ਅੱਜ ਵੀ ਲਗਭਗ ਇਸੇ ਪੱਧਰ 'ਤੇ ਮੰਨੀ ਜਾਂਦੀ ਹੈ ਕਿਉਂਕਿ ਅਗਲੀ ਜਨਗਣਨਾ (ਅਸਲ ਵਿੱਚ 2021 ਵਿੱਚ ਹੋਣੀ ਸੀ) ਅਜੇ ਤੱਕ ਪੂਰੀ ਨਹੀਂ ਹੋਈ ਅਤੇ ਅੰਦਾਜ਼ਨ 2027 ਵਿੱਚ ਹੋਵੇਗੀ। ਇਹ ਅਨੁਪਾਤ ਹੋਰ ਰਾਜਾਂ ਨਾਲੋਂ ਕਾਫ਼ੀ ਵੱਧ ਹੈ (ਰਾਸ਼ਟਰੀ ਔਸਤ 16.6% ਤੋਂ ਵੱਧ)।

ਪੰਜਾਬ ਦੇ ਦੁਆਬਾ ਖੇਤਰ (ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ) ਵਿੱਚ ਇਹ ਅਨੁਪਾਤ 40% ਤੋਂ ਵੱਧ ਹੈ, ਅਤੇ ਕੁਝ ਜ਼ਿਲ੍ਹਿਆਂ/ਪਿੰਡਾਂ ਵਿੱਚ 45-50% ਜਾਂ ਇਸ ਤੋਂ ਵੀ ਵੱਧ (ਜਿਵੇਂ ਕਿ ਕੁਝ ਪਿੰਡਾਂ ਵਿੱਚ 65% ਤੱਕ)। ਇਹ ਖੇਤਰ NRI ਬੈਲਟ ਵਜੋਂ ਜਾਣਿਆ ਜਾਂਦਾ ਹੈ, ਜਿੱਥੇ ਵਿਦੇਸ਼ਾਂ ਵਿੱਚ ਵੱਸੇ ਪੰਜਾਬੀਆਂ (ਖਾਸ ਕਰਕੇ ਦਲਿਤ ਭਾਈਚਾਰੇ ਤੋਂ) ਦੀ ਵੱਡੀ ਗਿਣਤੀ ਹੈ, ਜੋ ਆਰਥਿਕ ਤੌਰ 'ਤੇ ਮਜ਼ਬੂਤ, ਸਿੱਖਿਆ ਪ੍ਰਾਪਤ ਅਤੇ ਸਿਆਸੀ ਤੌਰ 'ਤੇ ਜਾਗਰੂਕ ਹਨ। ਇਸ ਖੇਤਰ ਵਿੱਚ 23 ਵਿਧਾਨ ਸਭਾ ਸੀਟਾਂ ਵਿੱਚੋਂ ਬਹੁਤ ਸਾਰੀਆਂ SC ਰਾਖਵੀਆਂ ਹਨ ।

ਅੱਜ ਦਲਿਤ ਆਬਾਦੀ ਦੇ ਮੁੱਖ ਸਮੂਹ ਅਤੇ ਵੰਡ ਪੰਜਾਬ ਵਿੱਚ ਦਲਿਤਾਂ ਦੇ ਪ੍ਰਮੁੱਖ ਸਮੂਹ ਹਨ:ਮਜ਼ਹਬੀ ਸਿੱਖ (ਲਗਭਗ 31-35% ਦਲਿਤ ਆਬਾਦੀ ਦਾ) — ਜ਼ਿਆਦਾਤਰ ਮਾਲਵੇ ਅਤੇ ਮਾਝੇ ਵਿੱਚ, ਖੇਤ ਮਜ਼ਦੂਰ ਵਜੋਂ।

ਰਵਿਦਾਸੀਆ/ਰਾਮਦਾਸੀਆ (ਲਗਭਗ 26-30%) —ਦੁਆਬੇ ਵਿੱਚ ਸਭ ਤੋਂ ਮਜ਼ਬੂਤ, NRI ਅਤੇ ਵਪਾਰ ਨਾਲ ਜੁੜੇ।ਹੋਰ ਜਿਵੇਂ ਆਦ-ਧਰਮੀ, ਵਾਲਮੀਕੀ, ਰੈਗੜ ਆਦਿ ।

ਦੁਆਬੇ ਵਿੱਚ ਰਵਿਦਾਸੀਆ ਭਾਈਚਾਰਾ ਬਹੁਤ ਪ੍ਰਭਾਵਸ਼ਾਲੀ ਹੈ, ਜੋ ਆਪਣੀ ਵੱਖਰੀ ਪਛਾਣ (ਰਵਿਦਾਸੀਆ ਧਰਮ) ਨੂੰ ਮਜ਼ਬੂਤ ਕਰ ਰਿਹਾ ਹੈ। ਇਸ ਖੇਤਰ ਵਿੱਚ ਡੇਰਾ ਸਚਖੰਡ ਬੱਲਾਂ ਵਰਗੇ ਡੇਰੇ ਧਾਰਮਿਕ ਅਤੇ ਸਿਆਸੀ ਤੌਰ 'ਤੇ ਬਹੁਤ ਤਾਕਤਵਰ ਹਨ। ਇਹ ਡੇਰਾ ਰਵਿਦਾਸੀਆ ਭਾਈਚਾਰੇ ਦਾ ਮੁੱਖ ਕੇਂਦਰ ਹੈ ਅਤੇ ਲੱਖਾਂ ਭਗਤਾਂ ਨੂੰ ਪ੍ਰਭਾਵਿਤ ਕਰਦਾ ਹੈ। ਰਾਜਨੀਤਿਕ ਆਗੂ (ਚੰਨੀ, ਰਾਹੁਲ, ਕੇਜਰੀਵਾਲ ਆਦਿ) ਇੱਥੇ ਨਿਯਮਤ ਜਾਂਦੇ ਹਨ ਅਤੇ ਗ੍ਰਾਂਟਾਂ/ਵਾਅਦੇ ਕਰਦੇ ਹਨ।

ਅੱਜ ਇਸ ਡੇਰੇ ਨੂੰ ਅਕਸਰ ਦਲਿਤ ਵੋਟ ਬੈਂਕ ਨੂੰ ਪ੍ਰਭਾਵਿਤ ਕਰਨ ਵਾਲਾ ਮੰਨਿਆ ਜਾਂਦਾ ਹੈ।ਵਿਧਾਨ ਸਭਾ ਵਿੱਚ SC ਰਾਖਵੀਆਂ ਸੀਟਾਂ ਅਤੇ ਦੁਆਬੇ ਦੀ ਭੂਮਿਕਾ ਪੰਜਾਬ ਵਿੱਚ ਕੁੱਲ 117 ਵਿਧਾਨ ਸਭਾ ਸੀਟਾਂ ਵਿੱਚੋਂ CD SC ਰਾਖਵੀਆਂ ਹਨ। ਦੁਆਬੇ ਵਿੱਚ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਹਨ, ਜਿਵੇਂ:ਜਲੰਧਰ ਵੈਸਟ, ਕਰਤਾਰਪੁਰ, ਫਿਲੌਰ, ਆਦਮਪੁਰ (ਜਲੰਧਰ ਲੋਕ ਸਭਾ ਖੇਤਰ)।ਛੱਬੇਵਾਲ, ਸ਼ਾਮ ਚੌਰਾਸੀ, ਫਗਵਾੜਾ (ਹੁਸ਼ਿਆਰਪੁਰ ਲੋਕ ਸਭਾ ਖੇਤਰ)।ਬੰਗਾ (ਐਸਬੀਐਸ ਨਗਰ) ਆਦਿ।

ਇਹ ਸੀਟਾਂ ਅਕਸਰ ਨਿਰਣਾਇਕ ਸਾਬਤ ਹੁੰਦੀਆਂ ਹਨ ਕਿਉਂਕਿ ਦਲਿਤ ਵੋਟ ਇੱਥੇ ਇੱਕਜੁੱਟ ਹੋ ਸਕਦੀ ਹੈ। ਬਿਨਾਂ ਦਲਿਤ ਸਮਰਥਨ ਤੋਂ ਕੋਈ ਵੀ ਪਾਰਟੀ ਬਹੁਮਤ ਨਹੀਂ ਬਣਾ ਸਕਦੀ । ਕਾਂਗਰਸ ਅੰਦਰ ਵਰਤਮਾਨ ਵਿਵਾਦ ਅਤੇ ਚਰਨਜੀਤ ਸਿੰਘ ਚੰਨੀ ਦਾ ਮੁੱਦਾ (ਜਨਵਰੀ 2026 ਅਪਡੇਟ) ਕਾਂਗਰਸ ਲੰਬੇ ਸਮੇਂ ਤੋਂ ਦਲਿਤ ਵੋਟ ਬੈਂਕ 'ਤੇ ਨਿਰਭਰ ਰਹੀ ਹੈ, ਖਾਸ ਕਰਕੇ ਦੁਆਬੇ ਵਿੱਚ । ਪਰ ਜਨਵਰੀ 2026 ਵਿੱਚ ਪਾਰਟੀ ਅੰਦਰ ਗੰਭੀਰ ਜਾਤੀ ਵਿਵਾਦ ਖੜ੍ਹਾ ਹੋ ਗਿਆ ਹੈ। ਚਰਨਜੀਤ ਸਿੰਘ ਚੰਨੀ (ਪਹਿਲੇ ਦਲਿਤ ਮੁੱਖ ਮੰਤਰੀ, ਹੁਣ ਲੋਕ ਸਭਾ ਮੈਂਬਰ) ਨੇ ਪਾਰਟੀ ਦੀ ਅੰਦਰੂਨੀ ਮੀਟਿੰਗ ਵਿੱਚ ਜੱਟ ਸਿੱਖਾਂ ਦੇ ਪ੍ਰਭਾਵ ਨੂੰ ਚੁਣੌਤੀ ਦਿੱਤੀ ਅਤੇ ਦਲਿਤ ਨੇਤਾਵਾਂ ਨੂੰ ਵੱਧ ਨੁਮਾਇੰਦਗੀ (ਪ੍ਰੋਪੋਰਸ਼ਨਲ) ਦੀ ਮੰਗ ਕੀਤੀ।

ਹੁਣ ਉਨ੍ਹਾਂ ਨੇ ਕਿਹਾ ਕਿ ਦਲਿਤ ਨੇਤਾ ਸਭ ਕੰਮ ਕਰਦੇ ਹਨ ਪਰ ਅਹੁਦੇ ਨਹੀਂ ਮਿਲਦੇ।ਇਸ ਨਾਲ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਟਕਰਾਅ ਵਧ ਗਿਆ। ਵੜਿੰਗ ਨੇ ਕਿਹਾ ਕਿ ਕਾਂਗਰਸ ਜਾਤੀ ਅਧਾਰਤ ਫੈਸਲੇ ਨਹੀਂ ਲੈਂਦੀ ਅਤੇ ਚੰਨੀ ਨੂੰ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਚੰਨੀ ਨੇ ਬਾਅਦ ਵਿੱਚ ਸਪੱਸ਼ਟੀਕਰਨ ਦਿੱਤਾ ਕਿ ਉਹ ਸਮਾਜਿਕ ਨਿਆਂ ਲਈ ਬੋਲਦੇ ਹਨ, ਕਿਸੇ ਜਾਤੀ ਵਿਰੋਧੀ ਨਹੀਂ। ਪਰ ਇਹ ਵਿਵਾਦ ਪਾਰਟੀ ਨੂੰ ਕਮਜ਼ੋਰ ਕਰ ਰਿਹਾ ਹੈ ਅਤੇ ਦਲਿਤ ਵੋਟ ਟੁੱਟਣ ਦਾ ਖਤਰਾ ਵਧਾ ਰਿਹਾ ਹੈ। 2022 ਵਿੱਚ ਚੰਨੀ ਦੀ ਮੁੱਖ ਮੰਤਰੀ ਵਜੋਂ ਨਿਯੁਕਤੀ ਨੇ ਵੀ ਵੱਡਾ ਅਸਰ ਨਹੀਂ ਪਾਇਆ ਸੀ (ਉਹ ਦੋਵੇਂ ਸੀਟਾਂ ਹਾਰ ਗਏ ਸਨ)।

ਅੱਜ ਡਾ. ਸੁਖੀ ਬੰਗਾ ਦਾ ਕੇਸ ਅਤੇ ਹੋਰ ਵਿਕਾਸ ਨਾਲ ਡਾ. ਸੁਖਵਿੰਦਰ ਕੁਮਾਰ ਸੁਖੀ (ਬੰਗਾ ਤੋਂ MLA) ਨੇ ਜਨਵਰੀ 2026 ਵਿੱਚ ਵੱਡਾ ਫੈਸਲਾ ਲਿਆ। ਉਹ 2022 ਵਿੱਚ SAD ਤੋਂ ਜਿੱਤੇ ਸਨ, 2024 ਵਿੱਚ AAP ਵਿੱਚ ਸ਼ਾਮਲ ਹੋਏ ਅਤੇ CONWARE ਕਾਰਪੋਰੇਸ਼ਨ ਦੇ ਚੇਅਰਮੈਨ ਬਣੇ। ਪਰ ਜਨਵਰੀ 2026 ਵਿੱਚ ਰਾਜਾ ਸਾਹਿਬ ਅਸਥਾਨ (ਬੰਗਾ ਵਿੱਚ ਗੁਰਦੁਆਰਾ) ਵਿੱਚ ਮਿਸਿੰਗ ਸਰੂਪਾਂ ਵਿਵਾਦ ਕਾਰਨ CM ਭਗਵੰਤ ਮਾਨ ਦੇ ਬਿਆਨ ਤੋਂ ਨਾਰਾਜ਼ ਹੋ ਕੇ ਚੇਅਰਮੈਨ ਪਦ ਤੋਂ ਅਸਤੀਫਾ ਦੇ ਦਿੱਤਾ। ਇਹ ਵਿਕਾਸ ਦਲਿਤ ਭਾਈਚਾਰੇ ਵਿੱਚ ਅਸਥਿਰਤਾ ਅਤੇ ਧਾਰਮਿਕ ਭਾਵਨਾਵਾਂ ਦੀ ਤਾਕਤ ਨੂੰ ਦਰਸਾਉਂਦਾ ਹੈ।

ਅੱਜ ਡਾ. ਸੁਖੀ ਵਰਗੇ ਨੇਤਾ (ਡਾਕਟਰ ਅਤੇ ਜਾਗਰੂਕ) ਦਲਿਤ ਰਾਜਨੀਤੀ ਵਿੱਚ ਨਵੀਂ ਊਰਜਾ ਲਿਆ ਸਕਦੇ ਹਨ । ਆਉਣ ਵਾਲੇ ਸਮੇਂ (2027 ਵਿਧਾਨ ਸਭਾ ਚੋਣਾਂ) ਵਿੱਚ ਦਲਿਤ ਰਾਜਨੀਤੀ ਦਾ ਪ੍ਰਭਾਵ ਮਨੋਵਿਗਿਆਨਕ ਪੱਖੋਂ ਦਲਿਤ ਭਾਈਚਾਰਾ ਹੁਣ ਵੱਧ ਜਾਗਰੂਕ ਹੈ। ਉਹ ਪੁਰਾਣੇ ਵਾਅਦਿਆਂ 'ਤੇ ਨਹੀਂ, ਸਗੋਂ ਆਪਣੀ ਨੁਮਾਇੰਦਗੀ, ਸਨਮਾਨ ਅਤੇ ਵਿਕਾਸ 'ਤੇ ਵੋਟ ਕਰਦਾ ਹੈ। ਵੋਟ ਇੱਕਜੁੱਟ ਨਹੀਂ—ਜਾਤੀਆਂ (ਮਜ਼ਹਬੀ vs ਰਵਿਦਾਸੀਆ), ਧਰਮ ਅਤੇ ਪਾਰਟੀਆਂ ਵਿੱਚ ਵੰਡੀ ਹੋਈ ਹੈ।ਕਾਂਗਰਸ — ਇਤਿਹਾਸਕ ਮਜ਼ਬੂਤੀ ਪਰ ਵਰਤਮਾਨ ਵਿਵਾਦ ਨੇ ਨੁਕਸਾਨ ਕੀਤਾ ਹੈ ।

ਅੱਜ ਆਪ— ਦਲਿਤ ਆਗੂਆਂ ਨੂੰ ਸ਼ਾਮਲ ਕਰ ਰਹੀ ਹੈ ਪਰ ਵਿਵਾਦਾਂ (ਜਿਵੇਂ ਸਰੂਪ ਮਾਮਲਾ) ਨੇ ਭਰੋਸਾ ਘਟਾਇਆ।

BJP/SAD — ਡੇਰਿਆਂ ਨਾਲ ਸੰਪਰਕ ਵਧਾ ਰਹੇ ਹਨ (ਜਿਵੇਂ ਮੋਦੀ ਦੀ ਬੱਲਾਂ ਵਾਲੀ ਮੁਲਾਕਾਤ)। ਹੁਣ ਡੇਰੇ — ਬੱਲਾਂ ਵਰਗੇ ਡੇਰੇ ਵੋਟ ਨੂੰ ਸਿੱਧੇ ਪ੍ਰਭਾਵਿਤ ਕਰ ਸਕਦੇ ਹਨ।

ਅੱਜ ਪੰਜਾਬ ਵਿੱਚ ਜੇ ਵੋਟ ਟੁੱਟੀ ਤਾਂ ਕੋਈ ਵੀ ਬਹੁਮਤ ਨਹੀਂ ਬਣਾ ਸਕੇਗਾ। ਦੁਆਬੇ ਦੀ ਦਲਿਤ ਤਾਕਤ ਅਤੇ ਡੇਰਿਆਂ ਦੀ ਪ੍ਰਵਾਨਗੀ ਬਿਨਾਂ ਪੰਜਾਬ ਵਿੱਚ ਸਰਕਾਰ ਬਣਨਾ ਮੁਸ਼ਕਲ ਹੈ । ਆਉਣ ਵਾਲੇ ਦਿਨਾਂ ਵਿੱਚ ਦਲਿਤ ਰਾਜਨੀਤੀ ਪੰਜਾਬ ਵਿੱਚ ਸੱਤਾ ਦਾ ਅਸਲ ਖਿਡਾਰੀ ਤਾਕਤ ਬਣੇਗੀ — ਇਹ ਤੱਥ ਅਤੇ ਮਨੋਵਿਗਿਆਨਕ ਹਕੀਕਤ ਹੈ।

# ਕਾਂਗਰਸ ਆਪਣੇ ਬੁਣੇ ਜਾਲ ਵਿੱਚ ਫਸੀ

ਕਮਲਜੀਤ ਸਿੰਘ ਬਨਵੈਤ
98147 34035



- ☛ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਦੇ ਬਿਆਨ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਤੜਿੰਗ ਹੋਏ
- ☛ਅਮਰਿੰਦਰ ਸਿੰਘ ਵੜਿੰਗ ਤੇ ਚੰਨੀ ਸਿਆਸੀ ਤੌਰ 'ਤੇ ਆਹਮੋ-ਸਾਹਮਣੇ, ਦੂਜੇ ਨੇਤਾ ਪਰਦੇ ਪਿੱਛੇ ਹੋਏ
- ☛ ਚੰਡੀਗੜ੍ਹ ਵਿੱਚ ਐਸ ਸੀ ਮੋਰਚੇ ਦੇ ਭਰਵੇਂ ਇਕੱਠ ਵਿੱਚ ਚੰਨੀ ਨੇ ਕੱਢ ਲਿਆ ਗੁੱਭ-ਗੁਲਾਟ
- ☛ ਕਾਂਗਰਸ ਪੰਜਾਬ ਦਾ ਭਵਿੱਖ ਆਪਣੇ ਹੱਥ ਵਿੱਚ ਹੋਣ ਦਾ ਦਿਲ ਵਿੱਚ ਪਾਲ ਰਹੀ ਹੈ ਭਰਮ

ਪੰਜਾਬ ਕਾਂਗਰਸ ਦੀ ਉਲਝੀ ਤਾਣੀ ਸੁਲਝ ਨਹੀਂ ਰਹੀ ਹੈ। ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਤੋਂ ਲੈ ਕੇ ਰਾਹੁਲ ਗਾਂਧੀ ਤੱਕ ਸਭ ਨੇ ਪੰਜਾਬ ਕਾਂਗਰਸ ਦੇ ਲੀਡਰਾਂ ਨੂੰ ਸਮਝਾ ਬੁਝਾ ਕੇ ਦੇਖ ਲਿਆ ਹੈ ਪਰ ਇਹ ਆਪਣੇ ਬੁਣੇ ਜਾਲ ਵਿੱਚ ਹੋਰ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਨ। ਪੰਜਾਬ ਦੀ ਕਾਂਗਰਸ ਪੂਰੀ ਤਰ੍ਹਾਂ ਦੋ ਗਰੁੱਪਾਂ ਵਿੱਚ ਵੰਡੀ ਜਾ ਚੁੱਕੀ ਹੈ। ਦੋਹਾਂ ਧਿਰਾਂ ਵਿੱਚ ਖਿੱਚੀ ਲਕੀਰ ਮਿਟਣ ਦੀ ਥਾਂ ਹੋਰ ਗੂੜ੍ਹੀ ਹੁੰਦੀ ਜਾ ਰਹੀ ਹੈ। ਪੰਜਾਬ ਕਾਂਗਰਸ ਦੇ ਦੋਵੇਂ ਧੜਿਆਂ ਦੇ ਲੀਡਰ ਉੱਪਰਲੇ ਮਨੋਂ ਇਕੱਠੇ ਹੋਣ ਦਾ ਹੋਕਾ ਦੇ ਰਹੇ ਹਨ ਪਰ ਅੰਦਰੋਂ ਅੰਦਰੀਂ ਸਾਰੇ ਇੱਕ ਦੂਜੇ ਨੂੰ ਠਿੱਬੀ ਲਾਉਣ ਦਾ ਮੌਕਾ ਨਹੀਂ ਜਾਣ ਦਿੰਦੇ ਹਨ। ਹੁਣ ਜਦੋਂ ਲੜਾਈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਵਿੱਚ ਆਹਮੋ ਸਾਹਮਣੇ ਦੀ ਹੋ ਗਈ ਹੈ ਤਾਂ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਦੀ ਭੂਮਿਕਾ ਨੇ ਚਰਨਜੀਤ ਸਿੰਘ ਚੰਨੀ ਨੂੰ ਇੱਕ ਤਰ੍ਹਾਂ ਨਾਲ ਹੋਰ ਚਿੜਾ ਦਿੱਤਾ।

ਭੁਪੇਸ਼ ਬਘੇਲ ਦੀ ਪਿਛਲੇ ਦਿਨੀਂ ਕੀਤੀ ਟਿੱਪਣੀ ਚੰਨੀ ਦੀ ਸਿੱਧੀ ਹਿੱਕ ਵਿੱਚ ਜਾ ਵੱਜੀ ਹੈ। ਉਹ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਕਾਂਗਰਸ ਪਿਛਲੀ ਵਾਰ ਭਾਵ 2022 ਦੀਆਂ ਵਿਧਾਨ ਸਭਾ ਚੋਣਾਂ ਵਾਲੀ ਗ਼ਲਤੀ ਨਹੀਂ ਕਰੇਗੀ। ਅਗਲੀਆਂ 2027 ਦੀਆਂ ਚੋਣਾਂ ਮੁੱਖ ਮੰਤਰੀ ਦਾ ਚਿਹਰਾ ਅੱਗੇ ਕੀਤੇ ਤੋਂ ਬਿਨਾਂ ਲੜੀਆਂ ਜਾਣਗੀਆਂ। ਉਹਨਾਂ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਜਾਤ ਪਾਤ ਦੀ ਰਾਜਨੀਤੀ ਨਹੀਂ ਚੱਲਦੀ ਹੈ। ਤੁਹਾਡੇ ਸਭ ਦੇ ਚੇਤਿਆਂ ਵਿੱਚੋਂ ਹਾਲੇ ਵਿਸਰਿਆ ਨਹੀਂ ਹੋਣਾ ਕਿ 2022 ਦੀਆਂ ਚੋਣਾਂ ਵੇਲੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੇ ਉਸ ਵੇਲੇ ਦੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਹਾਜ਼ਰੀ ਵਿੱਚ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਉਭਾਰਿਆ ਸੀ। ਉਸ ਤੋਂ ਪਹਿਲਾਂ ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਕੀਤਾ ਗਿਆ ਸੀ ਤਦ ਵੀ ਸੁਨੀਲ ਜਾਖੜ ਨੂੰ ਅੱਖੋਂ ਪਰੋਖੇ ਕਰਕੇ ਗੁਣਾਂ ਚਰਨਜੀਤ ਸਿੰਘ ਚੰਨੀ 'ਤੇ ਪਿਆ ਸੀ। ਸੁਨੀਲ ਜਾਖੜ ਦੀ ਨਾਰਾਜ਼ਗੀ ਇੰਨੀ ਵੱਧ ਗਈ ਕਿ ਉਨ੍ਹਾਂ ਨੇ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲਿਆ ਸੀ। ਉਸ ਵੇਲੇ ਕੁਝ ਸਮਝ ਲਈ ਤਾਂ ਸੁਖਜਿੰਦਰ ਸਿੰਘ ਰੰਧਾਵਾ ਦੇ ਨਾਂ ਦੀ ਵੀ ਚਰਚਾ ਚੱਲ ਪਈ ਸੀ ਅਤੇ ਉਹਨਾਂ ਦੇ ਘਰੇ ਲੋਕ ਫੁੱਲਾਂ ਦੇ ਗੁਲਦਸਤੇ ਲੈ ਕੇ ਵੀ ਪਹੁੰਚ ਗਏ ਸਨ ਪਰ ਬਾਅਦ ਵਿੱਚ ਉਹਨਾਂ ਨੂੰ ਡਿਪਟੀ ਮੁੱਖ ਮੰਤਰੀ ਬਣਾ ਕੇ ਪਤਿਆਉਣਾ ਪਿਆ ਸੀ। ਭੁਪੇਸ਼ ਬਘੇਲ ਦੇ ਬਿਆਨ ਦਾ ਕੀ ਇਹ ਸਿੱਧਾ ਮਤਲਬ ਮੰਨ ਲਿਆ ਜਾਵੇ ਕਿ ਚੰਨੀ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨਾ ਕਾਂਗਰਸ ਦੀ ਗ਼ਲਤੀ ਸੀ, ਜਿਹੜੀ ਕਿ ਮੁੜ ਨਹੀਂ ਦੁਹਰਾਈ ਜਾਵੇਗੀ।

ਇੱਥੇ ਪਿਛਲੇ ਦਿਨੀਂ ਗੁਰੂ ਹਰ ਸਹਾਏ ਵਿਖੇ ਹੋਈ ਰੈਲੀ ਦਾ ਦਾ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ। ਇਹ ਉਹ ਪਹਿਲੀ ਰੈਲੀ ਸੀ, ਜਿਸ ਵਿੱਚ ਚਰਨਜੀਤ ਸਿੰਘ ਚੰਨੀ ਨੇ ਸ਼ਮੂਲੀਅਤ ਕੀਤੀ ਸੀ। ਚਰਨਜੀਤ ਸਿੰਘ ਚੰਨੀ ਜਦੋਂ ਰੈਲੀ ਵਿੱਚ ਪੁੱਜੇ ਤਾਂ ਉਸ ਵੇਲੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਭਾਸ਼ਣ ਦੇ ਰਹੇ ਸਨ। ਇਕੱਠ ਵੱਲੋਂ ਚਰਨਜੀਤ ਸਿੰਘ ਚੰਨੀ ਦਾ ਸਵਾਗਤ ਅਸਮਾਨ ਗੂੰਜਦੇ ਨਾਅਰਿਆਂ ਨਾਲ ਕੀਤਾ ਗਿਆ, ਇਸ ਕਰਕੇ ਬਾਜਵਾ ਨੂੰ ਆਪਣਾ ਭਾਸ਼ਣ ਰੋਕਣਾ ਪਿਆ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਚਰਨਜੀਤ ਸਿੰਘ ਚੰਨੀ ਇਸ ਵੇਲੇ ਐਸਸੀ ਭਾਈਚਾਰੇ ਦੇ ਲੀਡਰ ਵਜੋਂ ਨਹੀਂ ਸਗੋਂ ਪੰਜਾਬ ਦੇ ਕਾਂਗਰਸੀ ਲੀਡਰ ਵਜੋਂ ਉਭਰੇ ਹਨ। ਜਾਣਕਾਰੀ ਤਾਂ ਇਹ ਵੀ ਮਿਲੀ ਹੈ ਕਿ ਪੰਜਾਬ ਦੇ 30 ਜੱਟ ਵਿਧਾਇਕਾਂ, ਸਾਬਕਾ ਵਿਧਾਇਕਾਂ ਵੱਲੋਂ ਕਾਂਗਰਸ ਦੀ ਹਾਈਕਮਾਨ ਨੂੰ ਇੱਕ ਪੱਤਰ ਭੇਜਿਆ ਗਿਆ ਹੈ, ਜਿਸ ਵਿੱਚ ਪੰਜਾਬ ਦੀ ਕਮਾਨ ਚਰਨਜੀਤ ਸਿੰਘ ਚੰਨੀ ਹੱਥ ਸੌਂਪਣ ਦੀ ਮੰਗ ਕੀਤੀ ਗਈ ਹੈ।

ਬੀਤੇ ਕੱਲ ਕਾਂਗਰਸ ਵੱਲੋਂ ਚੰਡੀਗੜ੍ਹ ਵਿੱਚ ਪਾਰਟੀ ਦੇ ਐਸਸੀ ਮੋਰਚੇ ਦੀ ਇੱਕ ਮੀਟਿੰਗ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਮੋਰਚੇ ਦੇ ਕੌਮੀ ਪ੍ਰਧਾਨ ਨੇ ਵੀ ਸ਼ਿਰਕਤ ਕੀਤੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਦਾ ਹਾਜ਼ਰ ਰਹਿਣਾ ਵੀ ਬਣਦਾ ਸੀ। ਪਤਾ ਲੱਗਾ ਹੈ ਕਿ ਮੀਟਿੰਗ ਤੋਂ ਪਹਿਲਾਂ ਚਰਨਜੀਤ ਸਿੰਘ ਚੰਨੀ ਨੇ ਵੜਿੰਗ ਅਤੇ ਮੋਰਚੇ ਦੇ ਕੌਮੀ ਪ੍ਰਧਾਨ ਗੌਤਮ ਨੂੰ ਇੱਕ ਬੰਦ ਕਮਰੇ ਵਿੱਚ ਬਿਠਾ ਕੇ ਭੁਪੇਸ਼ ਬਘੇਲ ਵਜੋਂ ਮੁੱਖ ਮੰਤਰੀ ਦੇ ਚਿਹਰੇ ਬਾਰੇ ਦਿੱਤਾ ਬਿਆਨ ਵਾਪਸ ਲੈਣ ਲਈ ਜ਼ੋਰ ਪਾਇਆ। ਪਰ ਇਸ ਦੇ ਉਲਟ ਪ੍ਰੈਸ ਕਾਨਫਰੰਸ ਵਿੱਚ ਇਸ ਬਾਰੇ ਇੱਕ ਵੀ ਸ਼ਬਦ ਮੈਂ ਬੋਲਿਆ ਤਾਂ ਚੰਨੀ ਦੀ ਨਰਾਜ਼ਗੀ ਹੋਰ ਵੱਧ ਗਈ।

ਪ੍ਰੈਸ ਕਾਨਫਰੰਸ ਤੋਂ ਬਾਅਦ ਐਸਸੀ ਮੋਰਚੇ ਦੀ ਪੰਜਾਬ ਕਾਂਗਰਸ ਭਵਨ ਵਿੱਚ ਹੀ ਇੱਕ ਮੀਟਿੰਗ ਰੱਖੀ ਗਈ ਸੀ, ਜਿੱਥੇ ਚੰਨੀ ਆਪਣਾ ਪੂਰਾ ਗੁੱਭ ਗੁਲਾਟ ਕੱਢ ਗਏ। ਉਹਨਾਂ ਨੇ ਜਲਦੀ ਜਾਣ ਦਾ ਹਵਾਲਾ ਦੇ ਕੇ ਸਭ ਤੋਂ ਪਹਿਲਾਂ ਬੋਲਣ ਦੀ ਆਗਿਆ ਲੈ ਲਈ। ਫਿਰ ਉਹਨਾਂ ਨੇ ਕਾਂਗਰਸ ਵੱਲੋਂ ਐਸਸੀ ਵਰਗ ਨੂੰ ਅੱਖੋਂ ਪਰੋਖੇ ਕਰਨ ਦੀ ਪੂਰੀ ਤਰ੍ਹਾਂ ਭੜਾਸ ਕੱਢੀ। ਜਦੋਂ ਚਰਨਜੀਤ ਸਿੰਘ ਚੰਨੀ ਬੋਲ ਰਹੇ ਸਨ ਤਾਂ ਉਹਨਾਂ ਦੇ ਹੱਕ ਵਿੱਚ ਲਗਾਤਾਰ ਨਾਅਰੇ ਲੱਗਦੇ ਰਹੇ। ਉਹਨਾਂ ਨੇ ਇਹ ਕਿਹਾ ਕਿ ਪੰਜਾਬ ਵਿੱਚ ਨਾ ਤਾਂ ਵਿਰੋਧੀ ਧਿਰ ਦਾ ਨੇਤਾ ਅਤੇ ਨਾ ਹੀ ਪੰਜਾਬ ਕਾਂਗਰਸ ਦਾ ਪ੍ਰਧਾਨ ਰਾਖਵੇਂ ਵਰਗ ਵਿੱਚੋਂ ਹੈ। ਪਰ ਇਸ ਮੌਕੇ ਸ਼ਾਇਦ ਉਹ ਭੁੱਲ ਗਏ ਕਿ ਉਹਨਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਵਜੋਂ ਕੰਮ ਕਰਨ ਦਾ ਮੌਕਾ ਰਾਖਵੇਂ ਵਰਗ ਕਰਕੇ ਹੀ ਮਿਲਿਆ ਸੀ। ਚੰਨੀ ਤੋਂ ਬਾਅਦ ਮੋਰਚੇ ਦੇ ਕੌਮੀ ਪ੍ਰਧਾਨ ਗੌਤਮ ਸਮੇਤ ਕਈਆਂ ਨੇ ਪੋਚਾ ਪਾਉਣ ਦੀ ਵਾਹ ਤਾਂ ਲਾਈ ਪਰ ਇਕੱਠ ਵਿੱਚ ਸ਼ਾਮਿਲ ਲੋਕ ਭਖੇ ਬੈਠੇ ਸਨ।

ਗੁਰੂ ਹਰ ਸਹਾਏ ਦੀ ਰੈਲੀ ਦੀ ਗੱਲ ਕਰੀਏ ਤਾਂ ਸਟੇਜ 'ਤੇ ਇਕੱਠੇ ਦਿਖਾਉਣ ਵਾਲੇ ਨੇਤਾ ਸ਼ਾਮ ਨੂੰ ਇੱਕੋ ਸ਼ਹਿਰ ਵਿੱਚ ਖਿੰਡਰੇ ਖਿੰਡਰੀ ਬੈਠੇ ਸਨ। ਇਸ ਤੋਂ ਪਹਿਲਾਂ ਜਦੋਂ ਪੰਜਾਬ ਕੈਬਨਿਟ ਦੀ ਮੀਟਿੰਗ ਸ੍ਰੀ ਅਨੰਦਪੁਰ ਸਾਹਿਬ ਵਿਖੇ ਰੱਖੀ ਗਈ ਸੀ ਤਦ ਵੀ ਇੱਕ ਧੜਾ ਵਰਿੰਦਰ ਢਿੱਲੋਂ ਦੇ ਘਰ ਚਾਹ ਦੀਆਂ ਚੁਸਕੀਆਂ ਲੈ ਰਿਹਾ ਸੀ ਅਤੇ ਦੂਜੀ ਧਿਰ ਸਾਬਕਾ ਸਪੀਕਰ ਕੇਪੀ ਰਾਣਾ ਦੇ ਘਰੇ ਨਾਸ਼ਤਾ ਕਰ ਰਹੀ ਸੀ।

ਅਸਲ ਵਿੱਚ ਮੁੱਖ ਮੰਤਰੀ ਲਈ ਦੌੜ ਤਾਂ ਪ੍ਰਤਾਪ ਸਿੰਘ ਬਾਜਵਾ, ਪ੍ਰਗਟ ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਰਾਣਾ ਗੁਰਜੀਤ ਸਿੰਘ, ਅਮਰਿੰਦਰ ਸਿੰਘ ਵੜਿੰਗ ਅਤੇ ਚੰਨੀ ਵਿੱਚ ਚੱਲ ਰਹੀ ਹੈ। ਇਹਨਾਂ ਵਿੱਚੋਂ ਕਈ ਦੰਦਾਂ ਥੱਲੇ ਜੀਭ ਦੇਈ ਬੈਠੇ ਹਨ। ਦੂਜਿਆਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਮੁੱਖ ਮੰਤਰੀ ਦੀ ਦੌੜ ਵਿੱਚ ਨਹੀਂ ਹਨ। ਅਮਰਿੰਦਰ ਸਿੰਘ ਵੜਿੰਗ ਚੰਨੀ ਉੱਤੇ ਤੰਜ਼ ਇਹ ਕਹਿ ਕੇ ਕੱਸਦੇ ਹਨ ਕਿ ਕਾਂਗਰਸ ਕਦੇ ਵੀ ਦਾਅਵਾ ਕਰਨ ਵਾਲੇ ਨੂੰ ਮੁੱਖ ਮੰਤਰੀ ਨਹੀਂ ਬਣਾਉਂਦੀ। ਇਸ ਨਾਲ ਉਹ ਆਪਣੇ ਉੱਤੇ ਵੀ ਗੁਣਾਂ ਪਾਉਂਦੇ ਲੱਗਦੇ ਹਨ ਕਿਉਂਕਿ ਪਿਛਲੇ ਕੁਝ ਸਮੇਂ ਤੋਂ ਉਹਨਾਂ ਨੇ ਇਹ ਦਾਅਵਾ ਕਰਨਾ ਬੰਦ ਕਰ ਦਿੱਤਾ ਹੈ। ਸੁਖਜਿੰਦਰ ਸਿੰਘ ਰੰਧਾਵਾ ਵੀ ਇਹੋ ਰਾਗ ਅਲਾਪਣ ਲੱਗੇ ਹਨ ਜਦੋਂ ਕਿ ਬਾਜਵਾ ਨੇ ਹਾਲ ਦੀ ਘੜੀ ਆਪਣੇ ਆਪ ਨੂੰ ਪਿੱਛੇ ਕਰ ਲਿਆ ਹੈ।

ਪੰਜਾਬ ਕਾਂਗਰਸ ਪਿਛਲੇ ਦੋ ਤਿੰਨ ਸਾਲਾਂ ਤੋਂ ਇਹ ਦਾਅਵਾ ਕਰਦੀ ਆ ਰਹੀ ਹੈ ਕਿ 2027 ਵਿੱਚ ਸਰਕਾਰ ਉਹਨਾਂ ਦੀ ਬਣੇਗੀ। ਪਰ ਕਾਂਗਰਸ ਦੇ ਹਾਲਾਤ ਦੇਖ ਕੇ ਲੱਗਦਾ ਹੈ ਕਿ ਲੋਕ ਤਾਂ ਭਾਵੇਂ ਤਿਆਰ ਸਨ ਪਰ ਕਾਂਗਰਸੀਆਂ ਦੀ ਆਪਸੀ ਲੜਾਈ ਕਰਕੇ ਮੌਕਾ ਹੱਥੋਂ ਤਿਲਕਦਾ ਲੱਗਣ ਲੱਗਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੋਵੇਂ ਆਪੋ ਆਪਣੇ ਥਾਈਂ ਪੰਜਾਬ ਦੇ ਭਵਿੱਖ ਨੂੰ ਆਪਣੀ ਮੁੱਠੀ ਵਿੱਚ ਮੰਨਣ ਲੱਗੇ ਹਨ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਲਈ ਹਾਲੇ ਦਿੱਲੀ ਦੂਰ ਹੈ। ਪੰਜਾਬ ਕਿਸੇ ਵੀ ਪਾਰਟੀ ਦੇ ਏਜੰਡੇ 'ਤੇ ਨਹੀਂ ਹੈ। ਹਾਲੇ ਤੱਕ ਨਾ ਹੀ ਕਿਸੇ ਵੀ ਪਾਰਟੀ ਨੂੰ ਪੰਜਾਬ ਦੀ ਚਿੰਤਾ ਲੱਗਦੀ ਹੈ। ਕੋਈ ਵਿਜ਼ਨ ਨਹੀਂ। ਪੰਜਾਬ ਭੁੱਲ ਕੇ ਇੱਕ ਮੋੜ 'ਤੇ ਆ ਖੜ੍ਹਾ ਹੈ ਪਰ ਕੋਈ ਲੰਮੀ ਸੀਟੀ ਮਾਰਨ, ਨਜ਼ਰ ਨਹੀਂ ਆ ਰਿਹਾ ਹੈ।



ਵਿਨਾਇਕ ਪਾਈ

## ਵੱਡੇ ਪੈਮਾਨੇ 'ਤੇ ਉਸਾਰੀ, ਨਿਸ਼ਚਿਤਤਾ ਨਾਲ ਕਾਰਜ ਪੂਰਨਤਾ

# ਏਕੀਕ੍ਰਿਤ ਪ੍ਰਸ਼ਾਸਨ ਕਿਵੇਂ ਭਾਰਤ ਦੇ ਬੁਨਿਆਦੀ ਢਾਂਚੇ ਦੇ ਦ੍ਰਿਸ਼ ਨੂੰ ਨਵਾਂ ਰੂਪ ਦੇ ਰਿਹੈ

**ਇੱਕ ਹੋਰ ਮਹੱਤਵਪੂਰਨ ਬਦਲਾਅ, ਬੁਨਿਆਦੀ ਢਾਂਚਾਗਤ ਪ੍ਰੋਜੈਕਟਾਂ ਵਿੱਚ ਸਹਿਕਾਰੀ ਸੰਘਵਾਦ ਨੂੰ ਮਜ਼ਬੂਤ ਕਰਨਾ ਰਿਹਾ ਹੈ। ਕੇਂਦਰ ਅਤੇ ਰਾਜਾਂ ਦਰਮਿਆਨ ਨਿਯਮਿਤ ਅਤੇ ਵੱਖ-ਵੱਖ ਪੱਧਰਾਂ 'ਤੇ ਸੰਵਾਦ ਨੇ ਲਾਗੂ ਕਰਨ ਦੇ ਮਾਹੌਲ ਨੂੰ ਬਦਲ ਦਿੱਤਾ ਹੈ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਪ੍ਰੋਜੈਕਟਾਂ ਲਈ ਜੋ ਕਈ ਖੇਤਰਾਂ ਵਿੱਚ ਫੈਲੇ ਹੁੰਦੇ ਹਨ। ਇਹ ਮਾਡਲ ਸੰਵਿਧਾਨਿਕ ਭੂਮਿਕਾਵਾਂ ਦਾ ਸਨਮਾਨ ਕਰਦਾ ਹੈ ਅਤੇ ਰਾਸ਼ਟਰੀ ਤਰਜੀਹਾਂ ਲਈ ਤਾਲਮੇਲ ਯਕੀਨੀ ਬਣਾਉਂਦਾ ਹੈ। ਰਾਜ ਹੁਣ ਸੈਂਟਰਲ ਸਪਾਂਸਰਡ ਪ੍ਰੋਜੈਕਟਾਂ ਦੇ ਪੈਸਿਵ ਪ੍ਰਾਪਤ ਕਰਤਾ ਨਹੀਂ ਹਨ, ਸਗੋਂ ਯੋਜਨਾ, ਲਾਗੂ ਕਰਨ ਅਤੇ ਨਤੀਜਾ ਪ੍ਰਬੰਧਨ ਵਿੱਚ ਸਰਗਰਮ ਸਾਂਝੇਦਾਰ ਹਨ। ਇਸ ਦਾ ਨਤੀਜਾ ਹੈ- ਤੇਜ਼ ਸਹਿਮਤੀ ਨਿਰਮਾਣ, ਘੱਟ ਕਾਨੂੰਨੀ ਵਿਵਾਦ ਅਤੇ ਜ਼ਮੀਨ 'ਤੇ ਸੁਚਾਰੂ ਲਾਗੂਕਰਨ। ਉਦਯੋਗ ਜਗਤ ਦੇ ਦ੍ਰਿਸ਼ਟੀਕੋਣ ਨਾਲ, ਇਹ ਪੂਰਵ ਅਨੁਮਾਨ ਸਮਰੱਥਾ ਲਾਗੂ ਕਰਨ ਜ਼ੋਖਮ ਨੂੰ ਘੱਟ ਕਰਦੀ ਹੈ। ਨੀਤੀਗਤ ਦ੍ਰਿਸ਼ਟੀਕੋਣ ਨਾਲ, ਇਹ ਭਾਰਤ ਦੀ ਸੰਘੀ ਲਾਗੂ ਕਰਨ ਸਮਰੱਥਾ ਵਿੱਚ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ।**

ਪਿਛਲੇ ਦਹਾਕੇ ਵਿੱਚ, ਭਾਰਤ ਦੇ ਬੁਨਿਆਦੀ ਢਾਂਚੇ ਦੇ ਦ੍ਰਿਸ਼ ਵਿੱਚ ਇੱਕ ਢਾਂਚਾਗਤ ਬਦਲਾਅ ਹੋਇਆ ਹੈ- ਇੱਕ ਅਜਿਹਾ ਬਦਲਾਅ, ਜੋ ਸਿਰਫ਼ ਸੰਪਤੀ ਨਿਰਮਾਣ ਤੱਕ ਸੀਮਿਤ ਨਹੀਂ ਹੈ, ਸਗੋਂ ਪ੍ਰਸ਼ਾਸਨ ਅਤੇ ਸੇਵਾ ਅਦਾਇਗੀ ਦੇ ਢਾਂਚੇ ਤੱਕ ਫੈਲਿਆ ਹੋਇਆ ਹੈ। ਪਿਛਲੇ ਪੜਾਵਾਂ ਦੇ ਮੁਕਾਬਲੇ ਵਿੱਚ ਇਸ ਦੌਰ ਦੀ ਵਿਸ਼ੇਸ਼ਤਾ ਸਿਰਫ ਨਿਵੇਸ਼ ਦੇ ਪੈਮਾਨੇ ਜਾਂ ਲਾਗੂਕਰਨ ਦੀ ਗਤੀ ਨਾਲ ਹੀ ਸਬੰਧਤ ਨਹੀਂ ਹੈ, ਸਗੋਂ ਇਸ ਗੱਲ ਵਿੱਚ ਵੀ ਹੈ ਕਿ ਇੱਕ ਸੁਸੰਗਤ, ਨਤੀਜਾ-ਮੁਖੀ ਪ੍ਰਣਾਲੀ ਉੱਭਰ ਰਹੀ ਹੈ, ਜੋ ਨੀਤੀਗਤ ਉਦੇਸ਼, ਸੰਘੀ ਸਹਿਯੋਗ ਅਤੇ ਜ਼ਮੀਨ 'ਤੇ ਲਾਗੂਕਰਨ ਦੇ ਅਨੁਸਾਰ ਹੈ।

ਅੱਜ, ਭਾਰਤ ਫੈਸਲਾਕੁੰਨ ਤੌਰ 'ਤੇ ਇੱਕ ਪਲੇਟਫਾਰਮ-ਅਧਾਰਿਤ ਪ੍ਰਸ਼ਾਸਨ ਮਾਡਲ ਵੱਲ ਅੱਗੇ ਵੱਧ ਰਿਹਾ ਹੈ- ਇੱਕ ਅਜਿਹਾ ਮਾਡਲ, ਜੋ ਬੁਨਿਆਦੀ ਢਾਂਚੇ ਨੂੰ ਵੱਖ-ਵੱਖ ਪ੍ਰੋਜੈਕਟਾਂ ਦੇ ਸਮੂਹ ਦੀ ਬਜਾਏ ਏਕੀਕ੍ਰਿਤ ਰਾਸ਼ਟਰੀ ਪ੍ਰਣਾਲੀ ਵਜੋਂ ਦੇਖਦਾ ਹੈ।

**ਵੱਖ-ਵੱਖ ਪ੍ਰੋਜੈਕਟਾਂ ਦੀ ਬਜਾਏ, ਪ੍ਰਣਾਲੀ ਦੀ ਸਹਾਇਤਾ ਨਾਲ ਪੈਮਾਨੇ ਦਾ ਵਿਸਥਾਰ**

ਇਸ ਬਦਲਾਅ ਦਾ ਸਪੱਸ਼ਟ ਪ੍ਰਮਾਣ ਹੈ- ਰਾਸ਼ਟਰੀ ਰਾਜਮਾਰਗ ਨੈੱਟਵਰਕ ਦਾ ਵਿਸਥਾਰ ਜੋ ਕਿ 2014 ਦੇ ਲਗਭਗ 91,000 ਕਿਲੋਮੀਟਰ ਤੋਂ ਵੱਧ ਕੇ 2024 ਵਿੱਚ 1.46 ਲੱਖ ਕਿਲੋਮੀਟਰ ਤੋਂ ਵੱਧ ਹੋ ਗਿਆ ਹੈ। ਨਿਰਮਾਣ ਦੀ ਗਤੀ ਵਿੱਚ ਹੋਏ ਵਾਧੇ ਦਾ ਵੀ ਬਰਾਬਰ ਮਹੱਤਵ ਹੈ, ਜੋ ਲਗਭਗ 12 ਕਿਲੋਮੀਟਰ ਪ੍ਰਤੀ ਦਿਨ ਤੋਂ ਵਧ ਕੇ 34 ਕਿਲੋਮੀਟਰ ਪ੍ਰਤੀ ਦਿਨ ਤੋਂ ਜ਼ਿਆਦਾ ਹੋ ਗਈ ਹੈ।

ਇਸ ਰਫ਼ਤਾਰ ਨੂੰ ਹਮੇਸ਼ਾ ਇੱਕ ਤਕਨੀਕੀ ਉਪਲਬਧੀ ਮੰਨਿਆ ਜਾਂਦਾ ਹੈ। ਅਸਲ ਵਿੱਚ, ਇਹ ਪ੍ਰੋਜੈਕਟਾਂ ਦੇ ਵੱਖ-ਵੱਖ ਪਹਿਲੂਆਂ ਦਾ ਸਹਿਜੇ ਹੀ ਤਾਲਮੇਲ ਕਰਨ ਬਾਰੇ ਹੈ। ਇਹ ਇੱਕ ਅਜਿਹੀ ਪ੍ਰਣਾਲੀ ਨੂੰ ਪ੍ਰਤੀਬਿੰਬਤ ਕਰਦਾ ਹੈ, ਜਿੱਥੇ ਰੁਕਾਵਟਾਂ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ ਅਤੇ ਸਮੇਂ 'ਤੇ ਸਮਾਧਾਨ ਕੀਤਾ ਜਾਂਦਾ ਹੈ।

ਜਨਤਕ ਨੀਤੀਆਂ ਦੇ ਦ੍ਰਿਸ਼ਟੀਕੋਣ ਨਾਲ, ਪ੍ਰੋਜੈਕਟਾਂ ਦੇ ਤੇਜ਼ੀ ਨਾਲ ਪੂਰੇ ਹੋਣ ਦਾ ਸਿੱਧਾ ਮਤਲਬ ਹੈ- ਸਮਾਜਿਕ ਅਤੇ ਆਰਥਿਕ ਲਾਭਾਂ ਦੀਆਂ ਜਲਦ ਪ੍ਰਾਪਤੀਆਂ- ਪਿੰਡ, ਬਜ਼ਾਰਾਂ ਨਾਲ ਜੁੜਦੇ ਹਨ, ਸਿਹਤ ਅਤੇ ਸਿੱਖਿਆ ਤੱਕ ਅਸਾਨ ਪਹੁੰਚ ਦੀ ਸੁਵਿਧਾ ਮਿਲਦੀ ਹੈ ਅਤੇ ਆਫ਼ਤ ਰੋਧੀ ਗਤੀਵਿਧੀਆਂ ਅਤੇ ਰਾਸ਼ਟਰੀ ਲਚਕੀਲਾਪਣ ਮਜ਼ਬੂਤ ਹੁੰਦਾ ਹੈ। ਇਹ ਲੌਜਿਸਟਿਕ ਲਾਗਤ ਨੂੰ ਘੱਟ ਕਰਕੇ ਇੰਡਸਟਰੀਅਲ ਵਿਕਾਸ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

**ਜਵਾਬਦੇਹੀ ਨੂੰ ਸੰਸਥਾਗਤ ਰੂਪ ਦੇਣਾ:** ਸਮੀਖਿਆ ਤੋਂ ਸਮਾਧਾਨ ਤੱਕ ਇਸ ਦਹਾਕੇ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਹੈ- ਸਮਾਂਬੱਧ ਜਵਾਬਦੇਹੀ ਨੂੰ ਸੰਸਥਾਗਤ ਰੂਪ ਦੇਣਾ। ਪ੍ਰਗਤੀ (ਸਰਗਰਮ ਸ਼ਾਸਨ ਅਤੇ ਸਮੇਂ 'ਤੇ ਲਾਗੂਕਰਨ) ਦੀ ਸ਼ੁਰੂਆਤ ਨਾਲ ਜਟਿਲ, ਇੰਟਰ-ਮਿਨੀਸਟਰੀਅਲ ਪ੍ਰੋਜੈਕਟਾਂ ਦੇ ਪ੍ਰਬੰਧਨ ਨੂੰ ਇੱਕ ਨਵੀਂ ਦਿਸ਼ਾ ਮਿਲੀ।

**ਇੱਥੇ ਸਭ ਤੋਂ ਮਹੱਤਵਪੂਰਨ ਨੀਤੀ ਸੰਕੇਤ ਸੱਭਿਆਚਾਰਕ ਹੈ:** ਦੇਰੀ ਨੂੰ ਹੁਣ ਸਧਾਰਣ ਨਹੀਂ ਮੰਨਿਆ ਜਾਂਦਾ ਅਤੇ ਜ਼ਿੰਮੇਵਾਰੀ ਸਪੱਸ਼ਟ ਤੌਰ 'ਤੇ ਸੌਂਪੀ ਜਾਂਦੀ ਹੈ। ਇਸ ਦੇ ਨਤੀਜੇ ਵਜੋਂ, ਵੱਡੇ ਅਤੇ ਤਕਨੀਕੀ ਤੌਰ 'ਤੇ ਚੁਣੌਤੀਪੂਰਨ ਪ੍ਰੋਜੈਕਟ- ਜੋ ਕਦੇ ਲੰਬੇ ਸਮੇਂ ਤੱਕ ਸੁਸਤ ਪਏ ਰਹਿੰਦੇ ਸਨ- ਹੁਣ ਪੂਰਵ ਅਨੁਮਾਨ ਅਤੇ ਅਨੁਸ਼ਾਸਨ ਨਾਲ ਤਰੱਕੀ ਕਰ ਰਹੇ ਹਨ।

ਇੱਕ ਹੋਰ ਮਹੱਤਵਪੂਰਨ ਬਦਲਾਅ, ਬੁਨਿਆਦੀ ਢਾਂਚਾਗਤ ਪ੍ਰੋਜੈਕਟਾਂ ਵਿੱਚ ਸਹਿਕਾਰੀ ਸੰਘਵਾਦ ਨੂੰ ਮਜ਼ਬੂਤ ਕਰਨਾ ਰਿਹਾ ਹੈ। ਕੇਂਦਰ ਅਤੇ ਰਾਜਾਂ ਦਰਮਿਆਨ ਨਿਯਮਿਤ ਅਤੇ ਵੱਖ-ਵੱਖ ਪੱਧਰਾਂ 'ਤੇ ਸੰਵਾਦ ਨੇ ਲਾਗੂ ਕਰਨ ਦੇ ਮਾਹੌਲ ਨੂੰ ਬਦਲ ਦਿੱਤਾ ਹੈ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਪ੍ਰੋਜੈਕਟਾਂ ਲਈ ਜੋ ਕਈ ਖੇਤਰਾਂ ਵਿੱਚ ਫੈਲੇ ਹੁੰਦੇ ਹਨ। ਇਹ ਮਾਡਲ ਸੰਵਿਧਾਨਿਕ ਭੂਮਿਕਾਵਾਂ ਦਾ ਸਨਮਾਨ ਕਰਦਾ ਹੈ ਅਤੇ ਰਾਸ਼ਟਰੀ ਤਰਜੀਹਾਂ ਲਈ ਤਾਲਮੇਲ ਯਕੀਨੀ ਬਣਾਉਂਦਾ ਹੈ। ਰਾਜ ਹੁਣ ਸੈਂਟਰਲ ਸਪਾਂਸਰਡ ਪ੍ਰੋਜੈਕਟਾਂ ਦੇ ਪੈਸਿਵ ਪ੍ਰਾਪਤ ਕਰਤਾ ਨਹੀਂ ਹਨ, ਸਗੋਂ ਯੋਜਨਾ, ਲਾਗੂ ਕਰਨ ਅਤੇ ਨਤੀਜਾ ਪ੍ਰਬੰਧਨ ਵਿੱਚ ਸਰਗਰਮ ਸਾਂਝੇਦਾਰ ਹਨ। ਇਸ ਦਾ ਨਤੀਜਾ ਹੈ- ਤੇਜ਼ ਸਹਿਮਤੀ ਨਿਰਮਾਣ, ਘੱਟ ਕਾਨੂੰਨੀ ਵਿਵਾਦ ਅਤੇ ਜ਼ਮੀਨ 'ਤੇ ਸੁਚਾਰੂ ਲਾਗੂਕਰਨ।

ਉਦਯੋਗ ਜਗਤ ਦੇ ਦ੍ਰਿਸ਼ਟੀਕੋਣ ਨਾਲ, ਇਹ ਪੂਰਵ ਅਨੁਮਾਨ ਸਮਰੱਥਾ ਲਾਗੂ ਕਰਨ ਜ਼ੋਖਮ ਨੂੰ ਘੱਟ ਕਰਦੀ ਹੈ। ਨੀਤੀਗਤ ਦ੍ਰਿਸ਼ਟੀਕੋਣ ਨਾਲ, ਇਹ ਭਾਰਤ ਦੀ ਸੰਘੀ ਲਾਗੂ ਕਰਨ ਸਮਰੱਥਾ ਵਿੱਚ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ।

**ਮਲਟੀ-ਮਾਡਲ ਪਲੈਨਿੰਗ:** ਸੰਪਤੀਆਂ ਤੋਂ ਨੈੱਟਵਰਕਾਂ ਤੱਕ ਭਾਰਤ ਦੀ ਬੁਨਿਆਦੀ ਢਾਂਚਾਗਤ ਰਣਨੀਤੀ, ਟਰਾਂਸਪੋਰਟ ਸੰਪਰਕ ਨਾਲ ਮੁਕਾਬਲੇ ਵੱਲ ਵੀ ਵਿਕਸਿਤ ਹੋ ਰਹੀ ਹੈ। ਸੜਕਾਂ ਦੀਆਂ ਯੋਜਨਾਵਾਂ ਹੁਣ ਸਿਰਫ ਆਖਰੀ ਬਿੰਦੂਆਂ ਵਜੋਂ ਨਹੀਂ, ਸਗੋਂ ਵਿਆਪਕ ਲੌਜਿਸਟਿਕਸ ਅਤੇ ਟਰਾਂਸਪੋਰਟ ਈਕੋਸਿਸਟਮ ਵਜੋਂ ਬਣਾਈਆਂ ਜਾ ਰਹੀਆਂ ਹਨ।

ਰਾਜਮਾਰਗਾਂ ਦਾ ਰੇਲਵੇ, ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਸ਼ਹਿਰੀ ਟਰਾਂਸਪੋਰਟ ਨਾਲ ਏਕੀਕਰਣ- ਜਿਸ ਦਾ ਸਮਰਥਨ ਰਾਸ਼ਟਰੀ ਯੋਜਨਾ ਰੂਪ-ਰੇਖਾਵਾਂ, ਜਿਵੇਂ ਗਤੀ ਸ਼ਕਤੀ ਦੁਆਰਾ ਕੀਤਾ ਜਾ ਰਿਹਾ ਹੈ- ਨੇ ਭਾਰਤ ਦੀਆਂ ਲੰਬੇ ਸਮੇਂ ਤੋਂ ਮੌਜੂਦ ਸੰਰਚਨਾਤਮਕ ਚੁਣੌਤੀਆਂ ਵਿੱਚੋਂ ਇੱਕ: ਉੱਚ ਲੌਜਿਸਟਿਕਸ ਲਾਗਤ, ਦਾ ਸਮਾਧਾਨ ਕਰਨਾ ਸ਼ੁਰੂ ਕਰ ਦਿੱਤਾ ਹੈ।

**ਨੀਤੀ ਨਿਰਮਾਤਾਵਾਂ ਲਈ, ਇਹ ਬਦਲਾਅ ਇੱਕ ਮਹੱਤਵਪੂਰਨ ਸਬਕ ਨੂੰ ਦਰਸਾਉਂਦਾ ਹੈ:** ਬੁਨਿਆਦੀ ਢਾਂਚੇ ਦੀ ਕੁਸ਼ਲਤਾ ਸਿਰਫ਼ ਸੰਪਤੀਆਂ ਦੀ ਗੁਣਵੱਤਾ ਨਾਲ ਨਹੀਂ, ਸਗੋਂ ਸੰਪਤੀਆਂ ਦਰਮਿਆਨ ਤਾਲਮੇਲ ਨਾਲ ਨਿਰਧਾਰਿਤ ਹੁੰਦੀ ਹੈ। ਏਕੀਕ੍ਰਿਤ ਯੋਜਨਾ ਦੁਹਰਾਓ ਨੂੰ ਘੱਟ ਕਰਦੀ ਹੈ, ਜਨਤਕ ਪੂੰਜੀ ਦੀ ਜ਼ਿਆਦਾ ਵਰਤੋਂ ਕਰਦੀ ਹੈ ਅਤੇ ਰਾਸ਼ਟਰੀ ਸੰਪਤੀਆਂ ਦੀ ਵਰਤੋਂ ਵਿੱਚ ਸੁਧਾਰ ਕਰਦੀ ਹੈ।

**ਨਿਵੇਸ਼ ਅਤੇ ਉਦਯੋਗ ਜਗਤ ਲਈ ਭਰੋਸੇ ਦਾ ਲਾਭ**

ਸਪੱਸ਼ਟ ਨੀਤੀ, ਤੇਜ਼ ਫੈਸਲਾ ਚੱਕਰ ਅਤੇ ਦਿਖਾਈ ਦੇਣ ਯੋਗ ਲਾਗੂਕਰਨ ਗਤੀ ਨੇ ਨਿਵੇਸ਼ਕਾਂ ਦੀਆਂ ਧਾਰਨਾਵਾਂ ਨੂੰ ਬਦਲ ਦਿੱਤਾ ਹੈ। ਭਾਰਤ ਵਿੱਚ ਬੁਨਿਆਦੀ ਢਾਂਚੇ ਨੂੰ ਇੱਕ ਸਥਿਰ ਅਤੇ ਲੰਬੇ ਸਮੇਂ ਦੇ ਨਿਵੇਸ਼ ਦੀਆਂ ਸੰਭਾਵਨਾਵਾਂ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਨੂੰ ਸੰਸਥਾਗਤ ਨਿਰੰਤਰਤਾ ਅਤੇ ਪ੍ਰਸ਼ਾਸਕੀ ਸੰਕਲਪ ਨਾਲ ਸਮਰਥਨ ਮਿਲ ਰਿਹਾ ਹੈ।

ਈਪੀਸੀ ਉਦਯੋਗ ਲਈ, ਇਹ ਵਾਤਾਵਰਣ ਤਕਨਾਲੋਜੀ, ਮਸ਼ੀਨੀਕਰਣ, ਸੁਰੱਖਿਆ ਪ੍ਰਣਾਲੀਆਂ ਅਤੇ ਹੁਨਰ ਵਿਕਾਸ ਵਿੱਚ ਵੱਡੇ ਨਿਵੇਸ਼ ਕਰਨ ਦੀ ਸੁਵਿਧਾ ਦਿੰਦਾ ਹੈ। ਇਹ ਕੰਪਨੀਆਂ ਨੂੰ ਅਨਿਸ਼ਚਿਤਤਾ ਦਾ ਸਾਹਮਣਾ ਕਰਨ ਦੀ ਬਜਾਏ ਆਤਮ-ਵਿਸ਼ਵਾਸ ਨਾਲ ਵੱਡੇ ਪੈਮਾਨੇ ਦੀਆਂ ਯੋਜਨਾਵਾਂ ਬਣਾਉਣ ਦੀ ਆਗਿਆ ਦਿੰਦਾ ਹੈ।

**ਅਗਲੇ ਪੜਾਅ ਲਈ ਨੀਤੀਗਤ ਤਰਜੀਹਾਂ:** ਭਾਰਤ ਬੁਨਿਆਦੀ ਢਾਂਚੇ ਦੇ ਵਿਸਥਾਰ ਦੇ ਅਗਲੇ ਪੜਾਅ ਵਿੱਚ ਦਾਖਲ ਹੋ ਰਿਹਾ ਹੈ, ਨੀਤੀਗਤ ਧਿਆਨ ਹੁਣ ਮਾਤਰਾ ਦੀ ਬਜਾਏ ਵੈਲਿਊ ਵੱਲ ਹੋਣਾ ਚਾਹੀਦਾ ਹੈ।

**ਪ੍ਰਮੁੱਖ ਤਰਜੀਹਾਂ ਵਿੱਚ ਸ਼ਾਮਲ ਹਨ:**

**ਸ਼ੁਰੂਆਤੀ ਯੋਜਨਾ ਅਤੇ ਗੁਣਵੱਤਾ ਵਾਲੇ ਡੀਪੀਆਰ 'ਤੇ ਵਿਸ਼ੇਸ਼ ਧਿਆਨ**

ਜੀਵਨ ਚੱਕਰ-ਅਧਾਰਿਤ ਪ੍ਰੋਜੈਕਟ ਦਾ ਯੋਜਨਾ ਨਿਰਮਾਣ, ਸ਼ੁਰੂਆਤੀ ਡਿਜ਼ਾਈਨ ਤੋਂ ਸੰਚਾਲਨ ਤੱਕ ਸਥਿਰਤਾ ਅਤੇ ਲਚਕੀਲੇਪਣ ਨੂੰ ਸ਼ਾਮਲ ਕਰਨਾ।

ਫੈਸਲਾ ਸਮਾਂ-ਸੀਮਾ ਨੂੰ ਹੋਰ ਘਟਾਉਣ ਲਈ ਡਿਜੀਟਲ ਪ੍ਰਸ਼ਾਸਨ ਅਤੇ ਡੇਟਾ ਏਕੀਕਰਣ।

ਤਕਨੀਕ ਦੀ ਵਰਤੋਂ ਕਰਕੇ ਲਾਗੂਕਰਨ ਗੁਣਵੱਤਾ ਬਣਾਏ ਰੱਖਣ ਲਈ ਰਾਜ ਅਤੇ ਸਥਾਨਕ ਪੱਧਰ 'ਤੇ ਸਮਰੱਥਾ ਨਿਰਮਾਣ।

ਗਤੀ ਅਤੇ ਵਿੱਤੀ ਸੂਝ-ਬੂਝ ਨੂੰ ਸੰਤੁਲਿਤ ਕਰਨ ਵਾਲੀ ਜ਼ੋਖਮ-ਸਾਂਝਾ ਕਰਨ ਵਿਵਸਥਾ।

**ਸਾਰੇ ਜੀਵਨ ਚੱਕਰਾਂ ਵਿੱਚ ਹੁਨਰ ਵਿਕਾਸ:** ਭਾਰਤ ਦੇ ਬੁਨਿਆਦੀ ਢਾਂਚੇ ਦੇ ਸਫ਼ਰ ਨੂੰ ਹੁਣ ਇਰਾਦੇ ਜਾਂ ਕਾਰਜ ਕੁਸ਼ਲਤਾ ਦੀ ਘਾਟ ਤੋਂ ਰੋਕਿਆ ਨਹੀਂ ਜਾ ਸਕਦਾ ਹੈ। ਅੱਗੇ ਦਾ ਕੰਮ ਇਨ੍ਹਾਂ ਪ੍ਰਣਾਲੀਆਂ ਨੂੰ ਹੋਰ ਡੂੰਘਾ ਕਰਨਾ, ਸੰਸਥਾਗਤ ਨਿਰੰਤਰਤਾ ਦੀ ਰੱਖਿਆ ਕਰਨ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਬੁਨਿਆਦੀ ਢਾਂਚਾ ਸਮਾਵੇਸ਼ੀ, ਪ੍ਰਤੀਯੋਗੀ ਅਤੇ ਮਜ਼ਬੂਤ ਵਿਕਾਸ ਲਈ ਇੱਕ ਨੀਂਹ ਪੱਧਰ ਵਜੋਂ ਕੰਮ ਕਰਦੀ ਰਹੇ।

# ਡਾ. ਰਵਜੋਤ ਸਿੰਘ ਨੇ 67 ਲੋੜਵੰਦ ਪਰਿਵਾਰਾਂ ਨੂੰ ਰਿਹਾਇਸ਼ੀ ਉਸਾਰੀ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ

ਹੁਸ਼ਿਆਰਪੁਰ, 19 ਜਨਵਰੀ (ਦੀਪਕ ਅਗਨੀਹੋਤਰੀ): ਪੰਜਾਬ



ਸਰਕਾਰ ਦੇ ਲੋਕ ਭਲਾਈ ਏਜੰਡੇ ਨੂੰ ਅੱਗੇ ਵਧਾਉਂਦੇ ਹੋਏ ਅੱਜ ਕਸਬਾ ਹਰਿਆਣਾ ਵਿੱਚ 67 ਲੋੜਵੰਦ ਪਰਿਵਾਰਾਂ ਨੂੰ ਉਨ੍ਹਾਂ ਦੇ ਪੱਕੇ ਘਰਾਂ ਦੀ ਉਸਾਰੀ ਲਈ 1 ਕਰੋੜ 67 ਲੱਖ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ। ਇਸ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਲਾਭਪਾਤਰੀਆਂ ਨੂੰ ਸਹਾਇਤਾ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਸਪੱਸ਼ਟ ਉਦੇਸ਼ ਹੈ ਕਿ ਸੂਬੇ ਦਾ ਕੋਈ ਵੀ ਨਾਗਰਿਕ ਛੱਤ ਤੋਂ ਬਿਨਾਂ ਨਾ ਰਹੇ। ਉਨ੍ਹਾਂ ਕਿਹਾ ਕਿ ਹਰੇਕ ਲੋੜਵੰਦ ਪਰਿਵਾਰ ਨੂੰ ਸੁਰੱਖਿਅਤ ਅਤੇ ਸਨਮਾਨਜਨਕ ਰਿਹਾਇਸ਼ ਪ੍ਰਦਾਨ ਕਰਨਾ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇਕ ਹੈ। ਉਨ੍ਹਾਂ ਕਿਹਾ ਕਿ ਇਹ ਸਹਾਇਤਾ ਸਿਰਫ਼ ਵਿੱਤੀ ਸਹਾਇਤਾ ਹੀ ਨਹੀਂ ਹੈ, ਸਗੋਂ ਗਰੀਬ ਤੇ ਵਾਂਝੇ ਵਰਗਾਂ ਦੇ ਜੀਵਨ ਵਿੱਚ ਸਥਿਰਤਾ, ਸੁਰੱਖਿਆ ਅਤੇ ਸਵੈ-ਮਾਣ ਲਿਆਉਣ ਵੱਲ ਇਕ ਮਜ਼ਬੂਤ ਕਦਮ ਵੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਾਰਦਰਸ਼ਤਾ ਅਤੇ ਸੰਵੇਦਨਸ਼ੀਲਤਾ ਨਾਲ ਜ਼ਮੀਨੀ ਪੱਧਰ 'ਤੇ ਲੋਕ ਭਲਾਈ ਸਕੀਮਾਂ ਨੂੰ ਲਾਗੂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਿਹਾਇਸ਼ ਯੋਜਨਾ ਤਹਿਤ ਯੋਗ ਲਾਭਪਾਤਰੀਆਂ ਦੀ ਚੋਣ ਨਿਰਪੱਖਤਾ ਨਾਲ ਕੀਤੀ ਗਈ ਹੈ, ਤਾਂ ਜੋ ਸਿਰਫ਼ ਅਸਲ ਲੋੜਵੰਦਾਂ ਨੂੰ ਹੀ ਲਾਭ ਮਿਲ ਸਕੇ।

ਡਾ. ਰਵਜੋਤ ਸਿੰਘ ਨੇ ਇਹ ਵੀ ਕਿਹਾ ਕਿ ਸਰਕਾਰ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਬੁਨਿਆਦੀ ਸਹੂਲਤਾਂ ਦੇ ਨਾਲ-ਨਾਲ ਰਿਹਾਇਸ਼ ਵਰਗੇ ਮੌਲਿਕ ਅਧਿਕਾਰਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਮਾਣ ਕਾਰਜਾਂ ਨੂੰ ਸਮੇਂ ਸਿਰ ਅਤੇ ਗੁਣਵੱਤਾਪੂਰਨ ਢੰਗ ਨਾਲ ਪੂਰਾ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀ, ਜਨ ਪ੍ਰਤੀਨਿਧੀ ਅਤੇ ਵੱਡੀ ਗਿਣਤੀ ਵਿੱਚ ਲਾਭਪਾਤਰੀ ਪਰਿਵਾਰ ਮੌਜੂਦ ਸਨ, ਜਿਨ੍ਹਾਂ ਨੇ ਸਰਕਾਰ ਦਾ ਧੰਨਵਾਦ ਕੀਤਾ।

# ਕੋਟਪਾ ਐਕਟ 2003 ਤਹਿਤ ਸਿਗਰਟ ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਦੇ ਕੀਤੇ ਚਲਾਨ

ਦਸੂਹਾ 19 ਜਨਵਰੀ (ਰਾਜਿੰਦਰ ਸਿੰਘ ਦਸੂਹਾ )ਸਿਵਲ ਸਰਜਨ ਹੁਸ਼ਿਆਰਪੁਰ ਬਲਵੀਰ ਕੁਮਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਤੇ ਐਸ ਐਮ ਓ ਪੀ ਐਚ ਸੀ ਮੰਡ ਭੰਡੇਰ ਡਾਕਟਰ ਰੋਹਿਤ ਬਰੂਟਾ ਜੀ ਦੀ ਅਗਵਾਈ ਹੇਠ ਦਸੂਹਾ ਸ਼ਹਿਰ ਚ ਟੀਮ ਮੰਡ ਭਡੇਰ ਪੀ ਐਚ ਸੀ ਵੱਲੋਂ ਵੱਖ -ਵੱਖ ਜਗ੍ਹਾ 'ਤੇ ਦੁਕਾਨਦਾਰਾਂ ਤੇ ਆਮ ਲੋਕਾਂ ਨੂੰ ਕੋਟਪਾ ਐਕਟ ਬਾਰੇ ਜਾਣਕਾਰੀ ਦਿੱਤੀ ਅਤੇ ਤੰਬਾਕੂ ਦੀ ਵਰਤੋਂ ਕਾਰਣ ਸਰੀਰ ਅਤੇ ਵਾਤਾਵਰਣ ਵਿੱਚ ਪੈਣ ਵਾਲੇ ਮਾੜੇ ਅਸਰ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਕੋਟਪਾ ਐਕਟ ਦੀ ਉਲੰਘਣਾ ਕਰ ਰਹੇ ਦੁਕਾਨਦਾਰਾਂ ਦੇ ਚਲਾਨ ਵੀ ਕੱਟੇ ਗਏ। ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਨਾਲ ਸਰੀਰ ਅਤੇ ਵਾਤਾਵਰਨ ਉਪਰ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਅਤੇ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਕਾਨੂੰਨ 2003 (ਕੋਟਪਾ 2003) ਬਾਰੇ ਜਾਗਰੂਕ ਕੀਤਾ ਗਿਆ।





ਇਸ ਮੌਕੇ ਹੈਲਥ ਇੰਸਪੈਕਟਰ ਅਸ਼ੋਕ ਕੁਮਾਰ ਨੇ ਦੁਕਾਨਦਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ ਦੱਸਿਆ ਕਿ 2003 ਦੇਸ਼ ਵਿਚ ਕੋਟਪਾ ਕਾਨੂੰਨ ਲਾਗੂ ਕੀਤਾ ਗਿਆ ਸੀ ਜਿਸ ਦੇ ਤਹਿਤ ਸਰਕਾਰੀ ਅਤੇ ਪ੍ਰਾਇਵੇਟ ਸਿੱਖਿਆ ਸੰਸਥਾਨਾਂ ਅਤੇ ਸਰਕਾਰੀ ਸਿਹਤ ਸੰਸਥਾਨਾਂ ਦੇ ਸੌ ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਵੇਚਣ ਦੀ ਮਨਾਹੀ ਕੀਤੀ ਗਈ ਹੈ, ਅਠਾਰਾਂ ਸਾਲ ਦੀ ਉਮਰ ਤੋਂ ਘੱਟ ਉਮਰ ਦੇ ਨਾਗਰਿਕਾਂ ਨੂੰ ਤੰਬਾਕੂ ਦਾ ਕੋਈ ਵੀ ਉਤਪਾਦ ਵੇਚਣਾ ਸਖ਼ਤ ਮਨ੍ਹਾਂ ਹੈ ਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਨਾਲ ਤੰਬਾਕੂ ਉਤਪਾਦਾਂ ਨੂੰ ਰੱਖਣਾ ਅਤੇ ਖਾਣ ਪੀਣ ਵਾਲੀਆਂ ਦੁਕਾਨਾਂ ਉੱਪਰ ਤੰਬਾਕੂ ਵਾਲੇ ਉਤਪਾਦਾਂ ਦੀ ਵਿਕਰੀ ਦੀ ਸਖ਼ਤ ਮਨਾਹੀ ਕੀਤੀ ਗਈ ਹੈ। ਇਸ ਮੌਕੇ ਹੈਲਥ ਇੰਸਪੈਕਟਰ ਰਜੇਸ਼ ਕੁਮਾਰ ਜੀ ਨੇ ਤੰਬਾਕੂ ਦੇ ਦੁਸ਼ਪ੍ਰਭਾਵਾਂ ਬਾਰੇ ਦੱਸਦੇ ਹੋਏ ਕਿਹਾ ਕਿ ਸਿਗਰਟ-ਬੀੜੀ ਪੀਣ ਵਾਲੇ ਅਤੇ ਉਨ੍ਹਾਂ ਦੇ ਪਰਿਵਾਰ ਵਿਚ ਉਨ੍ਹਾਂ ਦੇ ਨਾਲ ਰਹਿਣ ਵਾਲਿਆਂ ਨੂੰ ਫੇਫੜਿਆਂ ਅਤੇ ਸਾਹ ਨਲੀ ਦਾ ਕੈਂਸਰ ਹੋਣ ਦਾ ਸਭ ਤੋਂ ਜ਼ਿਆਦਾ ਖਤਰਾ ਹੁੰਦਾ ਹੈ। ਸਿਗਰਟ ਦਾ ਧੂੰਆਂ ਸਿਗਰਟ ਨਾ ਪੀਣ ਵਾਲਾ ਇਨਸਾਨ ਅਸਿੱਧੇ ਰੂਪ ਵਿਚ ਖਿੱਚਦਾ ਹੈ, ਉਹ ਧੂੰਆਂ ਸਿਗਰਟ ਪੀਣ ਵਾਲੇ ਨੂੰ ਹੋਣ ਵਾਲੇ ਨੁਕਸਾਨ ਤੋਂ ਵੀ ਜ਼ਿਆਦਾ ਨੁਕਸਾਨ ਉਸ ਦੇ ਨਾਲ ਖੜਦੇ ਹੋਏ ਵਿਅਕਤੀ ਨੂੰ ਕਰਦਾ ਹੈ। ਤੰਬਾਕੂ ਦੇ ਹੋਰ ਉਤਪਾਦ ਵੀ ਵੱਖ ਵੱਖ ਤਰ੍ਹਾਂ ਦਾ ਕੈਂਸਰ ਜਿਵੇਂ ਗਲੇ ਦਾ ਕੈਂਸਰ ਕੈਂਸਰ ਆਦਿ ਦਾ ਮੁੱਖ ਕਾਰਨ ਬਣਦੇ ਹਨ। ਇਸ ਮੌਕੇ ਹੈਲਥ ਇੰਸਪੈਕਟਰ ਰਜੇਸ਼ ਕੁਮਾਰ ,ਅਸ਼ੋਕ ਕੁਮਾਰ, ਸਿਹਤ ਕਰਮਚਾਰੀ ਮਨਦੀਪ ਸਿੰਘ ,ਸੁਨੀਲ ਕੁਮਾਰ, ਤਰਨਦੀਪ ਸਿੰਘ ,ਵਿਰਸਾ ਸਿੰਘ ਰਜਿੰਦਰ ਸਿੰਘ ਹੀਰ ਮੌਜੂਦ ਸਨ|

# ਹਲਵਾਈਆਂ ਦੀਆਂ ਦੁਕਾਨਾਂ ਤੇ ਖੜਦੀਆਂ ਬੱਸਾਂ ਕਾਰਨ ਜੀਟੀ ਰੋਡ ਤੇ ਲੱਗਦੈ ਜਾਮ

ਭੋਗਪੁਰ, 19 ਜਨਵਰੀ (ਜੰਡੀਰ ਸੈਣੀ): ਹਲਕਾ ਆਦਮਪੁਰ ਦੇ ਭੋਗਪੁਰ



ਸ਼ਹਿਰ ਵਿੱਚ ਜੀਟੀ ਰੋਡ ਤੇ ਬੱਸਾਂ ਖੜਦੀਆਂ ਹਨ.ਤੇ ਜੀਟੀ ਰੋਡ ਤੇ ਲੰਬੇ ਜਾਮ ਲੱਗ ਜਾਂਦੇ ਹਨ, ਕਿਉਂਕਿ ਜਦ ਤੱਕ ਦੂਸਰੀ ਬੱਸ ਨਹੀਂ ਆ ਜਾਂਦੀ ਤਾਂ ਪਹਿਲਾਂ ਵਾਲੀ ਬੱਸ ਉਥੇ ਖਲੋਤੀ ਰਹਿੰਦੀ ਹੈ. ਲਗਾਤਾਰ ਬੱਸਾਂ ਖਲੋਣ ਕਰਕੇ ਜੀਟੀ ਰੋਡ ਤੇ ਲੰਬੇ ਜਾਮ ਲੱਗ ਰਹੇ ਹਨ, ਇਧਰੋਂ ਆਦਮਪੁਰ ਚੌਂਕ ਅਤੇ ਉਧਰੋਂ ਭੋਗਪੁਰ ਥਾਣੇ ਤੱਕ ਜੀਟੀ ਰੋਡ ਬਲੌਕ ਹੋ ਜਾਂਦਾ ਹੈ, ਤੇ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ.ਭੋਗਪੁਰ ਵਿੱਚ ਨਿਤ ਹਾਦਸੇ ਵਾਪਰ ਰਹੇ ਹਨ।ਭੋਗਪੁਰ ਦੇ ਬੱਸ ਅੱਡੇ ਵਿੱਚ ਟੈਕਸੀਆਂ ਖੜਦੀਆਂ ਹਨ ਤੇ ਬੱਸਾਂ ਜੀਟੀ ਰੋਡ ਤੇ ਹਲਵਾਈ ਦੀ ਦੁਕਾਨ ਤੇ ਖਲੋਂਦੀਆਂ ਹਨ। ਲੋਕਾਂ ਦਾ ਕਹਿਣਾ ਹੈ ਕਿ ਪਹਿਲੇ ਇਹਨਾਂ ਲੋਕਾਂ ਨੇ ਭੋਗਪੁਰ ਵਿੱਚ ਫਲਾਈ ਓਵਰ ਨਹੀਂ ਸੀ ਬਣਨ ਦਿੱਤਾ.ਤੇ ਹੁਣ ਬੱਸ ਅੱਡਾ ਚਾਲੂ ਕਰਨ ਵਿੱਚ ਵੀ ਸ਼ਾਨ ਚ ਫਰਕ ਸਮਝ ਰਹੇ ਹਨ .ਕਿਉਂਕਿ ਕੁਝ ਲੋਕਾਂ ਦਾ ਬੱਸ ਅੱਡਾ ਚਾਲੂ ਕਰਨ ਨੂੰ ਜੋਰ ਲੱਗਾ ਹੈ ਅਤੇ ਕੁਝ ਆਗੂਆਂ ਦਾ ਬੱਸ ਅੱਡੇ ਨੂੰ ਰੋਕਣ ਲਈ ਜੋਰ ਲੱਗਿਆ ਹੋਇਆ.ਹੈ ਕੁਝ ਲੋਕਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਹਲਵਾਈ ਮਠਿਆਈਆਂ ਵੇਚਣ ਦੀ ਖਾਤਰ ਡਰਾਈਵਰਾਂ ਨੂੰ ਚਾਹ ਪਾਣੀ ਦੇ ਕੇ ਬੱਸਾਂ ਆਪਣੀਆਂ ਦੁਕਾਨਾਂ ਕੋਲ ਖੜੀਆਂ ਕਰ ਨੂੰ ਆਖਦੇ ਹਨ. ਤਾਂ ਡਰਾਈਵਰ ਬੱਸ ਅੱਡੇ ਵਿਚ ਬੱਸਾਂ ਨਹੀਂ ਲੈ ਕੇ ਜਾਂਦੇ ਲੋਕਾਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਬੱਸਾਂ ਬੱਸ ਅੱਡੇ ਤੇ ਭੇਜੀਆਂ ਜਾਣ ਤੇ ਭੋਗਪੁਰ ਵਿੱਚ ਹੋ ਰਹੇ ਹਾਦਸਿਆਂ ਨੂੰ ਠੱਲ ਪਾਈ ਜਾ ਸਕੇ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ

ਟਾਂਡਾ ਉੜਮੁੜ, 19 ਜਨਵਰੀ (ਅਰਜੁਨ ਜੈਨ): ਦੁਪਹਿਰ ਦੋ ਦਿਨਾਂ ਦੀ ਨਜ਼ਰਬੰਦੀ ਤੋਂ ਰਿਹਾਅ ਕੀਤੇ ਗਏ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲਾ ਪ੍ਰਧਾਨ



ਪਰਮਜੀਤ ਸਿੰਘ ਭੁੱਲਾ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿਚ ਜਥੇਬੰਦੀ ਦੇ ਮੈਂਬਰਾਂ ਨੇ ਥਾਣਾ ਟਾਂਡਾ ਦੇ ਸਾਹਮਣੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਸੀ. ਐੱਮ. ਭਗਵੰਤ ਮਾਨ ਦਾ ਪੁਤਲਾ ਫੂਕਿਆ| ਇਸ ਮੌਕੇ ਜਥੇਬੰਦੀ ਦੇ ਮੈਂਬਰਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਸਰਕਾਰ ਤੇ ਕਿਸਾਨਾਂ ਕਿਰਤੀਆਂ ਦੇ ਹਿੱਤਾਂ ਦਾ ਘਾਣ ਕਰਨ ਦਾ ਦੋਸ਼ ਲਾਇਆ |ਜ਼ਿਲਾ ਪ੍ਰਧਾਨ ਭੁੱਲਾ ਨੇ ਆਖਿਆ ਕਿ ਸਰਕਾਰ ਬਣਨ ਤੋਂ ਪਹਿਲਾਂ ਸੀ. ਐੱਮ. ਮਾਨ ਸਟੇਜਾਂ ਤੇ ਚੁਟਕਲਿਆਂ ਵਾਲੇ ਭਾਸ਼ਨਾਂ ਵਿਚ ਅਕਸਰ ਕਹਿੰਦੇ ਸਨ ਕਿ ਸਰਕਾਰਾਂ ਨੂੰ ਸਵਾਲ ਕਰੋ | ਜਦੋ ਹੁਣ ਲੋਕ ਸਰਕਾਰ ਨੂੰ ਹੱਕੀ ਮੰਗਾਂ ਨੂੰ ਲੈਕੇ ਸਵਾਲ ਕਰਦੇ ਹਨ ਤਾਂ ਸਰਕਾਰ ਲੋਕਾਂ ਨੂੰ ਜੇਲਾਂ ਵਿਚ ਡੱਕ ਝੂਠੇ ਪਰਚੇ ਕਰਕੇ ਜਬਰ ਕਰ ਰਹੀ ਹੈ | ਜੋ ਲੋਕਤੰਤਰ ਦੇ ਮੂਲ ਅਸੂਲਾਂ 'ਤੇ ਸਿੱਧਾ ਹਮਲਾ ਹੈ ਅਤੇ ਸਰਕਾਰ ਦਬਾਉ ਦੀ ਨੀਤੀ ਅਪਣਾ ਕੇ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ।ਉਨ੍ਹਾਂ ਸੀ ਐੱਮ ਦੀ ਮਜੀਠਾ ਫੇਰੀ ਦੌਰਾਨ ਜਥੇਬੰਦੀ ਦੇ ਆਗੂਆਂ ਦੀ ਫੜੋ ਫੜੀ ਅਤੇ ਸੰਗਰੂਰ ਵਿਚ ਬੀ. ਕੇ. ਯੂ. ਏਕਤਾ ਆਜ਼ਾਦ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਲੌਂਗੋਵਾਲ ਦੀ ਗ੍ਰਿਫਤਾਰੀ ਬੇਹੱਦ ਨਾਦਰਸ਼ਾਹੀ ਵਰਤਾਰਾ ਹੈ | ਉਨ੍ਹਾਂ ਆਖਿਆ ਕਿ ਕਿਸਾਨ ਆਪਣੀਆਂ ਮੰਗਾਂ ਸਬੰਧੀ ਸ਼ਾਂਤਮਈ ਤਰੀਕੇ ਨਾਲ ਸੰਘਰਸ਼ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ 'ਤੇ ਝੂਠੇ ਮਾਮਲੇ ਦਰਜ ਕਰਕੇ ਡਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਐੱਮ.ਐੱਸ.ਪੀ. ਦੀ ਗਾਰੰਟੀ, ਕਰਜ਼ਾ ਮੁਆਫ਼ੀ, ਮਨਰੇਗਾ ਮਜ਼ਦੂਰਾਂ ਦੇ ਹੱਕ ਅਤੇ ਬਿਜਲੀ ਸੋਧ ਐਕਟ ਵਰਗੇ ਮੁੱਦਿਆਂ 'ਤੇ ਸਵਾਲ ਚੁੱਕਣਾ ਕੋਈ ਜੁਰਮ ਨਹੀਂ।ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਅਤੇ ਮਜ਼ਦੂਰ ਵਰਗ ਨਾਲ ਕੀਤੇ ਵਾਅਦਿਆਂ 'ਤੇ ਖਰੀ ਨਹੀਂ ਉਤਰ ਰਹੀ। ਉਨ੍ਹਾਂ ਦੱਸਿਆ ਕਿ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਨੂੰ ਕਾਨੂੰਨੀ ਦਰਜਾ ਨਾ ਮਿਲਣਾ, ਕਿਸਾਨਾਂ ਦਾ ਵਧਦਾ ਕਰਜ਼ਾ, ਡੀਜ਼ਲ, ਬੀਜ ਅਤੇ ਖਾਦਾਂ ਦੀਆਂ ਅਸਮਾਨ ਛੂਹਦੀਆਂ ਕੀਮਤਾਂ ਕਿਸਾਨਾਂ ਦੀ ਕਮਰ ਤੋੜ ਰਹੀਆਂ ਹਨ।ਆਗੂਆਂ ਨੇ ਇਹ ਵੀ ਦੋਸ਼ ਲਗਾਇਆ ਕਿ ਮਨਰੇਗਾ ਮਜ਼ਦੂਰਾਂ ਨੂੰ 200 ਦਿਨਾਂ ਦਾ ਰੋਜ਼ਗਾਰ ਅਤੇ ਵਾਜਬ ਮਜ਼ਦੂਰੀ ਨਹੀਂ ਮਿਲ ਰਹੀ, ਜਦਕਿ ਬਿਜਲੀ ਸੋਧ ਐਕਟ ਦੇ ਨਾਂਅ 'ਤੇ ਕਿਸਾਨਾਂ 'ਤੇ ਹੋਰ ਵਿੱਤੀ ਭਾਰ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲਗਾਤਾਰ ਕਿਸਾਨ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜੋ ਕਿਸਾਨੀ ਨੂੰ ਖਤਮ ਕਰਨ ਵੱਲ ਧੱਕ ਰਹੀਆਂ ਹਨ।ਆਗੂਆਂ ਨੇ ਸਖ਼ਤ ਸ਼ਬਦਾਂ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਿਸਾਨਾਂ 'ਤੇ ਜ਼ੁਲਮ ਬੰਦ ਨਾ ਕੀਤੇ ਗਏ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਕਿਸੇ ਵੀ ਕੀਮਤ 'ਤੇ ਆਪਣੀ ਹੱਕੀ ਲੜਾਈ ਤੋਂ ਪਿੱਛੇ ਨਹੀਂ ਹਟੇਗੀ। ਇਸ ਮੌਕੇ ਕਸ਼ਮੀਰ ਸਿੰਘ ਫੱਤਾ ਕੁੱਲਾ, ਮੋਹਦੀਪ ਸਿੰਘ ਚੌਹਾਨ, ਗੁਰਜੀਤ ਸਿੰਘ ਕੰਗ, ਨਿਸ਼ਾਨ ਸਿੰਘ ਫੌਜੀ ਕਲੋਨੀ, ਗੁਰਸੇਵਕ ਸਿੰਘ ਟਾਹਲੀ, ਜਸਵੀਰ ਸਿੰਘ ਰਿੰਕੂ, ਜਸਵਿੰਦਰ ਸਿੰਘ ਰਾਣੀ ਪਿੰਡ, ਯਾਦਵਿੰਦਰ ਸਿੰਘ ਫੁੱਲ, ਸਤਨਾਮ ਸਿੰਘ ਔਲਖ, ਸਰਵਣ ਸਿੰਘ ਟਾਹਲੀ, ਕਾਲਾ ਸਿੰਘ ਮਿਆਣੀ, ਗੀਤਾਂ ਰਾਣੀ, ਅੱਕੀ ਕੌਰ, ਗਨੇਸ਼ ਦੋਸਾਂਝ, ਬੀਬੀ ਸਵਰਨ ਕੌਰ ਆਦਿ ਮੌਜੂਦ ਸਨ।

# ਡੀ.ਸੀ. ਨੇ ਲਿਆ ਗਣਤੰਤਰ ਦਿਵਸ ਦੀਆਂ ਤਿਆਰੀਆਂ ਦਾ ਜਾਇਜ਼ਾ

ਨਵਾਂਸ਼ਹਿਰ, 19 ਜਨਵਰੀ (ਸੁਖਦੇਵ ਸਿੰਘ ਉੜਾਪੜ): ਆਈ.ਟੀ.ਆਈ. ਨਵਾਂਸ਼ਹਿਰ ਦੀ ਗਰਾਊਂਡ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਬੜੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਅਤੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਮੌਕੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ ਡਾਕਟਰ ਬਲਬੀਰ ਸਿੰਘ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਸਬੰਧੀ ਕੀਤੀਆਂ ਗਈਆਂ ਤਿਆਰੀਆਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।



ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਕਾਰਜਾਂ ਲਈ ਗਠਿਤ ਕਮੇਟੀਆਂ ਨੂੰ ਕੰਮਾਂ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ ਤੇ ਸਮਾਗਮ ਦੌਰਾਨ ਹਰ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਦੀ ਹਦਾਇਤ ਕੀਤੀ।ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਮੌਕੇ ਮਾਰਚ ਪਾਸਟ, ਪੀ.ਟੀ. ਸ਼ੋਅ ਅਤੇ ਦੇਸ਼ ਭਗਤੀ ਨਾਲ ਭਰਪੂਰ ਸਭਿਆਚਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਵੱਖ-ਵੱਖ ਫਲੈਗਸ਼ਿਪ ਪ੍ਰੋਗਰਾਮਾਂ ਅਤੇ ਭਲਾਈ ਯੋਜਨਾਵਾਂ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਝਾਕੀਆਂ ਲਈ ਲੋੜੀਂਦੀ ਤਿਆਰੀ ਨੂੰ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੌਮੀ ਦਿਹਾੜੇ ਨੂੰ ਪੂਰੇ ਉਤਸ਼ਾਹ, ਆਪਸੀ ਮਿਲਵਰਤਨ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇ ਤੇ ਸਾਰੇ ਵਿਭਾਗ ਆਪੋ ਆਪਣੇ ਪੱਧਰ ਉਤੇ ਸਮੁੱਚੇ ਪ੍ਰਬੰਧਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਰਿਹਰਸਲ 21, 22, 23 ਅਤੇ 24 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਹੋਵੇਗੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ, ਮੰਡੀ ਬੋਰਡ, ਸਿਹਤ ਵਿਭਾਗ, ਸਿੱਖਿਆ ਵਿਭਾਗ, ਨਗਰ ਕੌਂਸਲ, ਖੇਡ ਵਿਭਾਗ, ਬਾਗਬਾਨੀ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ।ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਲਬੀਰ ਰਾਜ ਸਿੰਘ, ਸਹਾਇਕ ਕਮਿਸ਼ਨਰ (ਜਨਰਲ) ਜਗਦੀਪ ਸਿੰਘ, ਉਪ ਮੰਡਲ ਮੈਜਿਸਟਰੇਟ ਨਵਾਂਸ਼ਹਿਰ ਅਨਮਜਯੋਤ ਕੌਰ, ਆਰ.ਟੀ.ਏ. ਇੰਦਰਪਾਲ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਪੁਲਿਸ ਦੀ ਸਪੈਸ਼ਲ ਬਰਾਂਚ ਵੱਲੋਂ ਭਗੌੜਾ ਮੁਲਜ਼ਮ ਕਾਬੂ

ਟਾਂਡਾ ਉੜਮੁੜ, 19 ਜਨਵਰੀ (ਅਰਜੁਨ ਜੈਨ): ਪੁਲਿਸ ਦੀ ਸਪੈਸ਼ਲ ਬ੍ਰਾਂਚ ਦੀ ਟੀਮ ਨੇ ਐੱਨ. ਡੀ.ਪੀ.ਐੱਸ ਐਕਟ ਦੇ ਅਧੀਨ ਨਾਮਜ਼ਦ ਭਗੌੜਾ ਕਰਾਰ ਮੁਲਜਮ ਨੂੰ ਗ੍ਰਿਫਤਾਰ ਕਰਕੇ ਟਾਂਡਾ ਪੁਲਸ ਦੇ ਹਵਾਲੇ ਕੀਤਾ ਹੈ।ਐੱਸ. ਐੱਸ. ਪੀ. ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਇੰਚਾਰਜ ਸਪੈਸ਼ਲ ਬ੍ਰਾਂਚ ਇੰਸਪੈਕਟਰ ਜਸਕੰਵਲ ਸਿੰਘ ਸਹੋਤਾ ਦੀ ਦੇਖਰੇਖ ਵਿਚ ਭਗੌੜਿਆਂ ਨੂੰ ਕਾਬੂ ਕਰਨ ਦੀ ਵਿੱਢੀ ਮੁਹਿੰਮ ਤਹਿਤ ਏ.ਐੱਸ. ਆਈ. ਜਸਪਾਲ ਸਿੰਘ, ਤਰਲੋਚਨ ਸਿੰਘ, ਸੁਰਿੰਦਰ ਸਿੰਘ ਅਤੇ ਅਮਰਜੀਤ ਸਿੰਘ ਦੀ ਟੀਮ ਵੱਲੋਂ ਗ੍ਰਿਫਤਾਰ ਕੀਤੇ ਗਏ ਭਗੌੜਾ ਕਰਾਰ ਮੁਲਜ਼ਮ ਦੀ ਪਛਾਣ ਹਰਮਨਦੀਪ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਜਲਾਲਾਬਾਦ (ਖੰਡੂਰ ਸਾਹਿਬ) ਤਰਨਤਾਰਨ ਦੇ ਰੂਪ ਵਿਚ ਹੋਈ ਹੈ। ਜਿਸ ਦੇ ਖਿਲਾਫ 2021 ਵਰੇ ਵਿਚ ਐੱਨ. ਡੀ.ਪੀ.ਐੱਸ. ਐਕਟ ਦੇ ਅਧੀਨ ਪੁਲਸ ਸਟੇਸ਼ਨ ਟਾਂਡਾ ਵਿਚ ਮਾਮਲਾ ਦਰਜ ਹੋਇਆ ਸੀ। ਇਸ ਮੁਲਜ਼ਮ ਨੂੰ ਅਡੀਸ਼ਨਲ ਸੈਸ਼ਨ ਜੱਜ ਹੁਸ਼ਿਆਰਪੁਰ ਜਸਵਿੰਦਰ ਸ਼ੀਮਾਰ ਦੀ ਅਦਾਲਤ ਵੱਲੋਂ 9 ਜਨਵਰੀ 2024 ਨੂੰ ਭਗੌੜਾ ਕਰਾਰ ਦਿੱਤਾ ਹੋਇਆ ਸੀ। ਟਾਂਡਾ ਪੁਲਸ ਵੱਲੋਂ ਹੁਣ ਗ੍ਰਿਫਤਾਰੀ ਤੋਂ ਬਾਅਦ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਪ੍ਰੈਸ ਸੰਘਰਸ਼ ਜਰਨਲਿਸਟ ਐਸੋ. ਦੇ ਪ੍ਰਧਾਨ ਦੀ ਅਗਵਾਈ ਹੇਠ ਹੋਈ ਅਹਿਮ ਮੀਟਿੰਗ

ਜੰਡਿਆਲਾ ਗੁਰੂ, 19 ਜਨਵਰੀ (ਚ.ਨ.ਸ.): ਪ੍ਰੈਸ ਸੰਘਰਸ਼ ਜਰਨਲਿਸਟ ਐਸੋ ਰਜਿ ਜੰਡਿਆਲਾ ਗੁਰੂ ਇਕਾਈ ਦੀ ਅਹਿਮ ਮੀਟਿੰਗ ਦਾ ਅਯੋਜਨ ਜੰਡਿਆਲਾ ਇਕਾਈ ਦੇ ਪ੍ਰਧਾਨ ਰਾਮ ਸ਼ਰਨਜੀਤ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਯੂਨੀਅਨ ਦੇ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਜੰਡਿਆਲਾ ਇਕਾਈ ਦੇ ਪ੍ਰਧਾਨ ਰਾਮ ਸ਼ਰਨਜੀਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਰਾਸ਼ਟਰੀ ਪ੍ਰਧਾਨ ਸੰਜੀਵ ਪੁੰਜ ਦਾ ਮੀਟਿੰਗ ਵਿੱਚ ਪੁੱਜਣ ਤੇ ਸਵਾਗਤ ਤੇ ਧੰਨਵਾਦ ਕਰਦਿਆਂ ਸ਼ਿਰੋਪਾ ਭੇਟ ਕੀਤਾ। ਮੀਟਿੰਗ ਦੌਰਾਨ ਫੀਲਡ ਵਿੱਚ ਪੱਤਰਕਾਰੀ ਕਰਦਿਆਂ ਦਰਪੇਸ਼ ਸਮੱਸਿਆਵਾਂ ਉਪਰ ਵਿਚਾਰ ਵਟਾਂਦਰੇ ਵੀ ਕੀਤੇ ਗਏ ਤੇ ਉਹਨਾਂ ਦੇ ਹੱਲ ਕੱਢੇ ਗਏ। ਮੀਟਿੰਗ ਦੌਰਾਨ ਫ਼ਰਵਰੀ ਮਹੀਨੇ ਹੋਣ ਜਾ ਰਹੇ ਸਲਾਨਾ ਸੈਮੀਨਾਰ ਸੰਬੰਧੀ ਸਲਾਹ ਮਸ਼ਵਰੇ ਵੀ ਕੀਤੇ ਗਏ। ਇਸ ਮੌਕੇ ਜੰਡਿਆਲਾ ਗੁਰੂ ਇਕਾਈ ਪ੍ਰਧਾਨ ਰਾਮ ਸ਼ਰਨਜੀਤ ਸਿੰਘ, ਸੁਖਜਿੰਦਰ ਸਿੰਘ ਸੋਨੂੰ, ਕੰਵਲਜੀਤ ਸਿੰਘ ਲਾਡੀ, ਗੁਰਦੇਵ ਸਿੰਘ ਮਨਜੋਤਰਾਂ, ਕਰਮਜੀਤ ਸਿੰਘ, ਮਲਕੀਤ ਸਿੰਘ ਚੀਦਾ, ਗੁਰਦੇਵ ਸਿੰਘ ਮੱਲ੍ਹੀ, ਕੁਲਦੀਪ ਸਿੰਘ ਡੱਡਵਾਲ, ਸਤਿੰਦਰ ਸਿੰਘ ਅਠਵਾਲ,ਹਰਨੀਤ ਸਿੰਘ, ਗੁਰਮੀਤ ਸਿੰਘ ਸੂਰੀ, ਪ੍ਰਦੀਪ ਗੋਇਲ, ਹਰਸ਼ ਪੁੰਜ, ਹਰਜੀਤ ਸਿੰਘ ਆਦਿ ਹਾਜਰ ਸਨ।



# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਰਜਿਸਟ੍ਰੇਸ਼ਨ 23 ਤੋਂ, ਯਾਤਰਾ 2 ਫਰਵਰੀ ਤੋਂ

ਮੋਗਾ, 19 ਜਨਵਰੀ (ਗੁਰਦੇਵ ਖੁਰਾਣਾ/ਹਰਜੀਤ ਛਾਬੜਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ "ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ" ਦੇ ਦੂਜੇ ਪੜਾਅ ਤਹਿਤ ਤੀਰਥ ਯਾਤਰਾ 2 ਫਰਵਰੀ ਤੋਂ ਸ਼ੁਰੂ ਕੀਤੀ ਜਾ ਰਹੀ ਹੈ ਤੇ ਯਾਤਰੀ 23 ਜਨਵਰੀ ਤੋਂ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।



ਰਜਿਸਟ੍ਰੇਸ਼ਨ ਸਬੰਧੀ ਫਾਰਮ ਬੂਥ ਪੱਧਰ ਉੱਤੇ ਭਰਵਾਏ ਜਾਣਗੇ। ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀਂ ਪੂਰਨ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ। ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਦੱਸਿਆ ਕਿ ਯਾਤਰਾ ਦੌਰਾਨ ਸੰਗਤ ਨਾਲ ਇਕ ਮੈਡੀਕਲ ਟੀਮ ਵੀ ਜਾਵੇਗੀ ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਯਾਤਰਾ ਲਈ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਯੋਗ ਹੋਣਗੇ। ਇਸ ਲਈ ਰਜਿਸਟ੍ਰੇਸ਼ਨ ਵਾਸਤੇ ਵੋਟਰ ਕਾਰਡ ਲਾਜ਼ਮੀ ਹੋਵੇਗਾ। ਉਹਨਾਂ ਕਿਹਾ ਕਿ ਹਰੇਕ ਰਜਿਸਟਰਡ ਵਿਅਕਤੀਆਂ ਵਿੱਚੋਂ ਹਰੇਕ ਬੂਥ ਤੋਂ ਡਰਾਅ ਰਾਹੀਂ 40 ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ। ਸ਼ਰਧਾਲੂਆਂ ਨੂੰ ਇਸ ਯਾਤਰਾ ਦੌਰਾਨ ਤਿੰਨ ਦਿਨ ਤੇ ਦੋ ਰਾਤਾਂ ਦੀ ਠਹਿਰ ਮੁਹੱਈਆ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੋਗਾ ਦੇ ਚਾਰੇ ਵਿਧਾਨ ਸਭਾ ਹਲਕੇ ਮੋਗਾ, ਬਾਘਾਪੁਰਾਣਾ, ਨਿਹਾਲ ਸਿੰਘ ਵਾਲਾ ਅਤੇ ਧਰਮਕੋਟ ਤੋਂ ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ। ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਤੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਈ ਜਾਵੇਗੀ। ਉਹਨਾਂ ਕਿਹਾ ਕਿ ਇਸ ਸਕੀਮ ਅਧੀਨ ਸਾਰੇ ਵਰਗਾਂ, ਧਰਮਾਂ, ਵੱਖ-ਵੱਖ ਆਮਦਨ ਗਰੁੱਪਾਂ ਤੇ ਖਿੱਤਿਆਂ ਨਾਲ ਸਬੰਧਤ ਲੋਕ ਯਾਤਰਾ ਉੱਤੇ ਜਾ ਰਹੇ ਹਨ। ਸ਼ਰਧਾਲੂਆਂ ਨੂੰ ਏ.ਸੀ. ਬੱਸਾਂ, ਏ.ਸੀ. ਹੋਟਲਾਂ ਦੀ ਠਹਿਰ ਦੇ ਨਾਲ-ਨਾਲ ਖਾਣਾ ਵੀ ਮੁਹੱਈਆ ਕੀਤਾ ਜਾਵੇਗਾ। ਹਰੇਕ ਬੱਸ ਵਿੱਚ ਯਾਤਰੂਆਂ ਦੀ ਮਦਦ ਲਈ ਇਕ ਸਹਾਇਕ ਵੀ ਹੋਵੇਗਾ।

ਸਾਗਰ ਸੇਤੀਆ ਨੇ ਕਿ ਇਹ ਸਕੀਮ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਫਲਸਫ਼ੇ ਦੇ ਅਨੁਸਾਰ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਲੋਕਾਈ ਨੂੰ ਪਿਆਰ, ਭਾਈਚਾਰਕ ਸਾਂਝ ਤੇ ਅਮਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਮਾਜ ਦਾ ਇਕ ਵੱਡਾ ਵਰਗ ਕਿਸੇ ਨਾ ਕਿਸੇ ਕਾਰਨ ਦੇਸ਼ ਭਰ ਦੇ ਇਨ੍ਹਾਂ ਧਾਰਮਿਕ ਸਥਾਨਾਂ ਦੀ ਯਾਤਰਾ ਨਹੀਂ ਕਰ ਸਕਿਆ। ਉਹਨਾ ਕਿਹਾ ਕਿ ਸਰਕਾਰ ਨੇ ਸ਼ਰਧਾਲੂਆਂ ਨੂੰ ਦੇਸ਼ ਤੇ ਸੂਬੇ ਦੀਆਂ ਵੱਖ-ਵੱਖ ਪਵਿੱਤਰ ਥਾਵਾਂ ਦੀ ਯਾਤਰਾ ਕਰਨ ਦੀ ਸਹੂਲਤ ਦੇਣ ਲਈ ਇਹ ਸਕੀਮ ਸ਼ੁਰੂ ਕੀਤੀ ਹੈ, ਜਿਸ ਦਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।

# ਰੋਡ ਸੇਫਟੀ ਮਹੀਨੇ ਸਬੰਧੀ ਟ੍ਰੈਫਿਕ ਪੁਲਿਸ ਵੱਲੋਂ ਨੈਸ਼ਨਲ ਹਾਈਵੇ ਅਧਿਕਾਰੀਆਂ ਨਾਲ ਮਿਲ ਕੇ ਬੱਬਰੀ ਹਾਈਟੈਕ ਨਾਕਾ ਉੱਪਰ ਜਾਗਰੂਕਤਾ ਸੈਮੀਨਾਰ



ਗੁਰਦਾਸਪੁਰ, 19 ਜਨਵਰੀ (ਜਗੀਰ ਸਿੰਘ ਮੰਡ): ਟਰੈਫਿਕ ਪੁਲਿਸ ਵੱਲੋਂ ਮਨਾਏ ਜਾ ਰਹੇ ਰੋਡ ਸੇਫਟੀ ਮਹੀਨੇ ਸਬੰਧੀ ਟਰੈਫਿਕ ਇੰਚਾਰਜ ਏ. ਐਸ.ਆਈ ਸਤਨਾਮ ਸਿੰਘ ਵੱਲੋਂ ਨੈਸ਼ਨਲ ਹਾਈਵੇ ਅਧਿਕਾਰੀਆਂ ਨਾਲ ਮਿਲ ਕੇ ਬੱਬਰੀ ਹਾਈਟੈਕ ਨਾਕਾ ਉਪਰ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਟਰੱਕ ਚਾਲਕਾਂ ਨੂੰ ਸ਼ਾਮਿਲ ਕਰਕੇ ਰੋਡ ਸੇਫਟੀ ਸਬੰਧੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਦੌਰਾਨ ਟਰੱਕ ਚਾਲਕਾਂ ਨੂੰ ਅਤੇ ਟਰੈਫਿਕ ਰੂਲਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਪਠਾਨਕੋਟ ਸਾਈਡ ਤੋਂ ਬੱਬਰੀ ਚੌਂਕ ਵਿੱਚ ਆਉਣ ਵਾਲੀਆਂ ਗੱਡੀਆਂ ਦੇ ਐਕਸੀਡੈਂਟ ਹੋਣ ਸਬੰਧੀ ਸਰਵੇ ਕੀਤਾ ਗਿਆ ਅਤੇ ਐਨ ਐਚ ਅਧਿਕਾਰੀਆਂ ਨੂੰ ਦੱਸਿਆ ਗਿਆ ਕੀ ਕਿਵੇਂ ਰੋਡ ਐਕਸੀਡੈਂਟਾਂ ਦੀ ਦਰ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਹੈਲਪਲਾਈਨ ਨੰਬਰ 112 1033 1930 ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ। ਸੈਮੀਨਾਰ ਵਿੱਚ ਏ.ਐਸ.ਆਈ ਅਮਨਦੀਪ ਸਿੰਘ ਅਤੇ ਪਰਦੁਮਣ ਸਿੰਘ ਆਦਿ ਨੇ ਹਿੱਸਾ ਲਿਆ।

# ਸੀਨੀਅਰ ਮੈਡੀਕਲ ਅਫਸਰ ਡਾ. ਸੁਦੇਸ਼ ਰਾਜਨ ਵੱਲੋਂ ਅਚਨਚੇਤ ਨਿਰੀਖਣ

ਗੜ੍ਹਦੀਵਾਲਾ, 19 ਜਨਵਰੀ (ਗੌਰਵ): ਪੰਜਾਬ ਸਰਕਾਰ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਕੁਮਾਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਸੁਦੇਸ਼ ਰਾਜਨ ਮੈਡੀਕਲ ਸ਼ਪੈਸਲਿਸਟ ਵਲੋਂ ਬਲਾਕ ਭੂੰਗਾ ਅਧੀਨ ਆਮ ਆਦਮੀ ਕਲੀਨਿਕ ਗੜ੍ਹਦੀਵਾਲ ਦਾ ਅਚਨਚੇਤ ਨਿਰਖਣ ਕੀਤਾ ਗਿਆ।ਇਸ ਮੌਕੇ ਡਾ. ਸੁਦੇਸ਼ ਰਾਜਨ ਨੇ ਆਮ ਆਦਮੀ ਕਲੀਨਿਕਾਂ ਦੀ ਅਚਨਚੇਤ ਚੈਕਿੰਗ ਦੌਰਾਨ ਸਮੂਹ ਸਟਾਫ ਦੀ ਹਾਜਰੀ ਚੈਕ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਲੋਕਾਂ ਤੱਕ ਪਹੁੰਚਦੀਆਂ ਸਿਹਤ ਸਹੂਲਤਾਂ ਬਾਰੇ ਅਤੇ ਕਲੀਨਿਕ ਵਿਚ ਦਰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਹਾਸਲ ਕੀਤੀ। ਸਾਰੇ ਆਮ ਆਦਮੀ ਕਲੀਨਿਕ ਦਾ ਦੌਰਾ ਕਰਦੇ ਹੋਏ ਇਲਾਜ ਕਰਵਾਉਣ ਆਏ ਮਰੀਜ਼ਾ ਨਾਲ ਗਲਬਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਸੰਤੋਸ਼ਟੀ ਪ੍ਰਗਟਾਉਂਦੇ ਹੋਏ ਸਮੂਹ ਸਟਾਫ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਆਮ ਆਦਮੀ ਕਲੀਨਿੰਕ ਵਿਖੇ ਆਉਂਦੇ ਹੋਏ ਮਰੀਜ਼ਾ ਨੂੰ ਕਿਸੇ ਵੀ ਪ੍ਰਕਾਰ ਦੀ ਔਕੜ ਨਾ ਆਉਣ ਦਿਤੀ ਜਾਵੇ ਅਤੇ ਉਪਲੱਬਧ ਦਵਾਈਆਂ ਮੁਹਈਆਂ ਕਰਵਾਈਆਂ ਜਾਣ। ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ, ਸਮੇਂ-ਸਮੇਂ ਤੇ ਚਲ ਰਹੇ ਸਿਹਤ ਪ੍ਰੋਗਰਾਮਾਂ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤੇ ਜਾਵੇ, ਸਮੇ ਸਿਰ ਸਟਾਫ ਦੀ ਹਾਜਰੀ ਯਕੀਨੀ ਬਣਾਈ ਜਾਵੇ।

ਇਸ ਮੌਕੇ ਆਮ ਆਦਮੀ ਕਲੀਨਿਕ ਦੇ ਸਟਾਫ਼ ਵੱਲੋਂ ਕੰਮ ਕਾਜ ਵਿੱਚ ਆ ਰਹੀਆਂ ਔਕੜਾਂ ਬਾਰੇ ਜਾਣੂ ਕਰਵਾਇਆ ਗਿਆ ਜਿਨ੍ਹਾਂ ਵਿੱਚੋ ਸੀਨੀਅਰ ਮੈਡੀਕਲ ਅਫਸਰ ਡਾ. ਸੁਦੇਸ਼ ਕੁਮਾਰ ਰਾਜਨ ਵੱਲੋਂ ਕੁਝ ਦਾ ਹੱਲ ਮੌਕੇ ਤੇ ਹੀ ਕਰ ਦਿੱਤਾ ਗਿਆ ਰਹਿੰਦੀਆਂ ਸਮੱਸਿਆ ਦਾ ਹੱਲ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂ ਕੇ ਹੱਲ ਕਰਨ ਦਾ ਭਰੋਸਾ ਦਵਾਇਆ ਗਿਆ। ਇਸ ਮੌਕੇ ਡਾ. ਕਰਨ ਸਿੰਘ, ਜਸਤਿੰਦਰ ਸਿੰਘ ਬੀ.ਈ.ਈ, ਫਾਰਮੇਸੀ ਅਫਸਰ ਰਜਨੀ, ਕਨੀਲੀਕਲ ਐਸਿਸਟੈਂਟ ਪਰਵਿੰਦਰ ਕੌਰ, ਐਲ ਐਚ ਵੀ ਹਰਜਿੰਦਰ ਕੌਰ, ਆਸ਼ਾ ਫੈਸਲੀਟੇਟਰ ਦਲਜੀਤ ਕੌਰ ਤੇ ਸਮੂਹ ਸਟਾਫ ਤੇ ਆਮ ਲੋਕ ਹਾਜ਼ਰ ਸਨ।

# ਸ੍ਰੀ ਗੁਰੂ ਰਾਮਦਾਸ ਡਿਗਰੀ ਕਾਲਜ ਦੇ ਵਿਦਿਆਰਥੀਆਂ ਵੱਲੋਂ ਪਿੰਡ ਪੰਧੇਰ ਵਿਖੇ 7 ਰੋਜ਼ਾ ਐਨ.ਐਸ.ਐਸ. ਕੈਂਪ ਸ਼ੁਰੂ




ਬਟਾਲਾ, 19 ਜਨਵਰੀ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਸੀ ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਦੇ ਵਿਦਿਆਰਥੀਆਂ ਵਲੋ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਤੇ ਚੇਅਰਪਰਸਨ ਹਰਜਿੰਦਰ ਪਾਲ ਕੌਰ ਦੀ ਰਹਿਨੁਮਾਈ ਹੇਠ ਇਹ ਕੈਂਪ ਪਿੰਡ ਵਿਚ 7 ਦਿਨ ਚਲੇਗਾ ਜਿਸਦੀ ਸ਼ੁਰੂਆਤ 16 ਜਨਵਰੀ ਤੋ ਕੀਤੀ ਗਈ ਹੈ। ਵਿਭਾਗ ਦੇ ਪ੍ਰੋਗਰਾਮ ਅਫਸਰ ਦਵਿੰਦਰ ਕੌਰ ਨੇ ਦੱਸਿਆ ਕਿ 16 ਤੋ 22 ਜਨਵਰੀ ਤੱਕ ਚੱਲਣ ਵਾਲੇ 7 ਰੋਜ਼ਾ ਕੈਂਪ ਦੌਰਾਨ ਪਿੰਡ ਪੰਧੇਰ ਵਿਖੇ ਵੱਖ ਵੱਖ ਗਤੀਵਿਧੀਆਂ ਕਰਵਾਈਆ ਜਾਣਗੀਆਂ। ਪਿੰਡ ਅੰਦਰ ਸਾਫ ਸਫਾਈ, ਸਮਾਜ ਭਲਾਈ ਦੇ ਕੰਮ, ਲੋਕਾਂ ਨੂੰ ਉਹਨਾਂ ਦੇ ਅਧਿਕਾਰਾ ਪ੍ਰਤੀ ਜਾਗਰੂਕ ਕਰਨ ਅਤੇ ਹੋਰ ਲੋੜੀਂਦੇ ਕੰਮ ਕੀਤੇ ਜਾਣਗੇ। ਕੈਂਪ ਦੇ ਸ਼ੁਰੂਆਤ ਤੋ ਪਹਿਲਾ ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਨੇ ਐਨ ਐੱਸ ਐੱਸ ਕੈਡੀਡਟਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਿੱਥੇ ਉਹ ਸਮਾਜ ਸੇਵਾ ਕਰਨਗੇ ਉੱਥੇ ਹੀ ਇੱਕ ਮਜਬੂਤ ਨਾਗਰਿਕ ਦੇ ਗੁਣ ਵੀ ਉਹਨਾਂ ਅੰਦਰ ਪੈਦਾ ਹੋਣਗੇ। ਉਹਨਾਂ ਨੇ ਕਿਹਾ ਕਿ ਸਮਾਜ ਸੇਵਾ ਅਤੇ ਲੋਕਾਂ ਦੀ ਭਲਾਈ ਲਈ ਉਹ ਪੂਰੀ ਮਿਹਨਤ ਨਾਲ ਕੈਂਪ ਵਿਚ ਕੰਮ ਕਰਨ ਜਿਸ ਨਾਲ ਉਹਨਾਂ ਵਿਚ ਦੇਸ਼ ਭਗਤੀ ਦੇ ਗੁਣ ਪੈਦਾ ਹੋਣਗੇ।

# ਹਾਈਕਮਾਨ ਵੱਲੋਂ ਗੁਰਵਿੰਦਰ ਪੰਨੂੰ ਨੂੰ ਸੋਸ਼ਲ ਮੀਡੀਆ ਦਾ ਵਾਈਸ ਪ੍ਰਧਾਨ ਨਿਯੁਕਤ

ਬਟਾਲਾ, 19 ਜਨਵਰੀ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਆਮ ਪਾਰਟੀ ਦੀ ਹਾਈ ਕਮਾਂਡ ਵੱਲੋਂ ਪਾਰਟੀ ਲਈ ਦਿਨ ਰਾਤ ਮਿਹਨਤ ਕਰਨ ਉਪਰੰਤ ਗੁਰਿੰਦਰ ਸਿੰਘ ਪੰਨੂ ਨੂੰ ਸੋਸ਼ਲ ਮੀਡੀਆ ਦਾ ਵਾਈਸ ਪ੍ਰਧਾਨ ਗੁਰਦਾਸਪੁਰ ਨਿਯੁਕਤ ਕੀਤਾ ਗਿਆ। ਇਸ ਹੋਈ ਨਿਯੁਕਤੀ ਨੂੰ ਲੈ ਕੇ ਗੁਰਿੰਦਰ ਸਿੰਘ ਪੰਨੂ ਵੱਲੋਂ ਜਿੱਥੇ ਹਾਈ ਕਮਾਨ ਦਾ ਧੰਨਵਾਦ ਕੀਤਾ ਉੱਥੇ ਹੀ ਪਾਰਟੀ ਲਈ ਦਿਨ ਰਾਤ ਮਿਹਨਤਕਰਕੇ ਪਾਰਟੀ ਨਾਲ ਹੇਠਲੇ ਪੱਧਰ ਤੱਕ ਵਰਕਰਾਂ ਨੂੰ ਲਾਮਬੰਦ ਕਰ ਲਈ ਵੱਡੀ ਜਿੰਮੇਵਾਰੀ ਦਿਖਾਈ। ਨਾਲ ਹੀ ਇਥੇ ਆਮ ਪਾਰਟੀ ਦੇ ਅਹੁਦੇਦਾਰਾਂ ਵੱਲੋਂ ਵੀ ਹਾਈ ਕਮਾਨ ਵੱਲੋਂ ਗੁਰਿੰਦਰ ਸਿੰਘ ਪੰਨੂ ਨੂੰ ਸੋਸ਼ਲ ਮੀਡੀਆ ਵਾਈਸ ਪ੍ਰਧਾਨ ਗੁਰਦਾਸ ਪਰ ਨਿਯੁਕਤ ਕਰਨ ਤੇ ਪਾਰਟੀ ਦਾ ਦਿਲੋਂ ਧੰਨਵਾਦ ਕੀਤਾ ਗਿਆ ਇਸ ਮੌਕੇ ਪਾਰਟੀ ਦੇ ਵੱਖ ਵੱਖ ਅਹੁਦੇਦਾਰ ਜਿਵੇਂ ਕਿ ਬਲਕਾਰ ਸਿੰਘ ਕੈਪਟਨ ਗੁਰਮੀਤ ਸਿੰਘ ਅਮਰਜੀਤ ਸਿੰਘ ਪਲਵਿੰਦਰ ਸਿੰਘ ਹਰਦੀਪ ਸਰਪੰਚ ਜਸਵੰਤ ਲੰਗਰਵਾਲ ਗੁਰਵਿੰਦਰ ਸਿੰਘ ਮਨਦੀਪ ਬਿਸਨੀਵਾਲ ਕਾਬਲ ਸਿੰਘ ਆਦਿ ਹਾਜ਼ਰ ਸਨ।



# ਸੀਤ ਲਹਿਰ ਤੇ ਸੰਘਣੀ ਧੁੰਦ ਦੌਰਾਨ ਪੂਰੀ ਸਾਵਧਾਨੀ ਵਰਤੀ ਜਾਵੇ : ਡੀ.ਸੀ.

ਹੁਸ਼ਿਆਰਪੁਰ, 19 ਜਨਵਰੀ (ਦੀਪਕ ਅਗਨੀਹੋਤਰੀ): ਇਸ ਵੇਲੇ ਪੈ ਰਹੀ ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਠੰਢ ਦੇ ਮੌਸਮ ਦੌਰਾਨ ਪੂਰੀ ਅਹਿਤਿਆਤ ਵਰਤਣ, ਤਾਂ ਜੋ ਕਿਸੇ ਵੀ ਅਣਸੁਖਾਵੀਂ ਹਾਲਤ ਤੋਂ ਬਚਿਆ ਜਾ ਸਕੇ। ਸੀਤ ਲਹਿਰ ਤੋਂ ਬਚਾਅ ਲਈ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਸ ਮੌਸਮ ਵਿੱਚ ਲੋਕ ਖਾਸਕਰ ਬਜ਼ੁਰਗਾਂ, ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਦੇ ਨਾਲ-ਨਾਲ ਪਸ਼ੂਆਂ, ਫ਼ਸਲਾਂ ਅਤੇ ਹੋਰ ਵਸਤੂਆਂ ਦੀ ਸੰਭਾਲ ਨੂੰ ਤਰਜ਼ੀਹ ਦੇਣ।




ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵੇਲੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਹੀਂ ਵਰਤਣੀ ਚਾਹੀਦੀ ਅਤੇ ਆਪਣੇ ਘਰਾਂ ਆਦਿ ਵਿਚ ਵੀ ਠੰਢੀਆਂ ਹਵਾਵਾਂ ਤੋਂ ਬਚਾਅ ਲਈ ਪੂਰੀ ਸਾਵਧਾਨੀ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਠੰਢ ਕਾਰਨ ਕੋਈ ਸਰੀਰਕ ਸਮੱਸਿਆ ਪੇਸ਼ ਆਉਂਦੀ ਹੈ ਤਾਂ ਫੌਰੀ ਡਾਕਟਰ ਦੀ ਸਲਾਹ ਲਈ ਜਾਵੇ। ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਧੁੰਦ ਦੌਰਾਨ ਵਾਹਨਾਂ ਦੀ ਰਫ਼ਤਾਰ ਮੱਠੀ ਰੱਖਣ ਦੇ ਨਾਲ-ਨਾਲ ਗੱਡੀਆਂ ਦੀਆਂ ਲਾਈਟਾਂ ਅਤੇ ਇਸ਼ਾਰੇ ਪੂਰੀ ਤਰ੍ਹਾਂ ਕੰਮ ਕਰਦੇ ਰੱਖੇ ਜਾਣ, ਤਾਂ ਜੋ ਕਿਸੇ ਵੀ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਅਤੇ ਓਵਰਟੇਕਿੰਗ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦਿਆਂ ਹਮੇਸ਼ਾ ਸੁਰੱਖਿਅਤ ਡਰਾਈਵਿੰਗ ਵੱਲ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਸ਼ੂਆਂ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਬੰਨ੍ਹਣ ਵਾਲੀ ਥਾਂ 'ਤੇ ਠੰਢ ਦੀ ਰੋਕਥਾਮ ਲਈ ਢੁੱਕਵੇਂ ਇੰਤਜ਼ਾਮ ਰੱਖੇ ਜਾਣ।

# ਆਦਿੱਤਿਆ ਗੁਪਤਾ ਸਹਾਇਕ ਕਮਿਸ਼ਨਰ (ਜ) ਵੱਲੋਂ ਗਣਤੰਤਰ ਦਿਵਸ ਮਨਾਉਣ ਦੀਆਂ ਕੀਤੀਆਂ ਜਾ ਰਹੀਆਂ ਨੇ ਤਿਆਰੀਆਂ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ

ਗੁਰਦਾਸਪੁਰ, 19 ਜਨਵਰੀ (ਜਗੀਰ ਸਿੰਘ ਮੰਡ/ਨਾਹਰ): 26 ਜਨਵਰੀ ਨੂੰ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ, ਗੁਰਦਾਸਪੁਰ ਵਿਖੇ ਗਣਤੰਤਰ ਦਿਵਸ




ਸਮਾਗਮ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਮਨਾਉਣ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਸਬੰਧੀ ਆਦਿੱਤਿਆ ਗੁਪਤਾ, ਸਹਾਇਕ ਕਮਿਸ਼ਨਰ (ਜਨਰਲ) ਗੁਰਦਾਸਪੁਰ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਹਾਇਕ ਕਮਿਸ਼ਨਰ (ਜ) ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਵਿਭਾਗ ਗਣਤੰਤਰ ਦਿਵਸ ਸਮਾਗਮ ਨੂੰ ਸਫਲ ਬਣਾਉਣ ਲਈ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ। ਸ਼ਹਿਰ ਦੀ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣ ਸਮੇਤ ਸਬੰਧਤ ਵਿਭਾਗਾਂ ਨੂੰ ਸਮਾਗਮ ਤੋਂ ਪਹਿਲਾਂ ਪਹਿਲਾਂ ਤਿਆਰੀਆਂ ਮੁਕੰਮਲ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪੰਜਾਬ ਪੁਲਿਸ ਦੇ ਜਵਾਨਾਂ, ਪੰਜਾਬ ਪੁਲਿਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨ.ਸੀ.ਸੀ. ਕੈਡਿਟਸ ਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਬਾਅਦ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ। ਸਹਾਇਕ ਕਮਿਸ਼ਨਰ (ਜ) ਆਦਿੱਤਿਆ ਗੁਪਤਾ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਤੇ ਪੰਜਾਬ ਦੇ ਸਭਿਆਚਾਰ ਨਾਲ ਲਬਰੇਜ਼ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਸਮਾਗਮ ਦੌਰਾਨ ਵੀਰ ਨਾਰੀਆਂ, ਸੁਤੰਤਰਤਾ ਸੈਨਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

ਮੀਟਿੰਗ ਵਿੱਚ ਐੱਸ.ਡੀ.ਐੱਮ. ਗੁਰਦਾਸਪੁਰ ਅਨੁਪ੍ਰੀਤ ਕੌਰ, ਆਰ.ਟੀ.ਓ ਨਵਜੋਤ ਸ਼ਰਮਾ, ਜ਼ਿਲ੍ਹਾ ਖਜਾਨਾ ਅਫਸਰ ਜੋਗਿੰਦਰ ਪਾਲ ਸ਼ਰਮਾ, ਡੀ.ਐੱਫ.ਐੱਸ. ਸੀ ਸੁਖਜਿੰਦਰ ਸਿੰਘ, ਜਿਲ੍ਹਾ ਸਮਾਜਿਕ ਸੁਰਖਿੱਆ ਅਫਸਰ ਡਾ. ਕਿਰਤਪ੍ਰੀਤ ਕੌਰ, ਪ੍ਰਿੰਸੀਪਲ ਸਰਕਾਰੀ ਕਾਲਜ ਗੁਰਦਾਸਪੁਰ ਪ੍ਰੋ. ਅਸ਼ਵਨੀ ਕੁਮਾਰ ਭੱਲਾ, ਡੀ.ਈ.ਓ. (ਸ:) ਗੁਰਦਾਸਪੁਰ ਪਰਮਜੀਤ ਕੌਰ, ਜ਼ਿਲ੍ਹਾ ਨੋਡਲ ਅਫਸਰ ਪਰਮਿੰਦਰ ਸਿੰਘ ਸੈਣੀ ਤੇ ਵੱਖ-ਵੱਖ ਵਿਭਾਗਾਂ ਦੇ ਮੁੱਖੀ ਹਾਜਰ ਸਨ।

# ਪਿੰਡ ਖੋਖਰ ਫ਼ੌਜੀਆਂ ਵਿੱਚ ਬਲਬੀਰ ਸਿੰਘ ਪੰਨੂ ਵੱਲੋਂ ਸੀਵਰੇਜ ਤੇ ਗਲ਼ੀਆਂ ਦਾ ਉਦਘਾਟਨ



ਫਤਿਹਗੜ੍ਹ ਚੂੜੀਆਂ, 19 ਜਨਵਰੀ (ਰਾਜਨ ਸ਼ਰਮਾ): ਪਿੰਡ ਖੋਖਰ ਫੌਜੀਆਂ ਵਿੱਚ ਬਲਬੀਰ ਸਿੰਘ ਪੰਨੂ ਵੱਲੋਂ ਉਦਘਾਟਨ ਕੀਤਾ ਗਿਆ ਜਿਸ ਵਿੱਚ ਮੰਡੀ ਬੋਰਡ ਵੱਲੋਂ 10 ਲੱਖ ਦੀ ਲਾਗਤ ਨਾਲ ਪਿੰਡ ਦਾ ਸੀਵਰੇਜ ਤੇ ਦੋ ਗਲੀਆਂ ਦਾ ਉਦਘਾਟਨ ਕੀਤਾ ਗਿਆ ਜਿਸ ਵਿੱਚ ਬਲਾਕ ਪ੍ਰਧਾਨ ਪਰਮਜੀਤ ਸਿੰਘ ਤਰਲੋਕ ਸਿੰਘ ਸੁਖਬੀਰ ਸਿੰਘ ਪੰਨੂ ਮੈਂਬਰ ਪੰਚਾਇਤ ਅਵਤਾਰ ਸਿੰਘ ਸੁਖਵਿੰਦਰ ਸਿੰਘ ਹੌਲਦਾਰ ਜਸਵਿੰਦਰ ਸਿੰਘ ਫੌਜੀ ਬਲਵਿੰਦਰ ਸਿੰਘ ਹੁੰਦਲ ਜਗਤਾਰ ਸਿੰਘ ਕਸ਼ਮੀਰ ਸਿੰਘ ਤਰਸੇਮ ਲਾਲ ਬਲਕਾਰ ਸਿੰਘ ਹੁੰਦਲ ਪ੍ਰੀਤਮ ਸਿੰਘ ਪੰਨੂ ਨਿਰਮਲ ਸਿੰਘ ਹੁੰਦਲ ਨਿਸ਼ਾਨ ਸਿੰਘ ਹੁੰਦਲ ਦਲਜੀਤ ਸਿੰਘ ਲੰਬੜਦਾਰ ਗੁਰਪ੍ਰੀਤ ਸਿੰਘ ਸਾਬੀ ਸੰਦੀਪ ਸਿੰਘ ਪੰਨੂ ਵਿਕਟਰਜੀਤ ਸਿੰਘ ਪੰਨੂ ਬਾਵਾ ਸਿੰਘ ਸਾਗਰ ਮਸੀਹ ਸਰਵਣ ਸਿੰਘ ਹੁੰਦਲ ਠੇਕੇਦਾਰ ਸਤਪਾਲ ਸਿੰਘ ਦਲਬੀਰ ਮਸੀਹ ਹਰਦੀਪ ਸਿੰਘ ਪੰਨੂ ਜਗਮੋਹਣ ਸਿੰਘ ਸੂਬੇਦਾਰ ਜੋਗਿੰਦਰ ਸਿੰਘ ਪੰਨੂ ਸਾਬਕਾ ਸਰਪੰਚ ਜਤਿੰਦਰ ਕੌਰ ਬਲਵਿੰਦਰ ਕੌਰ ਸੁਖਵਿੰਦਰ ਕੌਰ ਸੁਖਦੀਪ ਕੌਰ ਮਨਜੀਤ ਕੌਰ ਰਾਜਵਿੰਦਰ ਕੌਰ ਮਨਪ੍ਰੀਤ ਕੌਰ ਕੁਲਵਿੰਦਰ ਕੌਰ ਅਮਰਜੀਤ ਕੌਰ ਗੁਰਵਿੰਦਰ ਕੌਰ ਦਲਜੀਤ ਕੌਰ ਹਰਜਿੰਦਰ ਕੌਰ ਹਾਜ਼ਰ ਸਨ।

# ਵਿਧਾਇਕ ਸ਼ੈਰੀ ਕਲਸੀ ਵੱਲੋਂ ਅਤਿ-ਆਧੁਨਿਕ ਕਿਸਮ ਦੀਆਂ ਸਟਰੀਟ ਲਾਈਟਾਂ ਦਾ ਉਦਘਾਟਨ



ਬਟਾਲਾ/ ਅੱਚਲ ਸਾਹਿਬ, 19 ਜਨਵਰੀ (ਬਲਵਿੰਦਰ ਸਿੰਘ ਪੰਜਗਰਾਈ/ਜੁਗਰਾਜ ਸਿੰਘ ਖਾਲਸਾ) : ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ, ਸ਼ੈਰੀ ਕਲਸੀ ਵੱਲੋਂ ਲਗਾਤਾਰ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵਲੋਂ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ 'ਤੇ ਅਤਿ ਆਧੁਨਿਕ ਕਿਸਮ ਦੀਆਂ ਲਾਈਟਾਂ ਲਗਾਈਆਂ ਗਈਆਂ ਹਨ। ਵਿਧਾਇਕ ਸ਼ੈਰੀ ਕਲਸੀ ਵਲੋਂ ਗਰੀਨ ਸਿਟੀ ਬਟਾਲਾ ਵਿਖੇ ਮੁਹੱਲਾ ਵਾਸੀਆਂ ਦੀ ਮੌਜੂਦਗੀ ਵਿੱਚ ਅਤਿ ਆਧੁਨਿਕ ਕਿਸਮ ਦੀਆਂ ਸਟਰੀਟ ਲਾਈਟਾਂ ਦਾ ਉਦਘਾਟਨ ਕੀਤਾ । ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜ਼ ਗਤੀ ਨਾਲ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਂਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ। ਬੀਤੇ ਦਿਨੀਂ ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਦੀ ਯਾਦ ਵਿੱਚ ਉਸਾਰੇ ਨਵੇਂ ਚੌਂਕ ਦਾ ਉਦਘਾਟਨ ਕਰਕੇ ਲੋਕ ਸਮਰਪਿਤ ਕੀਤਾ ਗਿਆ ਹੈ। ਇਸ ਚੌਂਕ ਵਿੱਚ ਸ਼ਾਨਦਾਰ ਲਾਈਟਾਂ ਵੀ ਲਗਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਸ਼ਹੀਦ ਭਗਤ ਸਿੰਘ ਚੌਂਕ ਅਗਰਸੈਨ ਚੌਂਕ ਆਦਿ ਦੀ ਉਸਾਰੀ ਕੀਤੀ ਜਾ ਚੁੱਕੀ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਬਟਾਲੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਤੇ ਦਹਾਕਿਆਂ ਤੋਂ ਲਮਕੀਆਂ ਮੁਸ਼ਕਲਾਂ ਦਾ ਨਿਪਟਾਰਾ ਕਰਨਾ ਹੈ, ਜਿਸ ਲਈ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਇਸ ਮੌਕੇ ਗਰੀਨ ਸਿਟੀ ਦੇ ਵਸਨੀਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਲਾਈਟਾਂ ਲੱਗਣ ਨਾਲ ਉਨ੍ਹਾਂ ਨੂੰ ਬਹੁਤ ਰਾਹਤ ਮਿਲੀ ਹੈ ਅਤੇ ਸਵੇਰੇ ਤੜਕਸਾਰ ਅਤੇ ਰਾਤ ਸਮੇਂ ਸਟਰੀਟ ਲਾਈਟਾਂ ਲੱਗਣ ਨਾਲ ਬਹੁਤ ਲਾਭ ਮਿਲੇਗਾ। ਉਨ੍ਹਾਂ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ ਵਿਧਾਇਕ ਸ਼ੈਰੀ ਕਲਸੀ ਵਲੋਂ ਜ਼ਿਕਰਯੋਗ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਲੋਕਾਂ ਨੂੰ ਲਗਾਤਾਰ ਮਿਲ ਕੇ ਉਹਨਾਂ ਦੀਆਂ ਮੁਸ਼ਕਲਾਂ ਦਾ ਹੱਲ ਲਗਾਤਾਰ ਕੀਤਾ ਜਾ ਰਿਹਾ ਹੈ, ਜੋ ਪਹਿਲਾਂ ਵੇਖਣ ਨੂੰ ਨਹੀਂ ਮਿਲਦਾ ਸੀ।

### ਖੇਡ ਮੇਲੇ 'ਚ ਡਾ. ਕੇ.ਜੇ. ਸਿੰਘ ਦਾ ਸਨਮਾਨ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ, 19 ਜਨਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ) : ਬਾਬਾ ਨਾਮਦੇਵ ਜੀ ਯਾਦਗਾਰੀ ਅੰਤਰਰਾਸ਼ਟਰੀ 46ਵਾਂ ਖੇਡ ਮੇਲੇ ਘੁਮਾਣ ਦੇ ਆਖਰੀ ਦਿਨ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸੀਨੀਅਰ ਆਗੂ ਅਤੇ ਸਾਬਕਾ ਅਬਜ਼ਰਵਰ ਡਾ. ਕਮਲਜੀਤ ਸਿੰਘ ਕੇਜੇ ਵੱਲੋਂ ਆਪਣੀ ਟੀਮ ਸਮੇਤ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨੂੰ ਹੌਂਸਲਾ ਅਫ਼ਜ਼ਾਈ ਕੀਤੀ। ਨਾਲ ਹੀ ਕੱਬਡੀ ਦੇ ਫਾਈਨਲ ਮੈਚ ਹਰਿਆਣਾ vs ਘੁਮਾਣ ਦਾ ਆਨੰਦ ਮਾਣਿਆ।ਇਸ ਮੌਕੇ ਡਾ. ਕਮਲਜੀਤ ਸਿੰਘ ਕੇਜੇ ਨੇ ਆਖਿਆ ਕਿ ਬਾਬਾ ਨਾਮਦੇਵ ਸਪਰੋਟਸ ਕੱਲਬ ਘੁਮਾਣ ਸਮੁੱਚੀ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ, ਜਿਹੜੇ ਹਰ ਸਾਲ ਬਹੁਤ ਵਧੀਆ ਤਰੀਕੇ ਨਾਲ ਬਾਬਾ ਨਾਮਦੇਵ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਾਲਾਨਾ ਅੰਤਰਰਾਸ਼ਟਰੀ ਟੂਰਨਾਮੈਂਟ ਕਰਵਾਉਂਦੇ ਹਨ। ਇਸ ਮੌਕੇ ਡਾ. ਕੇ ਜੇ ਸਿੰਘ ਨੇ ਅਮਰਬੀਰ ਸਿੰਘ ਘੁਮਾਣ ਯੂ ਐਸ ਏ ਅਤੇ ਸ਼ਰਨਬੀਰ ਸਿੰਘ ਘੁਮਾਣ ਯੂ ਐਸ ਏ ਅਤੇ ਸਮੂਹ ਇਲਾਕਾ ਦੇ ਐਨ ਆਰ ਆਈ ਵੀਰਾਂ ਦਾ ਧੰਨਵਾਦ ਕੀਤਾ।

# ਫਤਿਹਗੜ੍ਹ ਚੂੜੀਆਂ ਵਿਖੇ ਬਲਬੀਰ ਸਿੰਘ ਪੰਨੂ ਵੱਲੋਂ ਬਣ ਰਹੀਆਂ ਸੜਕਾਂ ਦਾ ਨਿਰੀਖਣ



ਫਤਿਹਗੜ੍ਹ ਚੂੜੀਆਂ, 19 ਜਨਵਰੀ (ਰਾਜਨ ਸ਼ਰਮਾ ) : ਫਤਿਹਗੜ੍ਹ ਚੂੜੀਆਂ: ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਨੇ ਫਤਿਹਗੜ੍ਹ ਚੂੜੀਆਂ ਦੇ ਬਦੋਵਾਲ ਰੋਡ ਅਤੇ ਰੇਲਵੇ ਸਟੇਸ਼ਨ ਰੋਡ ਦੀਆਂ ਬਣ ਰਹੀਆਂ ਸੜਕਾਂ ਦਾ ਨਿਰੀਖਣ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਲਬੀਰ ਪੰਨੂ ਨੇ ਕਿਹਾ ਕਿ ਥਾਣਾ ਫਤਿਹਗੜ੍ਹ ਚੂੜੀਆਂ ਦੇ ਬੈਕ ਸਾਈਡ ਬੱਦੋਵਾਲ ਰੋਡ 'ਤੇ ਤਿੰਨ ਕਰੋੜ 60 ਲੱਖ ਅਤੇ ਰੇਲਵੇ ਸਟੇਸ਼ਨ ਦੀ ਬਣ ਰਹੀ ਸੜਕ 'ਤੇ ਇੱਕ ਕਰੋੜ 40 ਲੱਖ ਖਰਚਾ ਆਵੇਗਾ। ਇਸ ਤਰ੍ਹਾਂ ਇਹ ਦੋਵੇਂ ਸੜਕਾਂ 6 ਕਰੋੜ ਦੀ ਲਾਗਤ ਨਾਲ ਤਿਆਰ ਹੋਣਗੀਆਂ। ਇਸ ਮੌਕੇ ਸੜਕਾਂ ਤਿਆਰ ਕਰਨ ਵਾਲੇ ਸਬੰਧਤ ਅਧਿਕਾਰੀਆਂ ਨੂੰ ਗੱਲਬਾਤ ਦੌਰਾਨ ਉਹਨਾਂ ਕਿਹਾ ਕਿ ਉਕਤ ਸੜਕਾਂ ਤਿਆਰ ਕਰਨ ਲਈ ਮਟੀਰੀਅਲ ਪੂਰੀ ਮਿਕਦਾਰ ਅਤੇ ਸਹੀ ਮਾਤਰਾ ਵਿੱਚ ਪਾਇਆ ਜਾਵੇ। ਤਾਂ ਜੋ ਮਿਆਰੀ ਸੜਕਾਂ ਬਣ ਸਕਣ । ਬਲਬੀਰ ਪੰਨੂ ਨੇ ਅੱਗੇ ਕਿਹਾ ਕਿ ਰੇਲਵੇ ਸਟੇਸ਼ਨ ਅਤੇ ਬਦੋਵਾਲ ਰੋਡ ਦੀ ਸੜਕ ਦੀ ਹਾਲਤ ਬੜੀ ਖਸਤਾ ਸੀ, ਜੋ ਕਿ ਪਿਛਲੇ ਕਈ ਸਮੇਂ ਤੋਂ ਕਿਸੇ ਵੀ ਸਰਕਾਰ ਨੇ ਇਹਨਾਂ ਵੱਲ ਕੋਈ ਖਾਸ ਧਿਆਨ ਹੀ ਨਹੀਂ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਕਸਬਾ ਫਤਿਹਗੜ੍ਹ ਚੂੜੀਆਂ ਦੀ ਕਿਸੇ ਵੀ ਵਾਰਡ ਦੇ ਵਿਕਾਸ ਲਈ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਵੱਖ ਵੱਖ ਵਾਰਡਾਂ ਦੇ ਆਪ ਵਲੰਟੀਅਰਾਂ ਨੂੰ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਦੀ ਤਿਆਰੀ ਖਿੱਚਣ ਲਈ ਵੀ ਜ਼ੋਰ ਦਿੱਤਾ।ਇਸ ਮੌਕੇ ਸ਼ਹਿਰੀ ਪ੍ਰਧਾਨ ਤੇਜਵਿੰਦਰ ਸਿੰਘ ਰੰਧਾਵਾ, ਕੌਂਸਲਰ ਰਜੀਵ ਸੋਨੀ, ਯੂਥ ਆਗੂ ਨਵੀਸ ਨੰਦਾ ਛੱਬੀ, ਮਾਧਵ ਬੇਦੀ, ਸਤਨਾਮ ਸਿੰਘ ਗਿੱਲ, ਕਿਰਪਾਲ ਸਿੰਘ ਸੰਧੂ, ਡਾਕਟਰ ਅਨੂਪ ਜਨੋਤਰਾ, ਕੇਵਲ ਮਸੀਹ ,ਰਾਮ ਸਿੰਘ, ਸੁੰਦਰ ਪਰਦਿਆਂ ਵਾਲਾ ਆਦਿ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਖੁਰਾਕੀ ਸੁਰੱਖਿਆ ਲਈ ਰਵਾਇਤੀ ਖੇਤੀ ਤੋਂ ਅੱਗੇ ਵਧਣ ਦਾ ਸਮਾਂ : ਸ਼ੇਰਗਿੱਲ



ਅਮਲੋਹ, 19 ਜਨਵਰੀ (ਜਸਵੰਤ ਸਿੰਘ) : ਦੁਨੀਆ ਦੀ ਵਧਦੀ ਜਨਸੰਖਿਆ ਨੇ ਖੇਤੀ ਖੇਤਰ ਅੱਗੇ ਨਵੇਂ ਪ੍ਰਸ਼ਨ ਖੜ੍ਹੇ ਕਰ ਦਿੱਤੇ ਹਨ ਕਿ ਸੀਮਤ ਜ਼ਮੀਨ ਅਤੇ ਘਟਦੇ ਕੁਦਰਤੀ ਵਸੀਲਿਆਂ ਦੇ ਬਾਵਜੂਦ ਭਵਿੱਖ ਦੀ ਖੁਰਾਕੀ ਮੰਗ ਕਿਵੇਂ ਪੂਰੀ ਕੀਤੀ ਜਾਵੇ, ਇਹ ਵਿਚਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੋਜਾਰਥੀ ਜੌਹਰ ਸਿੰਘ ਸ਼ੇਰਗਿੱਲ ਨੇ ਇਥੇ ਪੱਤਰਕਾਰਾਂ ਵੱਲੋਂ ਉਸ ਦੇ ਸਨਮਾਨ 'ਚ ਰਖੇ ਸਮਾਗਮ ਮੌਕੇ ਕਹੇ। ਉਨ੍ਹਾਂ ਕਿਹਾ ਕਿ ਹੁਣ ਖੇਤੀ ਨੂੰ ਰਵਾਇਤੀ ਢੰਗ ਨਾਲ ਨਹੀਂ ਸਗੋਂ ਵਿਗਿਆਨਕ ਖੋਜ ਅਤੇ ਨਵੀਂ ਤਕਨੀਕ ਨਾਲ ਅੱਗੇ ਵਧਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਬਜ਼ੀ ਉਤਪਾਦਨ ਵਿੱਚ ਪਿਆਜ਼ ਦੀ ਮਹੱਤਤਾ ਬੇਹੱਦ ਹੈ, ਪਰ ਪੰਜਾਬ ਵਿੱਚ ਇਸ ਦੀ ਪੈਦਾਵਾਰ ਅੰਤਰਰਾਸ਼ਟਰੀ ਪੱਧਰ ਨਾਲ ਮੇਲ ਨਹੀਂ ਖਾਂਦੀ, ਇਸ ਦਾ ਵੱਡਾ ਕਾਰਨ ਇਹ ਹੈ ਕਿ ਸੂਬੇ ਵਿੱਚ ਅਜੇ ਵੀ ਪੁਰਾਣੀਆਂ ਕਿਸਮਾਂ ਦੀ ਖੇਤੀ ਕੀਤੀ ਜਾ ਰਹੀ ਹੈ ਜਦਕਿ ਹੋਰ ਦੇਸ਼ਾਂ ਵਿੱਚ ਹਾਈਬ੍ਰਿਡ ਵਰਾਇਟੀਆਂ ਰਾਹੀਂ ਕਾਫ਼ੀ ਵਧੀਆ ਨਤੀਜੇ ਮਿਲ ਰਹੇ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮੌਸਮ ਅਤੇ ਮਿੱਟੀ ਦੇ ਅਨੁਕੂਲ ਨਵੀਆਂ ਹਾਈਬ੍ਰਿਡ ਪਿਆਜ਼ ਵਰਾਇਟੀਆਂ ਵਿਕਸਿਤ ਕਰਨ ਲਈ ਉਹ ਖੋਜ ਕਾਰਜ ਕਰ ਰਹੇ ਹਨ, ਜਿਸ ਨਾਲ ਕਿਸਾਨਾਂ ਨੂੰ ਵਧੀਆ ਝਾੜ ਮਿਲ ਸਕੇਗਾ ਅਤੇ ਸੂਬੇ ਦੀ ਖੇਤੀ ਨੂੰ ਨਵੀਂ ਦਿਸ਼ਾ ਮਿਲੇਗੀ। ਉਨ੍ਹਾਂ ਅਨੁਸਾਰ ਖੋਜ ਦਾ ਅਸਲ ਮਕਸਦ ਮੈਦਾਨੀ ਸਮੱਸਿਆਵਾਂ ਦਾ ਹੱਲ ਲੱਭਣਾ ਹੁੰਦਾ ਹੈ, ਨਾ ਕਿ ਸਿਰਫ਼ ਅਕਾਦਮਿਕ ਜਾਣਕਾਰੀ ਤੱਕ ਸੀਮਿਤ ਰਹਿਣਾ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਦੀ ਅਬਾਦੀ ਆਉਣ ਵਾਲੇ ਸਮੇਂ ਵਿੱਚ ਹੋਰ ਵਧੇਗੀ, ਜਿਸ ਨਾਲ ਖੁਰਾਕ ਉਤਪਾਦਨ 'ਤੇ ਦਬਾਅ ਵਧਣਾ ਨਿਸ਼ਚਿਤ ਹੈ। ਦੂਜੇ ਪਾਸੇ ਪੰਜਾਬ ਵਿੱਚ ਅਬਾਦੀ ਘੱਟਣ ਦੇ ਰੁਝਾਨ ਨਜ਼ਰ ਆ ਰਹੇ ਹਨ। ਅਜਿਹੇ ਹਾਲਾਤਾਂ ਵਿੱਚ ਪੰਜਾਬੀਆਂ ਲਈ ਜ਼ਰੂਰੀ ਹੈ ਕਿ ਉਹ ਗਿਣਤੀ ਦੀ ਥਾਂ ਸਿੱਖਿਆ, ਖੋਜ ਅਤੇ ਬੌਧਿਕ ਤਾਕਤ ਰਾਹੀਂ ਆਪਣੀ ਪਛਾਣ ਨੂੰ ਮਜ਼ਬੂਤ ਬਣਾਉਣ।

ਅੰਤ ਵਿੱਚ ਉਨ੍ਹਾਂ ਪ੍ਰੈਸ ਕਲੱਬ ਅਮਲੋਹ ਵੱਲੋਂ ਮਿਲੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਮੰਚ ਨੌਜਵਾਨਾਂ ਨੂੰ ਖੋਜ ਅਤੇ ਸਿੱਖਿਆ ਵੱਲ ਪ੍ਰੇਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

# ਰੂਸ ਨੇ ਯੂਕਰੇਨ ਦੇ 6 ਸੂਬਿਆਂ 'ਚ ਮਚਾਈ ਤਬਾਹੀ, ਇਕੋ ਰਾਤ 'ਚ ਦਾਗੇ 200 ਤੋਂ ਵੱਧ ਡਰੋਨ

ਕੀਵ, 19 ਜਨਵਰੀ (ਚ.ਨ.ਸ.) : ਰੂਸ ਅਤੇ ਯੂਕਰੇਨ ਵਿਚਾਲੇ ਜਾਰੀ ਸੰਘਰਸ਼ ਦਿਨੋਂ-ਦਿਨ ਹੋਰ ਭਿਆਨਕ ਹੁੰਦਾ ਜਾ ਰਿਹਾ ਹੈ। ਰੂਸੀ ਫੌਜ ਨੇ ਬੀਤੀ ਰਾਤ ਯੂਕਰੇਨ ਦੇ ਵੱਖ-ਵੱਖ ਇਲਾਕਿਆਂ 'ਤੇ 200 ਤੋਂ ਵੱਧ ਸਟ੍ਰਾਈਕ ਡਰੋਨਾਂ ਨਾਲ ਹਮਲਾ ਕੀਤਾ ਹੈ। ਇਸ ਹਮਲੇ ਨੇ ਯੂਕਰੇਨ ਦੇ 6 ਮੁੱਖ ਸੂਬਿਆਂ- ਸੁਮੀ, ਖਾਰਕੀਵ, ਨੀਪ੍ਰੋ, ਜ਼ਾਪੋਰਿਜ਼ੀਆ, ਖਮੇਲਨਿਤਸਕੀ ਅਤੇ ਓਡੇਸਾ ਵਿੱਚ ਭਾਰੀ ਤਬਾਹੀ ਮਚਾਈ ਹੈ। ਇਸ ਭਿਆਨਕ ਹਮਲੇ ਵਿੱਚ ਹੁਣ ਤੱਕ 2 ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ ਅਤੇ ਇੱਕ ਬੱਚੇ ਸਮੇਤ ਦਰਜਨਾਂ ਲੋਕ ਜ਼ਖਮੀ ਹੋਏ ਹਨ। ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਕਿ ਇਨ੍ਹਾਂ ਹਮਲਿਆਂ ਕਾਰਨ ਦੇਸ਼ ਦੀ ਊਰਜਾ ਪ੍ਰਣਾਲੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਕਈ ਸ਼ਹਿਰਾਂ ਵਿੱਚ ਬਿਜਲੀ, ਪਾਣੀ ਅਤੇ ਹੀਟਿੰਗ ਦੀ ਸਪਲਾਈ ਠੱਪ ਹੋ ਗਈ ਹੈ, ਜਿਸ ਕਾਰਨ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਰਾਸ਼ਟਰਪਤੀ ਜ਼ੇਲੈਂਸਕੀ ਨੇ ਕੜਾਕੇ ਦੀ ਠੰਢ ਅਤੇ ਖਰਾਬ ਮੌਸਮ ਦੇ ਬਾਵਜੂਦ 24 ਘੰਟੇ ਕੰਮ ਕਰ ਰਹੇ ਮੁਰੰਮਤ ਦਸਤਿਆਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਰੂਸ ਦਾ ਮੁੱਖ ਉਦੇਸ਼ ਯੂਕਰੇਨ ਦੇ ਊਰਜਾ ਖੇਤਰ ਨੂੰ ਤਬਾਹ ਕਰਨਾ ਹੈ, ਪਰ ਮੁਰੰਮਤ ਟੀਮਾਂ ਹਰ ਸ਼ਹਿਰ ਵਿੱਚ ਸੇਵਾਵਾਂ ਬਹਾਲ ਕਰਨ ਲਈ ਜੁੱਟੀਆਂ ਹੋਈਆਂ ਹਨ। ਜ਼ੇਲੈਂਸਕੀ ਨੇ ਦੱਸਿਆ ਕਿ ਪਿਛਲੇ 7 ਦਿਨਾਂ ਵਿੱਚ ਰੂਸ ਨੇ 1,300 ਤੋਂ ਵੱਧ ਅਟੈਕ ਡਰੋਨ, ਲਗਭਗ 1,050 ਗਾਈਡਡ ਏਰੀਅਲ ਬੰਬ ਅਤੇ 29 ਮਿਜ਼ਾਈਲਾਂ ਨਾਲ ਹਮਲੇ ਕੀਤੇ ਹਨ । ਉਨ੍ਹਾਂ ਨੇ ਕੌਮਾਂਤਰੀ ਭਾਈਚਾਰੇ ਅਤੇ ਸਹਿਯੋਗੀ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਰੂਸ 'ਤੇ ਦਬਾਅ ਵਧਾਇਆ ਜਾਵੇ ਅਤੇ ਯੂਕਰੇਨ ਨੂੰ ਵਧੇਰੇ ਹਵਾਈ ਰੱਖਿਆ ਪ੍ਰਣਾਲੀਆਂ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਇਨ੍ਹਾਂ ਹਵਾਈ ਹਮਲਿਆਂ ਨੂੰ ਹਵਾ ਵਿੱਚ ਹੀ ਨਾਕਾਮ ਕੀਤਾ ਜਾ ਸਕੇ। ਯੂਕਰੇਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਰੂਸ ਕੂਟਨੀਤਕ ਪ੍ਰਕਿਰਿਆ ਨੂੰ ਜਾਣਬੁੱਝ ਕੇ ਲੰਬਾ ਖਿੱਚ ਰਿਹਾ ਹੈ, ਤਾਂ ਵਿਸ਼ਵ ਦੀ ਪ੍ਰਤੀਕਿਰਿਆ ਨਿਰਣਾਇਕ ਹੋਣੀ ਚਾਹੀਦੀ ਹੈ।

# ਫ਼ਤਹਿਗੜ੍ਹ ਚੂੜੀਆਂ ਦੇ ਹਰੇਕ ਨਾਗਰਿਕ ਦੇ ਪ੍ਰਤੀ ਪਰਿਵਾਰ ਨੂੰ 10 ਲੱਖ ਦੇ ਨਕਦੀ ਰਹਿਤ ਇਲਾਜ ਦੀ ਹੋਵੇਗੀ ਸਹੂਲਤ ਪ੍ਰਾਪਤ

ਫਤਿਹਗੜ੍ਹ ਚੂੜੀਆਂ, 19 ਜਨਵਰੀ (ਰਾਜਨ ਸ਼ਰਮਾ) : ਹਲਕਾ ਫਤਿਹਗੜ੍ਹ ਚੂੜੀਆਂ ਦੇ ਬਲਾਕ ਪ੍ਰਧਾਨ ਡਾ. ਅਨੂਪ ਕੁਮਾਰ ਜਨੋਤਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੂਬਾ ਵਾਸੀਆਂ ਨੂੰ ਨਵੇਂ ਸਾਲ ਦਾ ਤੋਹਫ਼ਾ ਪ੍ਰਦਾਨ ਕਰਦੇ ਹੋਏ ਰਾਜ ਦੇ ਸਾਰੇ ਲੋਕਾਂ ਲਈ ਵਿਆਪਕ ਸਿਹਤ ਕਵਰੇਜ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਇਸ ਮਹੀਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਆਰੰਭ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ 'ਚ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਨਾਲ ਸਮਝੌਤਾ ਹੋ ਗਿਆ ਹੈ। ਜਿਸ ਤਹਿਤ ਪੰਜਾਬ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਦਾ ਨਕਦੀ ਰਹਿਤ ਸਿਹਤ ਬੀਮਾ ਪ੍ਰਧਾਨ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ 5 ਲੱਖ ਰੁਪਏ ਦੇ ਸਿਹਤ ਕਵਰੇਜ ਜੋ ਕੁਝ ਖਾਸ ਸ਼੍ਰੇਣੀਆਂ ਤੱਕ ਸੀਮਿਤ ਸੀ ਹੁਣ ਉਸਨੂੰ ਦੁੱਗਣਾ ਕਰ ਦਿੱਤਾ ਗਿਆ ਹੈ। ਨਵੀਂ ਯੋਜਨਾ ਦਾ ਉਦੇਸ਼ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਸਮੇਤ ਪੰਜਾਬ ਦੇ ਸਾਰੇ ਵਾਸੀਆਂ ਨੂੰ ਪ੍ਰਤੀ ਪਰਿਵਾਰ ਦਾ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ ਹੋਵੇਗਾ। ਉਹਨਾਂ ਕਿਹਾ ਕਿ ਇਹ ਯੋਜਨਾ ਪੂਰੀ ਤਰ੍ਹਾਂ ਬਰਾਬਰੀ ਤੇ ਸਿਧਾਂਤ ਦੇ ਅਧਾਰ 'ਤੇ ਤਿਆਰ ਕੀਤੀ ਗਈ ਹੈ । ਜਿਸ ਵਿੱਚ ਕੋਈ ਵੀ ਆਮਦਨ ਦੀ ਸੀਮਾ ਨਹੀਂ ਹੈ ਅਤੇ ਇਸ ਯੋਜਨਾ ਦੇ ਕਾਰਜਸ਼ੀਲ ਢਾਂਚੇ ਬਾਰੇ ਦੱਸਿਆ ਕਿ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਜਿਸ ਦੀ ਚੋਣ ਤਾਮਿਲਨਾਡੂ ਸਮੇਤ ਹੋਰ ਰਾਜਾਂ ਵਿਚ ਵਧੀਆ ਸਿਹਤ ਬੀਮਾ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਚੰਗਾ ਟਰੈਕ ਹੈ ਅਤੇ ਇਸ ਦਾ ਲਾਭ ਸੂਬੇ ਦੇ 65 ਲੱਖ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ ਮਿਲੇਗਾ। ਅਨੂਪ ਜਨੋਤਰਾ ਨੇ ਇਹ ਵੀ ਕਿਹਾ ਕਿ ਇਸੇ ਤਰ੍ਹਾਂ ਫ਼ਤਹਿਗੜ੍ਹ ਚੂੜੀਆਂ ਵਿਖੇ ਵੀ ਜਲਦੀ ਹੀ ਕਾਰਡ ਅਪਲਾਈ ਕੀਤੇ ਜਾਣਗੇ। ਇਸੇ ਤਹਿਤ ਉਨ੍ਹਾਂ ਨੇ ਆਪਣੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ, ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ, ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਹਲਕਾ ਇੰਚਾਰਜ ਸਰਦਾਰ ਬਲਬੀਰ ਸਿੰਘ ਪੰਨੂ ਦਾ ਦਿਲ ਦੀ ਗਹਿਰਾਈ ਤੋਂ ਇਸ ਸਕੀਮ ਦਾ ਸਵਾਗਤ ਕੀਤਾ।



# ਕੁੜੀਆਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਵਿਚ ਤਿੰਨ ਸਾਈਬਰ ਠੱਗ ਗ੍ਰਿਫਤਾਰ

ਫਰੀਦਾਬਾਦ, 19 ਜਨਵਰੀ (ਚ.ਨ.ਸ.): ਸਾਈਬਰ ਠੱਗੀ ਹੁਣ ਸਿਰਫ ਪੈਸੇ ਹੜੱਪਣ ਤੱਕ ਸੀਮਤ ਨਹੀਂ ਬਲਕਿ ਕੁੜੀਆਂ ਦੇ ਜਿਨਸੀ ਸੋਸ਼ਣ ਤਕ ਜਾ ਪਹੁੰਚੀ ਹੈ। ਫਰੀਦਾਬਾਦ ਦੇ ਸਾਈਬਰ ਥਾਣਾ ਸੈਂਟਰ ਪੁਲਿਸ ਨੇ ਅਜਿਹੇ ਤਿੰਨ ਸਾਈਬਰ ਠੱਗ ਗ੍ਰਿਫਤਾਰ ਕੀਤੇ ਹਨ, ਜਿਹੜੇ ਪੈਸੇ ਦੇਣ ਵਿਚ ਅਸਮਰਥ ਕੁੜੀਆਂ ਨੂੰ ਝਾਂਸੇ 'ਚ ਲੈ ਕੇ ਜਿਨਸੀ ਸੋਸ਼ਣ ਕਰਦੇ ਸਨ। ਫੜੇ ਗਏ ਮੁਲਜ਼ਮਾਂ ਵਿਚ ਫਰੀਦਾਬਾਦ ਦਾ ਦਿਆਲਨਗਰ ਨਿਵਾਸੀ ਵਿਸ਼ਾਲ ਕੁਮਾਰ, ਯੂਪੀ ਦੇ ਜ਼ਿਲ੍ਹਾ ਸੁਲਤਾਨਪੁਰ ਦੇ ਪਿੰਡ ਡੇਹਰਿਆਮਾ ਦਾ ਰਹਿਣ ਵਾਲਾ ਯੋਗੇਸ਼ ਕੁਮਾਰ ਤੇ ਦਿੱਲੀ ਦੇ ਪਟੇਲ ਨਗਰ ਦਾ ਰਹਿਣ ਵਾਲਾ ਹਰਸ਼ ਕੁਮਾਰ ਹੈ। ਸਾਈਬਰ ਠੱਗੀ ਦੀ ਆੜ ਵਿਚ ਕੁੜੀਆਂ ਦੇ ਸੋਸ਼ਣ ਦਾ ਇਹ ਸੰਭਵ ਤੌਰ 'ਤੇ ਪਹਿਲਾ ਮਾਮਲਾ ਹੈ। ਇਹ ਤਿੰਨੋਂ ਨੌਕਰੀ ਦੀ ਤਲਾਸ਼ ਕਰ ਰਹੇ ਨੌਜਵਾਨ ਮੁੰਡੇ ਕੁੜੀਆਂ ਦਾ ਡਾਟਾ ਲੈਂਦੇ ਸਨ। ਖੁਦ ਨੂੰ ਪਲੇਸਮੈਂਟ ਏਜੰਸੀ ਦਾ ਮੁਲਾਜ਼ਮ ਦੱਸ ਕੇ ਨੌਕਰੀ ਲਵਾਉਣ ਦਾ ਝਾਂਸਾ ਦਿੰਦੇ ਸਨ। ਕੁੜੀਆਂ ਨੂੰ ਫਰਜ਼ੀ ਕਾਲ ਸੈਂਟਰ ਤੇ ਹੋਰ ਕਾਗਜ਼ਾਤ ਭੇਜੇ ਜਾਂਦੇ ਸਨ। ਉਨ੍ਹਾਂ ਤੋਂ ਇੰਸ਼ੋਰੈਂਸ, ਟ੍ਰੇਨਿੰਗ, ਡਰੈਸ ਆਦਿ ਦੇ ਨਾਂ 'ਤੇ ਪੈਸੇ ਹੜੱਪਦੇ ਸਨ। ਜਿਹੜੀਆਂ ਕੁੜੀਆਂ ਪੈਸੇ ਦੇਣ ਵਿਚ ਅਸਮਰਥ ਰਹਿੰਦੀਆਂ ਸਨ, ਉਨ੍ਹਾਂ ਨੂੰ ਇੰਟਰਵਿਊ ਦੇ ਬਹਾਨੇ ਹੋਟਲ ਵਿਚ ਮਿਲਣ ਲਈ ਬੁਲਾਉਂਦੇ ਸਨ। ਉਨ੍ਹਾਂ ਦੀ ਮਜਬੂਰੀ ਦਾ ਫਾਇਦਾ ਚੁੱਕ ਕੇ ਸਰੀਰਕ ਸਬੰਧ ਬਣਾਉਂਦੇ ਸਨ। ਮੁਲਜ਼ਮ ਲੰਬੇ ਸਮੇਂ ਤਕ ਇਕ ਜਗ੍ਹਾ ਨਹੀਂ ਟਿਕਦੇ ਸਨ। ਹੁਣ ਇਹ ਗੁਰੂਗ੍ਰਾਮ, ਪੁਣੇ, ਮੁੰਬਈ , ਅੰਧੇਰੀ, ਬੈਂਗਲੁਰੂ ਅਤੇ ਅਹਿਮਦਾਬਾਦ ਸਣੇ ਪ੍ਰਮੁੱਖ ਨਗਰਾਂ ਤੇ ਕਈ ਸ਼ਹਿਰਾਂ ਵਿਚ ਰਹਿ ਕੇ ਨੌਜਵਾਨਾਂ ਨਾਲ ਠੱਗੀ ਕਰ ਚੁੱਕੇ ਹਨ। ਇਨ੍ਹਾਂ ਦਾ ਟਾਰਗੈਟ ਇਕ ਵਿਅਕਤੀ ਤੋਂ 50 ਹਜ਼ਾਰ ਰੁਪਏ ਤੱਕ ਦੀ ਠੱਗੀ ਨੂੰ ਪੁਲਿਸ ਗੰਭੀਰਤਾ ਨਾਲ ਨਹੀਂ ਲੈਂਦੀ। ਇਸ ਲਈ ਸ਼ਹਿਰ ਵਿਚ 10 ਵਾਰਦਾਤਾਂ ਕਰਨ ਤੋਂ ਬਾਅਦ ਦੂਜੇ ਸ਼ਹਿਰ ਦਾ ਰੁਖ਼ ਕਰ ਲੈਂਦੇ ਸਨ। ਮੁਲਜ਼ਮ ਪਿਛਲੇ 4 ਸਾਲਾਂ ਤੋਂ ਠੱਗੀ ਕਰ ਰਹੇ ਸਨ ਅਤੇ ਪਹਿਲੀ ਵਾਰ ਫੜੇ ਗਏ ਹਨ। ਫਰੀਦਾਬਾਦ ਦੀ ਇਕ ਕੁੜੀ ਨੂੰ ਡੇਢ ਮਹੀਨਾ ਪਹਿਲਾਂ ਸਾਈਬਰ ਥਾਣਾ ਸੈਂਟਰਲ ਵਿਚ ਨੌਕਰੀ ਦੇ ਨਾਂ 'ਤੇ 70 ਹਜ਼ਾਰ ਰੁਪਏ ਠੱਗੇ ਜਾਣ ਦੀ ਸ਼ਿਕਾਇਤ ਸੀ।

# ਅਮਰੀਕੀ ਫੌਜ ਨੇ ਛੱਡਿਆ ਅਲ-ਅਸਦ ਏਅਰਬੇਸ, ਇਰਾਕੀ ਫੌਜ ਨੇ ਕੀਤਾ ਕਬਜ਼ਾ

ਤਹਿਰਾਨ, 19 ਜਨਵਰੀ (ਚ.ਨ.ਸ.) : ਇਰਾਕ ਦਾ ਐਨ ਅਲ-ਅਸਦ ਏਅਰਬੇਸ ਅਮਰੀਕੀ ਫੌਜ ਦਾ ਆਪ੍ਰੇਸ਼ਨ ਇਰਾਕੀ ਫ੍ਰੀਡਮ ਦੌਰਾਨ ਦੂਜਾ ਸਭ ਤੋਂ ਵੱਡਾ ਫੌਜੀ ਹਵਾਈ ਅੱਡਾ ਸੀ । ਜਨਵਰੀ 2010 ਤੋਂ 2026 ਤੱਕ ਅਮਰੀਕੀ ਫੌਜ ਦੀਆਂ ਕਈ ਟੁਕੜੀਆਂ ਇੱਥੇ ਤਾਇਨਾਤ ਰਹੀਆਂ। 2024 ਵਿਚ ਇਰਾਕ ਅਤੇ ਅਮਰੀਕਾ ਵਿਚਾਲੇ ਹੋਏ ਇਕ ਸਮਝੌਤੇ ਤਹਿਤ ਹੁਣ ਅਮਰੀਕੀ ਫੌਜ ਨੇ ਇਸ ਬੇਸ ਤੋਂ ਆਪਣੇ ਫੌਜੀਆਂ ਨੂੰ ਕੱਢ ਲਿਆ ਹੈ। ਅਮਰੀਕੀ ਫੌਜੀਆਂ ਨੇ ਇਰਾਕ ਦੇ ਐਨ ਅਲ-ਅਸਦ ਏਅਰਬੇਸ ਤੋਂ ਆਪਣੀ ਵਾਪਸੀ ਪੂਰੀ ਕਰ ਲਈ ਹੈ। ਇਰਾਕ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਪੱਛਮੀ ਇਰਾਕ ਵਿਚ ਸਥਿਤ ਇਹ ਏਅਰਬੇਸ ਹੁਣ ਪੂਰੀ ਤਰ੍ਹਾਂ ਇਰਾਕੀ ਫੌਜ ਦੇ ਕੰਟਰੋਲ 'ਚ ਹੈ। ਇਹ ਵਾਸ਼ਿੰਗਟਨ ਅਤੇ ਬਗਦਾਦ ਵਿਚਾਲੇ 2024 'ਚ ਹੋਏ ਸਮਝੌਤੇ ਤਹਿਤ ਹੋ ਰਿਹਾ ਹੈ। ਇਸ ਸਮਝੌਤੇ ਵਿਚ ਇਹ ਤੈਅ ਕੀਤਾ ਗਿਆ ਸੀ ਕਿ ਅਮਰੀਕਾ ਦੀ ਅਗਵਾਈ ਵਾਲੇ ਫੌਜੀ ਆਪ੍ਰੇਸ਼ਨਾਂ ਨੂੰ ਬੰਦ ਕੀਤਾ ਜਾਵੇਗਾ। ਇਰਾਕੀ ਫੌਜ ਦੇ ਇਕ ਕਰਨਲ ਨੇ ਏਅਰਬੇਸ ਤੋਂ ਅਮਰੀਕੀ ਫੌਜੀਆਂ ਦੀ ਵਾਪਸੀ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਕੁਝ ਲਾਜਿਸਟਿਕ (ਰਸਦ ਸਬੰਧੀ) ਕਾਰਨਾਂ ਕਰ ਕੇ ਅਜੇ ਵੀ ਕੁਝ ਫੌਜੀ ਉੱਥੇ ਮੌਜੂਦ ਹਨ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਇਸ ਤੋਂ ਵੱਧ ਜਾਣਕਾਰੀ ਦੇਣ ਤੋਂ ਮਨ੍ਹਾ ਕਰ ਦਿੱਤਾ, ਹਾਲਾਂਕਿ, ਅਮਰੀਕੀ ਫੌਜੀਆਂ ਦੀ ਵਾਪਸੀ ਕਦੋਂ ਸ਼ੁਰੂ ਹੋਈ, ਇਸ ਬਾਰੇ ਜਾਣਕਾਰੀ ਸਪੱਸ਼ਟ ਨਹੀਂ ਹੋ ਸਕੀ।

# ਰਿਮਟ ਹਸਪਤਾਲ 'ਚ ਮਰੀਜ਼ਾਂ ਦੀ ਸਹੂਲਤ ਲਈ ਮੁਫ਼ਤ ਮੈਡੀਕਲ ਕੈਂਪ 22 ਨੂੰ

ਮੰਡੀ ਗੋਬਿੰਦਗੜ੍ਹ, 19 ਜਨਵਰੀ (ਸੂਦ)-ਰਿਮਟ ਹਸਪਤਾਲ ਮੰਡੀ ਗੋਬਿੰਦਗੜ੍ਹ ਵਿੱਚ 22 ਜਨਵਰੀ ਨੂੰ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਕੈਂਪ ਵਿਚ ਅੱਖਾਂ, ਕੰਨ, ਦਿਲ, ਹੱਡੀਆਂ ਅਤੇ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ। ਇਸ ਤੋਂ ਬਿਨਾਂ ਖੂਨ ਦੇ ਸਾਰੇ ਟੈਸਟ ਫਰੀ ਕੀਤੇ ਜਾਣਗੇ। ਪ੍ਰਬੰਧਕਾਂ ਨੇ ਕਿਹਾ ਕਿ ਜੇਕਰ ਕਿਸੇ ਨੂੰ ਅਲਟਰਾਸਾਊਂਡ, ਸੀਟੀ ਸਕੈਨ, ਈਸੀਜੀ, ਖੂਨ ਦੀ ਜਾਂਚ ਅਤੇ ਐਕਸਰੇ ਆਦਿ ਕਰਵਾਉਂਣ ਦੀ ਲੋੜ ਪਵੇ ਤਾਂ ਉਹ ਵੀ ਸਾਰੇ ਮੁਫ਼ਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਦਵਾਈਆਂ ਵੀ ਘੱਟ ਰੇਟ 'ਤੇ ਦਿੱਤੀਆਂ ਜਾਣਗੀਆਂ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਹਸਪਤਾਲ ਵਿਚ ਆਯੂਸ਼ਮਾਨ ਭਾਰਤ ਅਤੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਦੂਰਬੀਨ ਰਾਹੀਂ ਗੁਰਦੇ ਦੀ ਪੱਥਰੀ, ਦੂਰਬੀਨ ਰਾਹੀਂ ਗਦੂਦਾਂ, ਦੂਰਬੀਨ ਰਾਹੀਂ ਪਿਸ਼ਾਬ ਦੀ ਨਾਲੀ ਦੀ ਪੱਥਰੀ ਦਾ ਅਪਰੇਸ਼ਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਦੂਰਬੀਨ ਰਾਹੀਂ ਦਿਮਾਗ ਦੀ ਸਰਜਰੀ, ਦੂਰਬੀਨ ਰਾਹੀਂ ਰੀੜ ਦੀ ਹੱਡੀ ਦੀ ਸਰਜਰੀ ਅਤੇ ਨਵਜਾਤ ਬੱਚਿਆਂ ਦੀ ਦੇਖਭਾਲ ਆਦਿ ਦਾ ਵੀ ਪ੍ਰਬੰਧ ਹੈ। ਉਨ੍ਹਾਂ ਕਿਹਾ ਕਿ ਚੂਲੇ ਬਦਲਣ ਦਾ ਵੀ ਇਥੇ ਸਫ਼ਲ ਪ੍ਰਬੰਧ ਹੈ ਅਤੇ ਆਯੂਸ਼ਮਾਨ ਕਾਰਡ ਧਾਰਕਾਂ ਲਈ ਮੁਫ਼ਤ ਓਪੀਡੀ ਦਾ ਪ੍ਰਬੰਧ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਹਸਪਤਾਲ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਰਿਮਟ ਮੈਡੀਕਲ ਕਾਲਜ ਅਤੇ ਹਸਪਤਾਲ ਵਲੋਂ ਲੋਕਾਂ ਨੂੰ ਪੂਰੀ ਬੌਡੀ ਦੇ ਟੈਸਟ ਕਰਵਾਉਂਣ ਦੀ ਵੀ ਸਹੂਲਤ ਦਿੱਤੀ ਗਈ ਹੈ।



ਮੁਕੇਰੀਆਂ ਦੇ ਪਿੰਡ ਜਾਹਦਪੁਰ ਦੀ ਚਰਚ ਵਿਖੇ ਬਣਨ ਜਾ ਰਹੇ ਲੰਗਰ ਹਾਲ ਦਾ ਨੀਂਹ ਪੱਥਰ ਧਾਰਮਿਕ ਅਤੇ ਸਮਾਜਿਕ ਕੰਮਾਂ ਵਿੱਚ ਮੂਹਰੇ ਹੋ ਕੇ ਭਾਗ ਲੈਣ ਵਾਲੀ ਉੱਘੀ ਸਮਾਜ ਸੇਵਿਕਾ ਹਰਪਿੰਦਰ ਕੌਰ ਵੱਲੋਂ ਰੱਖਿਆ ਗਿਆ। ਇਸ ਮੌਕੇ ਰਵੀ ਸਰਪੰਚ,ਰਣਜੀਤ ਸਰਪੰਚ,ਅਸ਼ਵਨੀ ਸਰਪੰਚ,ਸਲਾਮਤ,ਸੋਨੂੰ ਅਤੇ ਹੋਰ ਪਿੰਡ ਵਾਸੀ ਮੌਜੂਦ ਰਹੇ।

(ਫੋਟੋ ਅਤੇ ਵੇਰਵਾ : ਧਰਮ ਚੰਦ)

# ਗੁਰੂ ਘਰਾਂ ਦਾ ਫਿਕਰ ਛੱਡ ਕੇ ਸਰਕਾਰ ਪੰਜਾਬ ਦੇ ਵਿਕਾਸ ਤੇ ਤਰੱਕੀ ਵੱਲ ਧਿਆਨ ਦੇਵੇ : ਰਾਜੂ ਖੰਨਾ



ਮੰਡੀ ਗੋਬਿੰਦਗੜ੍ਹ, 19 ਜਨਵਰੀ (ਸੂਦ) : ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਗੁਰੂ ਕੀ ਨਗਰੀ ਮੰਡੀ ਗੋਬਿੰਦਗੜ੍ਹ ਵਿਖੇ ਪਾਰਟੀ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗ ਉਪਰੰਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ੍ਰੀ ਕੰਵਲ ਰਾਜਾ ਸਾਹਿਬ ਦੇ ਅਸਥਾਨ ਦਾ ਨਾਂ ਲਿਆਉਣ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਲੋਕਾਂ ਨੇ ਸਰਕਾਰ ਨੂੰ ਇਸ ਕਰ ਕੇ ਸੱਤਾ ਵਿੱਚ ਲਿਆਂਦਾ ਸੀ ਕਿ ਪੰਜਾਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਇਨਸਾਫ ਮਿਲ ਸਕੇ ਪਰ ਇਹ ਕਦੇ ਨਹੀਂ ਸੀ ਸੋਚਿਆ ਕਿ ਇਹ ਸਰਕਾਰ ਉਲਟਾ ਗੁਰੂ ਘਰਾਂ ਨੂੰ ਨਿਸ਼ਾਨਾ ਬਣਾਏਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਸੱਤਾ ਦਾ ਹੰਕਾਰ ਇਸ ਕਦਰ ਹੋ ਗਿਆ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਨਾਲ ਵੀ ਟੱਕਰ ਲੈ ਕੇ ਗੁਰੂ ਘਰਾਂ ਦੇ ਉੱਪਰ ਸਵਾਲ ਖੜ੍ਹੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਧਾਰਮਿਕ ਅਸਥਾਨ ਨਾਲ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਜਿਹੜਾ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਦੇਖਣਾ ਚਾਹੀਦਾ ਹੈ ਉਹ ਕੰਮ ਮੁੱਖ ਮੰਤਰੀ ਆਪਣੇ ਕੰਮ ਛੱਡ ਕੇ ਇਨ੍ਹਾਂ ਮਗਰ ਤੁਰੇ ਹੋਏ ਹਨ। ਉਨ੍ਹਾਂ ਕਿਹਾ ਕਿ ਲੋਕ ਹੁਣ' ਇਨ੍ਹਾਂ ਨੂੰ ਪੁੱਛਣ ਲੱਗੇ ਹਨ ਕਿ ਚਾਰ ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਤੁਹਾਡਾ ਵਾਅਦਾ ਕਿੱਥੇ ਗਿਆ?

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਗੁਰੂ ਘਰਾਂ ਦੀ ਫਿਕਰ ਛੱਡ ਕੇ ਪੰਜਾਬ ਦੇ ਵਿਕਾਸ ਅਤੇ ਲੋੜਵੰਦਾਂ ਦੀਆਂ ਭਲਾਈ ਸਕੀਮਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਰਾਜਾ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਖੜ੍ਹਾ ਹੈ, ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪੁੱਜਣ ਦਿੱਤੀ ਜਾਵੇਗੀ ਅਤੇ ਸਰਕਾਰ ਦੀ ਹਰ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਇਸ ਮੌਕੇ ਜਥੇਦਾਰ ਕੁਲਵਿੰਦਰ ਸਿੰਘ ਭੰਗੂ, ਮੱਘਰ ਸਿੰਘ ਫੋਰਮੈਨ, ਲਾਲੀ ਭੰਗੂ, ਰਵਿੰਦਰਜੀਤ ਸਿੰਘ ਭੰਗੂ, ਸਹਿਜ ਸਿੰਘ ਧਾਲੀਵਾਲ, ਰੁਪਿੰਦਰ ਕੌਰ ਮੰਡੀ, ਨਿਰਮਲ ਸਿੰਘ, ਗੁਰਜੀਤ ਸਿੰਘ ਮੰਗਾ, ਅਜੀਤ ਸਿੰਘ ਬੰਟੀ, ਜਗਦੇਵ ਸਿੰਘ ਭੰਗੂ ਅਤੇ ਮਨਜੀਤ ਕੌਰ ਮੰਡੀ ਆਦਿ ਮੌਜੂਦ ਸਨ।

# ਗਊ ਸੇਵਾ ਸਮਿਤੀ ਨੇ ਗਊਸ਼ਾਲਾ 'ਚ ਮਾਘ ਦੀ ਮੱਸਿਆ ਦਾ ਦਿਹਾੜਾ ਮਨਾਇਆ



ਅਮਲੋਹ, 19 ਜਨਵਰੀ (ਜਸਵੰਤ ਸਿੰਘ) : ਗਊ ਸੇਵਾ ਸਮਿਤੀ ਅਮਲੋਹ ਵਲੋਂ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿਚ ਮਾਘ ਮਹੀਨੇ ਦੀ ਮੱਸਿਆ ਦਾ ਦਿਹਾੜਾ ਗਊ ਪੂਜਾ ਨਾਲ ਮਨਾਇਆ ਗਿਆ। ਪੂਜਾ ਦੀ ਰਸਮ ਸਮਿਤੀ ਦੇ ਪ੍ਰਧਾਨ ਭੂਸ਼ਨ ਸੂਦ, ਉਨ੍ਹਾਂ ਦੀ ਪਤਨੀ ਮੰਜੂ ਸੂਦ ਅਤੇ ਪਰਿਵਾਰ ਵੱਲੋਂ ਕੀਤੀ ਗਈ। ਇਸ ਮੌਕੇ ਪ੍ਰੀਤ ਨਰਸਿੰਗ ਹੋਮ ਦੇ ਮਾਲਕ ਅਤੇ ਸਮਾਜ ਸੇਵੀ ਡਾ. ਅਮਰਜੀਤ ਸਿੰਘ ਅਨੇਤਾ, ਐਡਵੋਕੇਟ ਰਾਜ ਕੁਮਾਰ ਦੇਵੜਾ, ਸਮਿਤੀ ਦੇ ਸਰਪ੍ਰਸਤ ਪ੍ਰੇਮ ਚੰਦ ਸ਼ਰਮਾ, ਜਨਰਲ ਸਕੱਤਰ ਮਾਸਟਰ ਰਜੇਸ਼ ਕੁਮਾਰ, ਸੀਨੀਅਰ ਮੀਤ ਪ੍ਰਧਾਨ ਸੰਜੀਵ ਧੀਰ, ਜੁਆਇੰਟ ਸਕੱਤਰ ਸੁੰਦਰ ਲਾਲ ਝੱਟਾ, ਗਊਸ਼ਾਲਾ ਦੇ ਪ੍ਰਧਾਨ ਸਿਵ ਕੁਮਾਰ ਗਰਗ, ਸ੍ਰੀ ਰਾਮ ਮੰਦਰ ਅਮਲੋਹ ਦੇ ਖਜ਼ਾਨਚੀ ਸ਼ਿਵ ਕੁਮਾਰ ਗੋਇਲ, ਡਾ. ਹਿਮਾਂਸ਼ੂ ਸੂਦ, ਮਿਲਨ ਕੁਮਾਰ, ਸ਼ੈਫਾਲੀ ਕੌਸ਼ਲ, ਅਸ਼ੋਕ ਕੁਮਾਰ ਮੁਕਤਸਰ ਵਾਲੇ, ਅਸ਼ੋਕ ਧੰਮੀ, ਭੂਸ਼ਣ ਗਰਗ, ਸਵਰਨਜੀਤ ਸਿੰਘ, ਗਿਆਨ ਚੰਦ ਗਰਗ, ਗਣੇਸ਼ ਕੁਮਾਰ ਗੋਇਲ, ਸੁਰੇਸ਼ ਲੁਟਾਵਾ, ਗੁਰਮੇਲ ਸਿੰਘ, ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਜਤਿੰਦਰ ਕਰਕਰਾ, ਸੀਨੀਅਰ ਐਡਵੋਕੇਟ ਨਵੀਨ ਵਰਮਾ, ਅਜੈ ਕੁਮਾਰ, ਡਾ. ਮਨਜੀਤ ਸਿੰਘ ਮਣੀ, ਮਾਸਟਰ ਗੁਰਮੇਲ ਸਿੰਘ, ਸ਼ਵੇਤਾ ਸ਼ਰਮਾ,ਪ੍ਰੀਤੀ ਸ਼ਰਮਾ, ਕਮਲੇਸ਼ ਰਾਣੀ ਗਰਗ, ਸੰਦੀਪ ਕੁਮਾਰ ਅਤੇ ਰਜਨੀ ਬਾਲਾ ਸਮੇਤ ਵੱਡੀ ਗਿਣਤੀ ਵਿਚ ਸ਼ਰਧਾਲੂ ਹਾਜ਼ਰ ਸਨ। ਪੰਡਤ ਰਵਿੰਦਰ ਰਵੀ ਨੇ ਪੂਜਾ ਦੀ ਰਸਮ ਮੰਤਰਾਂ ਦੇ ਉਚਾਰਣ ਅਤੇ ਆਰਤੀ ਨਾਲ ਕਰਵਾਈ। ਬਾਅਦ ਵਿਚ ਖੀਰ, ਗਾਜ਼ਰ ਪਾਕ, ਫ਼ਲ ਅਤੇ ਸਮੋਸਿਆਂ ਦਾ ਲੰਗਰ ਲਗਾਇਆ ਗਿਆ। ਸ੍ਰੀ ਅਸ਼ੋਕ ਕੁਮਾਰ ਮੁਕਤਸਰ ਵਾਲਿਆਂ ਨੇ ਮੱਸਿਆ ਅਤੇ ਪੂਰਨਮਾਸ਼ੀ ਪੂਜਾ ਦੇ ਮਹੱਤਵ ਬਾਰੇ ਵਿਸਥਾਰ 'ਚ ਚਾਨਣਾ ਪਾਇਆ। ਸਮਿਤੀ ਦੇ ਪ੍ਰਧਾਨ ਭੂਸ਼ਨ ਸੂਦ ਨੇ ਦੱਸਿਆ ਕਿ ਸਮਿਤੀ ਵੱਲੋਂ ਹਰ ਮਹੀਨੇ ਦੀ ਪੂਰਨਮਾਸ਼ੀ ਅਤੇ ਮੱਸਿਆ ਦਾ ਦਿਹਾੜਾ ਗਊ ਪੂਜਾ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਕੋਈ ਵੀ ਵਿਅਕਤੀ ਆਪਣੇ ਪਰਿਵਾਰ ਵਲੋਂ ਪੂਜਾ ਕਰਵਾਉਂਣ ਲਈ ਸਮਿਤੀ ਦੇ ਕਿਸੇ ਵੀ ਅਹੁੱਦੇਦਾਰ, ਮੰਦਰ ਦੇ ਪੁਜਾਰੀ ਜਾਂ ਸ੍ਰੀ ਅਸ਼ੋਕ ਕੁਮਰ ਸੇਵਾਦਾਰ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਇਸ ਮੌਕੇ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।

# ਔਰਤਾਂ ਦੇ ਅਧਿਕਾਰਾਂ ਤੇ ਸੁਰੱਖਿਆ ਲਈ ਵਿਸ਼ੇਸ਼ ਜਾਗਰੂਕਤਾ ਸੈਮੀਨਾਰ



ਮੰਡੀ ਗੋਬਿੰਦਗੜ੍ਹ, 19 ਜਨਵਰੀ (ਸੂਦ) : ਔਰਤਾਂ ਦੀ ਸੁਰੱਖਿਆ ਅਤੇ ਨਿਆਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਸਖੀ ਵਨ ਸਟਾਪ ਸੈਂਟਰ ਵੱਲੋਂ ਪਿੰਡ ਮੁਗਲ ਮਾਜਰਾ ਵਿੱਚ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਮਹਿਲਾਵਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਅਤੇ ਸਖੀ ਵਨ ਸਟਾਪ ਸੈਂਟਰ ਵਿੱਚ ਉਪਲੱਬਧ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਅਨੂਰਤਨ ਕੌਰ ਦੀ ਅਗਵਾਈ ਹੇਠ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮਾਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ 'ਤੇ ਆਯੋਜਿਤ ਕੀਤਾ ਜਾ ਰਿਹਾ ਹੈ ਤਾਂ ਜੋ ਔਰਤਾਂ ਇਸ ਬਾਰੇ ਜਾਣਕਾਰੀ ਹਾਸਲ ਕਰ ਸਕਣ।

ਸੈਮੀਨਾਰ ਦੌਰਾਨ ਸਖੀ ਸੈਂਟਰ ਦੀ ਇੰਚਾਰਜ ਰਜਨੀ ਬਾਲਾ ਨੇ ਨਾ ਸਿਰਫ਼ ਕੇਂਦਰ ਦੀ ਭੂਮਿਕਾ ਬਾਰੇ ਦੱਸਿਆ ਸਗੋਂ ਉਨ੍ਹਾਂ ਨਾਲ ਹਿੰਸਾ ਦੀਆਂ ਕਿਸਮਾਂ, ਰਿਪੋਰਟ ਕਰਨ ਦੇ ਤਰੀਕਿਆਂ ਅਤੇ ਕਾਨੂੰਨੀ ਹੱਕਾਂ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਨੂੰ ਵੂਮੈਨ ਹੈਲਪਲਾਈਨ ਨੰਬਰ 181 ਦੀ ਵਰਤੋਂ ਬਾਰੇ ਵੀ ਸਮਝਾਇਆ ਗਿਆ, ਜਿਸ ਰਾਹੀਂ ਪੀੜਤ ਔਰਤ ਕਿਸੇ ਵੀ ਸਮੇਂ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੀ ਹੈ।

# ਰਮਨ ਬਹਿਲ ਵੱਲੋਂ ਨੈਸ਼ਨਲ ਖਿਡਾਰਨ ਜੂਡੋ ਕਰਾਟੇ ਸੀਰਤ ਲੂਣਾ ਦਾ ਸਨਮਾਨ



ਗੁਰਦਾਸਪੁਰ, 19 ਜਨਵਰੀ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ) : ਰਮਨ ਬਹਿਲ ਹਲਕਾ ਇੰਚਾਰਜ ਗੁਰਦਾਸਪੁਰ ਨੇ ਜੂਡੋ ਕਰਾਟੇ ਵਿੱਚ ਦੇਸ਼ ਭਰ ਵਿੱਚ ਜ਼ਿਲ੍ਹੇ ਦਾ ਨਾਮ ਚਮਕਾਉਣ ਵਾਲੀ ਪਿੰਡ ਕੋਠੇ ਘੁਰਾਲਾ ਦੀ ਨੈਸ਼ਨਲ ਖਿਡਾਰਨ ਸੀਰਤ ਲੂਣਾ ਨੂੰ ਸਨਮਾਨਿਤ ਕੀਤਾ ਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਗੱਲ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਖੇਡਾਂ ਨੂੰ ਪ੍ਰਫੁੱਲਿਤ ਕੀਤਾ ਗਿਆ ਹੈ ਅਤੇ ਖਿਡਾਰੀਆਂ ਨੂੰ ਖੇਡਣ ਦੇ ਮੌਕੇ ਮੁਹੱਈਆ ਕਰਵਾਏ ਗਏ ਹਨ। ਰਮਨ ਬਹਿਲ ਅੱਗੇ ਕਿਹਾ ਕਿ ਪੰਜਾਬ ਸਰਕਾਰ ਵਲੋਂ 'ਖੇਡਾਂ ਵਤਨ ਪੰਜਾਬ' ਕਰਵਾਈਆਂ ਗਈਆਂ, ਜਿਨ੍ਹਾਂ ਦਾ ਮੁੱਖ ਮਕਸਦ ਚੰਗੇ ਖਿਡਾਰੀ ਨੂੰ ਅੱਗੇ ਲਿਆਉਣਾ ਹੈ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਖਿਡਾਰਣ ਸ਼ੀਰਤ ਲੂਣਾ ਅੰਡਰ-14 ਜੂਡੋ ਕਰਾਟੇ ਵਿੱਚ ਲਗਾਤਾਰ ਗੋਲਡ ਮੈਡਲ ਜਿੱਤ ਕੇ ਖੇਡਾਂ ਦੇ ਖੇਤਰ ਵਿਚ ਅੱਗੇ ਵੱਧ ਰਹੀ ਹੈ। ਖਿਡਾਰਣ ਸ਼ੀਰਤ ਲੂਣਾ ਨੇ 2023 ਵਿਚ ਖੇਡਾਂ ਵਤਨ ਪੰਜਾਬ ਦੀਆਂ ਸਟੇਟ ਪੱਧਰ 'ਤੇ ਹੋਏ ਮੁਕਾਬਲੇ ਦੌਰਾਨ ਗੋਲਡ ਮੈਡਲ ਜਿੱਤਿਆ। 2024 ਵਿਚ ਵੀ ਗੋਲਡ ਮੈਡਲ ਜਿੱਤਿਆ, 68ਵੀਂ ਸਕੂਲ ਖੇਡਾਂ ਵਿਚ ਸੀਰਤ ਲੂਨਾ ਮੋਹਰੀ ਰਹੀ, 2024 ਵਿਚ ਗੋਲਡ ਮੈਡਲ ਜਿੱਤਿਆ ਅਤੇ ਨੈਸ਼ਨਲ ਇਨ ਗੁਜਰਾਤ ਕੁਆਲੀਫਾਈ ਕੀਤਾ। ਖਿਡਾਰਣ ਸੀਰਤ ਲੂਣਾ ਨੇ 48 ਸਬ ਯੂਨੀਅਰ ਖੇਡਾਂ 2024 ਵਿਚ ਗੋਲਡ ਮੈਡਲ ਅਤੇ ਸਟੇਟ ਲੈਵਲ ਅਤੇ ਨੈਸ਼ਨਲ ਲੈਵਲ 'ਤੇ ਕੁਆਲੀਫਾਈ ਕੀਤਾ ਅਤੇ ਪੰਜਵਾਂ ਸਥਾਨ ਨੈਸ਼ਨਲ ਲੈਵਲ 'ਤੇ ਹਾਸਲ ਕੀਤਾ। ਡੀ.ਏ.ਵੀ ਨੈਸ਼ਨਲ ਸਪੋਰਟਸ 2 ਵਾਰ ਨੈਸ਼ਨਲ ਚੈਂਪੀਅਨ ਰਹੀ ਅਤੇ 2025-26 ਵਿਚ ਗੋਲਡ ਮੈਡਲ ਜਿੱਤਿਆ। 49ਵੀਂ ਸਬ ਜੂਨੀਅਰ ਖੇਡਾਂ ਜੋ ਕਿ ਹੈਦਰਾਬਾਦ ਦੇ ਤੇਲੰਗਾਨਾ ਵਿਖੇ ਹੋਈਆਂ ਉਸ ਵਿਚ ਵੀ ਸਟੇਟ ਪੱਧਰ 'ਤੇ ਗੋਲਡ ਮੈਡਲ ਜਿੱਤਿਆ ਅਤੇ 2025-26 ਲਈ ਕੁਆਲੀਫਾਈ ਰਹੀ। 69ਵੀਂ ਸਕੂਲ ਖੇਡਾਂ 2025-26 ਵਿਚ ਨੈਸ਼ਨਲ ਲੈਵਲ 'ਤੇ ਗੋਲਡ ਮੈਡਲ ਜਿੱਤਿਆ ਅਤੇ ਨੈਸ਼ਨਲ ਖੇਡਾਂ 2025-26 ਲਈ ਕੁਆਲੀਫਾਈ ਕੀਤਾ।

# ਵਧ ਰਹੇ ਧਾਰਮਿਕ ਕੱਟੜਵਾਦ ਨੂੰ ਠੱਲ੍ਹ ਪਾਉਣ ਲਈ ਲੋਕ ਚੇਤਨਾ ਦਾ ਪਸਾਰ ਕਰਨ ਦਾ ਫ਼ੈਸਲਾ

ਲੁਧਿਆਣਾ, 19 ਜਨਵਰੀ (ਰਵਿੰਦਰ ਸਿੰਘ ਨਿੱਝਰ): ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਸਮੇਤ ਅਗਾਂਹ ਵਧੂ ਵਿਚਾਰਾਂ ਦੇ ਧਾਰਨੀ ਕਾਰਕੁੰਨਾਂ ਦੀ ਮੀਟਿੰਗ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਲੁਧਿਆਣਾ ਵਿਖੇ ਪ੍ਰੋ ਜਗਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਮੁੱਖ ਏਜੰਡਾ 'ਦੇਸ਼ 'ਚ ਵਧ ਰਿਹਾ ਧਾਰਮਿਕ ਕੱਟਵਾਦ ਅਤੇ ਹਕੂਮਤੀ ਸ਼ਹਿ ਹੇਠ ਪਨਪ ਰਿਹਾ ਭਗਵਾਂਕਰਨ' ਸੀ। ਇਸ ਮਸਲੇ ਦੇ ਸਬੰਧ ਵਿੱਚ ਚਰਚਾ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਣ ਸਿੰਘ ਨੇ ਕਿਹਾ ਕਿ ਮੌਜੂਦਾ ਹਾਲਤਾਂ ਦਾ ਜੇਕਰ ਆਜ਼ਾਦੀ ਦੀ ਲੜਾਈ ਦੇ ਸਮੇਂ ਨਾਲ ਮੁਲਾਂਕਣ ਕੀਤਾ ਜਾਵੇ ਤਾਂ ਅੰਗਰੇਜ਼ਾਂ ਨੇ ਵੀ ਲੋਕਾਂ ਦੀ ਧਾਰਮਿਕ ਕੱਟੜਤਾ ਨੂੰ ਨੀਤੀਗਤ ਨਿਰਣਿਆਂ ਰਾਹੀਂ ਅਪਣਾ ਰਾਜਭਾਗ ਹੋਰ ਲੰਮਾਂ ਕਰਨ ਹਿੱਤ ਵਰਤਿਆ। ਉਸ ਸਮੇਂ ਗਦਰ ਪਾਰਟੀ ਤੇ ਹੋਰ ਦੇਸ਼ ਭਗਤ ਚੇਤਨ ਲੋਕਾਂ ਨੇ ਸਮੂਹਿਕ ਤੌਰ 'ਤੇ ਲੋਕਾਂ ਨੂੰ ਚੇਤਨ ਕਰਨ ਲਈ ਧਰਮਾਂ ਦੇ ਵਖਰੇਵਿਆਂ ਨੂੰ ਰੱਦ ਕਰਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਇਕੱਠੇ ਹੋ ਕੇ ਲੜਾਈ ਲੜੀ।ਧਾਰਮਿਕ ਵਖਰੇਵਿਆਂ ਬਾਰੇ ਸਹਿਣਸ਼ੀਲਤਾ ਨੂੰ ਅਪਣਾਉਂਦੇ ਹੋਏ ਗਦਰ ਪਾਰਟੀ ਨੇ ਥੋੜ੍ਹੇ ਹੀ ਸਮੇਂ ਵਿੱਚ ਇੱਕ ਲਹਿਰ ਖੜ੍ਹੀ ਕੀਤੀ ਤੇ ਇਸ ਤੋਂ ਅੱਗੇ ਜਾ ਕੇ ਸਿੱਖਿਆ ਦੇ ਸਬੰਧ 'ਚ ਬਦਲਾਅ ਕਰਦੇ ਹੋਏ ਅਲੱਗ-ਅਲੱਗ ਸਕੂਲ ਖੋਲ੍ਹੇ ,ਤਾਂ ਕਿ ਲੋਕ ਅਜਿਹੀ ਸਿੱਖਿਆ ਪ੍ਰਾਪਤ ਕਰਨ ਜੋ ਉਹਨਾਂ ਨੂੰ ਗਿਆਨ ਪੱਖੋਂ ਚੇਤਨ ਕਰੇ ਅਤੇ ਗੁਲਾਮੀ ਦਾ ਅਹਿਸਾਸ ਕਰਵਾ ਕੇ ਗੁਲਾਮੀ ਵਿਰੁੱਧ ਸੰਘਰਸ਼ ਕਰਨ ਅਤੇ ਸਾਂਝੀਵਾਲਤਾ ਵਾਲੇ ਰਾਜਪ੍ਰਬੰਧ ਦੀ ਸਥਾਪਤੀ ਲਈ ਤਿਆਰ ਕੀਤੇ।

ਇਸ ਮੌਕੇ ਤਰਕਸ਼ੀਲ ਆਗੂ ਜਸਵੰਤ ਜੀਰਖ ਨੇ ਕਿਹਾ ਕਿ ਮੌਜੂਦਾ ਹਾਲਤਾਂ ਦੇਸ਼ ਤੇ ਸਮਾਜ ਲਈ ਬਹੁਤ ਖ਼ਤਰਨਾਕ ਹਾਲਤ ਵਿੱਚ ਪਹੁੰਚ ਚੁੱਕੀਆਂ ਹਨ। ਜਿਸ ਕਾਰਣ ਧਾਰਮਿਕ ਕੱਟੜਵਾਦ ਤਰ੍ਹਾਂ ਤਰ੍ਹਾਂ ਦੇ ਅੰਧਵਿਸ਼ਵਾਸ ਫੈਲਾਉਣ ਵੱਲ ਵਧ ਰਿਹਾ ਹੈ। ਇਸ ਕੱਟੜਵਾਦ ਦਾ ਹੀ ਇੱਕ ਰਸਤਾ ਫਾਸ਼ੀਵਾਦ ਵੱਲ ਵਧ ਰਿਹਾ ਹੈ, ਜੋ ਕਿ ਲੋਕ ਰਾਜ ਕਹੇ ਜਾਣ ਵਾਲੇ ਰਾਜ ਦਾ ਖ਼ਾਤਮਾ ਕਰਕੇ ਰਾਜਸ਼ਾਹੀ ਵੱਲ ਵਧ ਰਿਹਾ ਹੈ। ਦੂਜੇ ਪਾਸੇ ਸਰਕਾਰਾਂ ਵੱਲੋਂ ਲੋਕਾਂ ਦੀਆਂ ਮੁਢਲੀਆਂ ਜੀਵਨ ਲੋੜਾਂ ਅਤੇ ਸਮੱਸਿਆਵਾਂ ਵੱਲ ਧਿਆਨ ਦੇਣ ਦੀ ਥਾਂ ਹਰ ਮਸਲੇ ਨੂੰ ਧਾਰਮਿਕ ਰੰਗਤ ਦੇ ਕੇ ਉੱਪਰ ਵਾਲੇ ਦੇ ਭਰੋਸੇ ਛੱਡਣ ਨੂੰ ਮਹੱਤਤਾ ਦਿੱਤੀ ਜਾ ਰਹੀ ਹੈ।ਸਰਕਾਰੀ ਸਰਪ੍ਰਸਤੀ ਹੇਠ ਅਜਿਹੇ ਪ੍ਰਚਾਰਕ ਬਾਬੇ, ਸੁਆਮੀ , ਕਥਾ ਵਾਚਕ ਆਦਿ ਵੱਡੀ ਪੱਧਰ 'ਤੇ ਪੈਦਾ ਕੀਤੇ ਜਾ ਰਹੇ ਹਨ। ਹਰ ਸਰਕਾਰੀ ਮਹਿਕਮੇ ਦਾ ਨਿੱਜੀਕਰਣ ਕਰਕੇ ਆਪਣੇ ਮਿੱਤਰਾਂ ਅਤੇ ਕਾਰਪੋਰੇਟਾਂ ਦੀ ਝੋਲੀ ਪਾਇਆ ਜਾ ਰਿਹਾ ਹੈ। ਜਿਸ ਕਾਰਣ ਰੋਜ਼ਗਾਰ ਦੇ ਵਸੀਲੇ ਘਟਣ ਕਾਰਨ ਲੋਕਾਂ ਦੀ ਹਾਲਤ ਦਿਨੋ ਦਿਨ ਮਾੜੀ ਹੁੰਦੀ ਜਾ ਰਹੀ ਹੈ। ਇਸ ਸਮੇਂ ਇਹ ਵਿਚਾਰ ਉੱਭਰ ਕੇ ਆਇਆ ਕਿ ਸਮਾਜਿਕ ਸਹਿਣਸ਼ੀਲਤਾ ਤੇ ਵਿਗਿਆਨਕ ਚੇਤਨਾ ਫੈਲਾਉਣਾ ਬਹੁਤ ਜ਼ਰੂਰੀ ਹੈ। ਜਮਹੂਰੀ ਚੇਤਨਾ ਫੈਲਾਉਣ ਦੀ ਜ਼ੁੰਮੇਵਾਰੀ ਨਿਭਾਅ ਰਹੀਆਂ ਜੱਥੇਬੰਦੀਆਂ ਨੂੰ ਹੋਰ ਵੱਧ ਸ਼ਿੱਦਤ ਨਾਲ ਅੱਗੇ ਵਧਾਉਣ ਦੀ ਲੋੜ ਮਹਿਸੂਸ ਕਰਦਿਆਂ ਅਗਲਾ ਪ੍ਰੋਗਰਾਮ ਉਲੀਕਿਆ ਗਿਆ। ਇਸ ਬਾਰੇ ਤਹਿ ਕੀਤਾ ਗਿਆ ਕਿ ਵੱਧ ਤੋਂ ਵੱਧ ਲੋਕਾਂ ਵਿੱਚ ਇਹ ਚੇਤਨਾ ਫੈਲਾਉਣ ਲਈ ਨੌਜਵਾਨ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਨਾਲ ਜੋੜਨ ਲਈ 'ਸਾਡੀਆਂ ਸਮੱਸਿਆਵਾਂ ਵਿਗਿਆਨ ਤੇ ਅੰਧ ਵਿਸ਼ਵਾਸ' ਵਿਸ਼ੇ 'ਤੇ ਭਾਸ਼ਣ ਮੁਕਾਬਲੇ ਤੇ ਲੋਕ ਚੇਤਨਾ ਪ੍ਰੋਗਰਾਮ ਕੀਤੇ ਜਾਣ। ਇਸ ਮੀਟਿੰਗ ਵਿੱਚ ਉਪਰੋਕਤ ਦੇ ਇਲਾਵਾ ਡਾ. ਹਰਬੰਸ ਸਿੰਘ, ਐਡ. ਹਰਪ੍ਰੀਤ ਜੀਰਖ, ਹਰਚੰਦ ਭਿੰਡਰ, ਕਰਤਾਰ ਸਿੰਘ ਵੀਰਾਨ, ਅਜਮੇਰ ਦਾਖਾ ਕਸਤੂਰੀ ਲਾਲ, ਡਾ. ਸੋਹਨ ਸਿੰਘ, ਬਲਵਿੰਦਰ ਸਿੰਘ, ਰਾਕੇਸ਼ ਅਜ਼ਾਦ, ਪ੍ਰਤਾਪ ਕੁਮਾਰ, ਕਰਤਾਰ ਸਿੰਘ, ਡਾ. ਵਿਨੋਦ ਵਿਸ਼ਿਸ਼ਟ ਅਤੇ ਕਰਤਾਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਦਿਹਾੜਾ ਮਨਾਉਣ ਸਬੰਧੀ ਮੀਟਿੰਗ

ਲੁਧਿਆਣਾ, 19 ਜਨਵਰੀ (ਰਵਿੰਦਰ ਸਿੰਘ ਨਿੱਝਰ): ਧੰਨ-ਧੰਨ ਬਾਬਾ ਦੀਪ ਸਿੰਘ ਸੇਵਾ ਸੋਸਾਇਟੀ, ਦਸ਼ਮੇਸ਼ ਸੇਵਾ ਸੋਸਾਇਟੀ, ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ ਬਲਾਕ ਜੇ ਅਤੇ ਸਮੁੱਚੀ ਗੁਰਿੰਦਰ ਪਾਲ ਸਿੰਘ ਪੱਪੂ ਟੀਮ ਦੀ ਭਾਈ ਰਣਧੀਰ ਸਿੰਘ ਨਗਰ ਵਿੱਚ ਮੀਟਿੰਗ ਹੋਈ ਜਿਸ ਵਿੱਚ ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਉਣ ਦਾ ਫ਼ੈਸਲਾ ਕੀਤਾ ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਜਨਮ ਦਿਹਾੜੇ ਮੌਕੇ 26 ਜਨਵਰੀ ਨੂੰ ਬਾਅਦ ਦੁਪਹਿਰ 12 ਵਜੇ ਪੰਜ ਪਿਆਰਿਆਂ ਦੀ ਅਗਵਾਈ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਇਆ ਜਾਵੇਗਾ। ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ ਬਲਾਕ ਜੇ ਭਾਈ ਰਣਧੀਰ ਨਗਰ ਵਿੱਚ 24 ਜਨਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ ਜਿਨਾਂ ਦੀ ਸਮਾਪਤੀ 26 ਜਨਵਰੀ ਨੂੰ ਸਵੇਰੇ 10 ਵਜੇ ਹੋਵੇਗੀ। ਉਪਰੰਤ ਨਗਰ ਕੀਰਤਨ ਆਪਣੇ ਪੁਰਾਣੇ ਰੂਟ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿੱਚ ਸਮਾਪਤ ਹੋਵੇਗਾ। ਇਸਤੋਂ ਪਹਿਲਾਂ ਐਚ ਆਈ ਬਲਾਕ ਵਿੱਖੇ ਪੰਜਾਬ ਪੁਲਿਸ ਦੀ ਤੀਸਰੀ ਭਾਰਤੀ ਰਿਜ਼ਰਵ ਬਟਾਲੀਅਨ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਸਹਿਤ ਸਲਾਮੀ ਦਿੱਤੀ ਜਾਵੇਗੀ ਅਤੇ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। 24 ਜਨਵਰੀ ਨੂੰ ਇੱਕ ਧਾਰਮਿਕ ਫਿਲਮ ਦਿਖਾਈ ਜਾਵੇਗੀ ਅਤੇ 27 ਜਨਵਰੀ ਨੂੰ ਕੀਰਤਨ ਦਰਬਾਰ ਹੋਵੇਗਾ। ਸਮਾਗਮ ਸਬੰਧੀ ਇੱਕ ਪੋਸਟਰ ਵੀ ਜਾਰੀ ਕੀਤਾ ਗਿਆ।ਇਸ ਮੌਕੇ ਪ੍ਰਧਾਨ ਤਜਿੰਦਰ ਪਾਲ ਸਿੰਘ ਸਮਾਈਲ. ਗੁਲਸ਼ਨ ਸਿੰਘ ਬੁੱਟਰ, ਸੁਰਜੀਤ ਸਿੰਘ ਅਰੋੜਾ, ਨਗਿੰਦਰ ਸਿੰਘ, ਗੁਰਚਰਨ ਸਿੰਘ ਮਿੰਟਾ, ਸਚਿਨ ਅਰੋੜਾ, ਕੁਲਵਿੰਦਰ ਸ਼ਰਮਾ ਕਿੰਦਾ, ਮਨਮੋਹਨ ਸਿੰਘ ਮਨੀ, ਗੁਰਚਰਨ ਸਿੰਘ ਟੌਹੜਾ, ਵਰਿੰਦਰ ਸਿੰਘ ਸ਼ੈਲੀ, ਬਲਜਿੰਦਰ ਸਿੰਘ ਮਠਾੜੂ,ਕਰਮਜੀਤ ਸਿੰਘ ਸੇਠੀ. ਪਰਮਜੀਤ ਸਿੰਘ ਲਵਲੀ, ਰਜੇਸ਼ ਗੁਪਤਾ, ਦਲਜੀਤ ਸਿੰਘ ਚਹਿਲ, ਜਸਵੀਰ ਸਿੰਘ ਸਾਹਨੀ, ਰਵਿੰਦਰ ਪਾਲ ਸਿੰਘ, ਅਮਰਜੀਤ ਸਿੰਘ ਬਿੱਟੂ, . ਰਜਿੰਦਰ ਸਿੰਘ ਮਿਨੀ, ਕੁਲਵਿੰਦਰ ਸਿੰਘ ਰਾਜਨ, ਜਤਿੰਦਰ ਮਿੱਤਲ, ਦਲਜੀਤ ਸਿੰਘ ਖਾਲਸਾ, ਅਮਰਜੀਤ ਸਿੰਘ ਬਬਲਾ. ਅਜੀਤ ਪਾਲ ਸਿੰਘ, ਰਵਿੰਦਰ ਪਾਲ ਸਿੰਘ ਬੇਦੀ. ਕੁਲਦੀਪ ਸਿੰਘ.ਮਨਮੋਹਨ ਸਿੰਘ ਮੋਹਾਣੀ. ਨਰਿੰਦਰ ਪਾਲ ਸਿੰਘ ਸੋਨੂੰ ਅਤੇ ਲਖਵਿੰਦਰ ਸਿੰਘ ਵੱਡੀ ਗਿਣਤੀ ਵਿੱਚ ਸੰਗਤਾ ਹਾਜ਼ਰ ਸਨ।



# ਨਾਰੀ ਏਕਤਾ ਸੰਸਥਾ ਨੇ ਲੋਹੜੀ ਮੇਲਾ ਕਰਵਾਇਆ



ਲੁਧਿਆਣਾ, 19 ਜਨਵਰੀ (ਰਵਿੰਦਰ ਸਿੰਘ ਨਿੱਝਰ): ਨਾਰੀ ਏਕਤਾ ਆਸਰਾ ਸੰਸਥਾ ਵੱਲੋਂ 34ਵਾਂ ਸਲਾਨਾ ਲੜਕੀਆਂ ਦਾ ਲੋਹੜੀ ਮੇਲਾ ਰਾਧਾ ਕ੍ਰਿਸ਼ਨ ਮੰਦਿਰ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਉਚੇਚੇ ਤੌਰ ਤੇ ਪਹੁੰਚੇ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਪ੍ਰੋਗਰਾਮ ਦੇ ਸੰਚਾਲਕ ਬੀਬੀ ਕੁਲਵਿੰਦਰ ਕੌਰ ਗੋਗਾ ਅਤੇ ਇਲਾਕਾ ਕੌਂਸਲਰ ਸੋਹਣ ਸਿੰਘ ਗੋਗਾ ਦਾ ਨੋਟਾਂ ਦੇ ਹਾਰ ਪਾ ਕੇ ਸਿਰੀ ਸਾਹਿਬ ਭੇਂਟ ਕਰਕੇ ਸਨਮਾਨ ਕਰਦਿਆਂ ਕਿਹਾ ਕਿ ਨਵ-ਜਨਮੀਆਂ ਧੀਆਂ ਦੀ ਲੋਹੜੀ ਦੀ ਸ਼ੁਰੂਆਤ ਕਰਨ ਦਾ ਸਿਹਰਾ ਟੀਮ ਗੋਗਾ ਨੂੰ ਜਾਂਦਾ ਹੈ। ਗੋਗਾ ਕੌਂਸਲਰ ਅਤੇ ਬੀਬੀ ਗੋਗਾ ਨੇ ਕਿਹਾ ਕਿ ਨਵ-ਜਨਮੀਆਂ ਬੱਚੀਆਂ ਦੀ ਲੋਹੜੀ ਦਾ ਪ੍ਰੋਗਰਾਮ ਜਦੋਂ ਵੀ ਉਲੀਕਦੇ ਹਾਂ ਆਪਣੇ ਆਪ ਇਸ ਸਮਾਗਮ ਨੂੰ ਸਫਲ ਬਨਾਉਣ ਵਾਲੀਆਂ ਸਖਸ਼ੀਅਤਾਂ ਹਾਜ਼ਰ ਹੋ ਜਾਂਦੀਆਂ ਹਨ। ਕਰਮਦੀਪ ਬਿਰਦੀ ਤੇ ਗੈਵੀ ਬਿਰਦੀ ਨੇ ਚੁਟਕਲੇ ਸੁਣਾਏ।ਅਵਨੀਤ ਅਤੇ ਮਹਿਕਪ੍ਰੀਤ ਵੱਲੋਂ ਬੱਚਿਆਂ ਨੂੰ ਸਿਖਾਏ ਗਏ ਗਿੱਧੇ, ਭੰਗੜੇ ਅਤੇ ਹੋਰ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਗੁਰਚਰਨ ਸਿੰਘ ਗੁਰੂ ਨੇ ਸਟੇਜ ਸੰਚਾਲਨ ਕੀਤਾ। ਲੋਹੜੀ ਦੀ ਧੂਣੀ ਬਾਲੀ ਗਈ। ਇਸ ਸਮੇਂ ਬਲਜੀਤ ਕੌਰ, ਹਰਜੀਤ ਕੌਰ ਭੱਟੀ, ਸਰਿਤਾ ਰਾਣੀ, ਹਰਦੇਵ ਕੌਰ, ਅਮਨ, ਸ਼ਿਮਲਾ ਗੋਇਲ, ਕਾਂਤਾ ਸ਼ਰਮਾ, ਇਕਬਾਲ ਕੌਰ, ਪ੍ਰੀਤ, ਮਨਦੀਪ ਕੌਰ, ਰਮਨਪ੍ਰੀਤ ਕੌਰ, ਅਨੂ ਬਾਲਾ, ਜਸਕੀਰਤ ਕੌਰ, ਅਮਨ ਲੌਂਗੀਆਂ ਤੇ ਜਨਕ ਮਹਾਜਨ ਤੋਂ ਇਲਾਵਾ ਸੁਖਵਿੰਦਰ ਦਹੇਲਾ, ਭਾਈ ਕੁਲਵੀਰ ਸਿੰਘ ਪੱਪੂ, ਚਤਰ ਸਿੰਘ, ਬਲਜੀਤ ਸਿੰਘ ਅਤੇ ਹਰਮਨਪ੍ਰੀਤ ਸਿੰਘ ਹੂੰਜਣ ਆਦਿ ਵੀ ਹਾਜ਼ਰ ਸਨ।

# ਬਲੌਸਜ਼ਮ ਕਾਨਵੈਂਟ ਸਕੂਲ ਵਿਖੇ "ਰਾਸ਼ਟਰੀ ਸੜਕ ਸੁਰੱਖਿਆ" 'ਤੇ ਵਿਸੇਸ਼ ਸੈਮੀਨਾਰ

ਜਗਰਾਓਂ, 19 ਜਨਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ ਦਵਿੰਦਰ ਜੈਨ): ਡਾ. ਅੰਕੁਰ ਗੁਪਤਾ IPS ਐਸ ਐਸ ਪੀ ਸਾਹਿਬ ਲੁਧਿਆਣਾ ਦਿਹਾਤੀ ਦੇ ਹੁਕਮਾਂ ਤਹਿਤ, ਕੁਲਵੰਤ ਸਿੰਘ ਡੀ, ਐਸ,ਪੀ, ਪੀ ਬੀ




ਆਈ/ਟਰੈਫਿਕ ਕੁਮਾਰ ਸਿੰਘ ਇੰਚਾਰਜ ਟਰੈਫਿਕ ਜਗਰਾਉਂ ਦੀ ਅਗਵਾਈ ਵਿੱਚ ਏ, ਐਸ, ਆਈ ਹਰਪਾਲ ਸਿੰਘ ਇੰਚਾਰਜ ਟਰੈਫਿਕ ਐਜੂਕੇਸ਼ਨ ਸੈਲ ਜਗਰਾਉਂ ਵੱਲੋਂ ਬਲੌਸਜ਼ਮ ਕਾਨਵੈਂਟ ਸਕੂਲ ਵਿਖੇ ਸਕੂਲ ਬੱਸਾਂ ਦੇ ਡਰਾਈਵਰਾਂ /ਹੈਲਪਰਾ ਨੂੰ ' ਸੇਫ ਸਕੂਲ ਵਾਹਨ' ਸਬੰਧੀ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਟਰੈਫਿਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਏ, ਐਸ, ਆਈ ਹਰਪਾਲ ਸਿੰਘ ਵੱਲੋ ਡਰਾਇਵਰਾਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੱਡੀਆਂ ਦੇ ਫਿਟਨੇਸ ਸਰਟੀਫਿਕੇਟ, ਦਸਤਾਵੇਜ਼ ਦੇ ਨਾਲ-ਨਾਲ ਬੱਚਿਆਂ ਦੀ ਸੇਫਟੀ ਲਈ ਸਕੂਲ ਗੱਡੀਆਂ ਵਿੱਚ ਸਪੀਡ ਗਵਰਨਰ,ਫਸਟ ਏਡ ਕਿੱਟ, ਅੱਗ ਬੁਝਾਊ ਯੰਤਰ, ਸੀ ਸੀ ਟੀਵੀ ਕੈਮਰੇ ਅਤੇ ਹੈਲਪਰਾ ਦਾ ਹੋਣਾ ਜਰੂਰੀ ਹੈ , ਵਹੀਕਲ ਚਲਾਉਂਦੇ ਸਮੇ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ , ਤੇਜ ਰਫਤਾਰ ਗੱਡੀ ਨਾ ਚਲਾਓ,ਸਰਾਬ ਪੀ ਕੇ ਗੱਡੀ ਨਾ ਚਲਾਓ, ਟਰੈਫਿਕ ਨਿਯਮਾਂ ਦੀ ਅਤੇ ਸੜਕਾਂ ਉੱਤੇ ਲੱਗੇ ਸੜਕੀ ਚਿੰਨ੍ਹਾਂ ਦੀ ਪਾਲਣਾ ਕਰੋ ਤਾ, ਧੁੰਦ ਦੇ ਮੌਸਮ ਵਿੱਚ ਗੱਡੀ ਤੋਂ ਗੱਡੀ ਦੀ ਦੂਰੀ ਬਣਾਕੇ ਰੱਖੋ ਤਾਂ ਜੋ ਸੜਕੀ ਹਾਦਸਿਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ.ਨਵਨੀਤ ਕੌਰ ਨੇ ਪ੍ਰਸ਼ਾਸਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਸੜਕ-ਸੁਰੱਖਿਆ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਇਹਨਾਂ ਯਤਨਾਂ ਸਦਕਾ ਇੱਕ ਸੇਧ ਮਿਲਦੀ ਹੈ ਤੇ ਹਾਦਸਿਆਂ ਤੋਂ ਬਚਾਅ ਰਹਿੰਦਾ ਹੈ।ਅਸੀਂ ਸਮੇਂ-ਸਮੇਂ ਦੌਰਾਨ ਅਜਿਹੇ ਸੈਮੀਨਾਰ ਕਰਦੇ ਰਹਿੰਦੇ ਹਾਂ ਤਾਂ ਜੋ ਵਿਦਿਆਰਥੀਆਂ ਦੇ ਸਫਰ ਨੂੰ ਸੇਫ ਰੱਖਿਆ ਜਾ ਸਕੇ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਪ੍ਰਸ਼ਾਸਨ ਦੇ ਇਸ ਵਿਸ਼ੇਸ ਯਤਨ ਦੀ ਅਸੀਂ ਸ਼ਲਾਘਾ ਵੀ ਕਰਦੇ ਹਾਂ ਨਿਯਮਾਂ ਦੀ ਪਾਲਣਾ ਕਰਨ ਲਈ ਵਚਨਬੱਧ ਵੀ ਹਾਂ।

# ਮਹਿਲਾ ਵਿੰਗ ਨੂੰ ਮਜ਼ਬੂਤ ਕਰਨ ਲਈ ਕੀਤੀਆਂ ਜਾ ਰਹੀਆਂ ਨੇ ਮੀਟਿੰਗਾਂ : ਕੌਰ

ਲੁਧਿਆਣਾ,19 ਜਨਵਰੀ (ਵਿਸ਼ਾਲ ਸ਼ਰਮਾ) ਆਮ ਆਦਮੀ ਪਾਰਟੀ ਮਹਿਲਾ ਵਿੰਗ ਮਾਲਵਾ ਜ਼ੋਨ ਔਰਤਾਂ ਨੂੰ ਸ਼ਾਮਲ ਕਰਨ ਲਈ ਬਲਾਕ ਅਤੇ ਵਾਰਡ ਪੱਧਰ 'ਤੇ ਮਹੱਤਵਪੂਰਨ ਮੀਟਿੰਗਾਂ ਦੀ ਇੱਕ ਲੜੀ ਕਰ ਰਹੀ ਹੈ। ਸੂਬਾ ਸਰਕਾਰ ਦੀਆਂ ਨੀਤੀਆਂ ਤੋਂ ਪ੍ਰੇਰਿਤ ਹੋ ਕੇ, ਰੋਜ਼ਾਨਾ ਹਜ਼ਾਰਾਂ ਔਰਤਾਂ ਸੰਗਠਨ ਵਿੱਚ ਸ਼ਾਮਲ ਹੋ ਰਹੀਆਂ ਹਨ। ਆਮ ਆਦਮੀ ਪਾਰਟੀ ਮਹਿਲਾ ਵਿੰਗ ਮਾਲਵਾ ਸੈਂਟਰਲ ਜ਼ੋਨ ਦੀ ਇੰਚਾਰਜ ਅਜਿੰਦਰ ਕੌਰ ਨੇ ਇਹ ਟਿੱਪਣੀਆਂ ਸਥਾਨਕ ਆਤਮ ਨਗਰ ਵਿਧਾਨ ਸਭਾ ਹਲਕੇ ਦੇ ਵਾਰਡ ਨੰਬਰ 42 ਅਤੇ 44 ਯੂਨਿਟਾਂ ਦੇ ਬਲਾਕ ਪ੍ਰਧਾਨ ਹਰਪ੍ਰੀਤ ਪੰਨੂ ਦੇ ਨਿਵਾਸ ਸਥਾਨ 'ਤੇ ਆਯੋਜਿਤ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤੀਆਂ। ਹਲਕਾ ਵਿਧਾਇਕ ਕੁਲਵੰਤ ਸਿੱਧੂ ਅਤੇ ਜ਼ਿਲ੍ਹਾ ਮਹਿਲਾ ਵਿੰਗ ਇੰਚਾਰਜ ਮਨੀਸ਼ਾ ਕਪੂਰ ਪ੍ਰਮੁੱਖ ਤੌਰ 'ਤੇ ਮੌਜੂਦ ਸਨ। ਵਿਧਾਇਕ ਕੁਲਵੰਤ ਸਿੱਧੂ ਨੇ ਮਹਿਲਾ ਵਿੰਗ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਪਿਛਲੇ ਕੁਝ ਸਾਲਾਂ ਦੌਰਾਨ ਹੜ੍ਹ ਰਾਹਤ ਕਾਰਜਾਂ ਵਿੱਚ ਮਾਲਵਾ ਜ਼ੋਨ ਇੰਚਾਰਜ ਅਜਿੰਦਰ ਕੌਰ ਦੀ ਅਗਵਾਈ ਵਾਲੀ ਟੀਮ ਵੱਲੋਂ ਕੀਤੇ ਗਏ ਸ਼ਲਾਘਾਯੋਗ ਕੰਮ ਦਾ ਵੀ ਜ਼ਿਕਰ ਕੀਤਾ। ਅਜਿੰਦਰ ਕੌਰ ਨੇ ਦੱਸਿਆ ਕਿ ਮਹਿਲਾ ਵਿੰਗ ਪੇਂਡੂ ਖੇਤਰਾਂ ਵਿੱਚ ਔਰਤਾਂ ਨੂੰ ਸਵੈ-ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰ ਰਹੀ ਹੈ। ਮੀਟਿੰਗ ਵਿੱਚ ਮਹਿਲਾ ਵਿੰਗ ਹਲਕਾ ਕੋਆਰਡੀਨੇਟਰ ਸੁਖਪ੍ਰੀਤ ਕੌਰ, ਬਲਾਕ ਪ੍ਰਧਾਨ ਸੁਮਨਜੀਤ ਕੌਰ, ਡਿੰਪਲ ਵਾਸਨ, ਵਾਰਡ ਪ੍ਰਧਾਨ ਪਰਮਜੀਤ ਕੌਰ, ਅਮਨ, ਮੀਰਾ ਸ਼ਰਮਾ, ਰਿੰਪਲ ਅਤੇ ਆਸਨ ਦੇ ਨਾਲ-ਨਾਲ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਵਿਪਨ ਸੇਠੀ, ਯੂਥ ਵਿੰਗ ਕੋਆਰਡੀਨੇਟਰ ਜਸਮੀਤ ਸਿੰਘ ਰੀਗਲ ਅਤੇ ਸੋਸ਼ਲ ਮੀਡੀਆ ਇੰਚਾਰਜ ਗੁਰਪ੍ਰੀਤ ਰਾਜਾ ਸਮੇਤ ਹੋਰ ਲੋਕ ਸ਼ਾਮਲ ਹੋਏ।



# ਸਪੈਟਾ ਦਾ ਵਫ਼ਦ ਕੈਬਨਿਟ ਮੰਤਰੀ ਮੁੰਡੀਆਂ ਨੂੰ ਮਿਲਿਆ

ਲੁਧਿਆਣਾ, 19 ਜਨਵਰੀ (ਰਵਿੰਦਰ ਸਿੰਘ ਨਿੱਝਰ): ਪ੍ਰਾਇਮਰੀ ਅਧਿਆਪਕਾਂ ਦੀ ਜਥੇਬੰਦੀ ਸਰਕਾਰੀ ਪ੍ਰਾਇਮਰੀ ਐਲੀਮੈਂਟਰੀ ਟੀਚਰਜ਼ ਐਸੋਸੀਏਸ਼ਨ ਪੰਜਾਬ (ਸਪੈਟਾ) ਦਾ ਵਫ਼ਦ ਅਧਿਆਪਕ ਮਸਲਿਆਂ ਸੰਬੰਧੀ ਹਰਦੀਪ ਸਿੰਘ ਮੁੰਡੀਆਂ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੂੰ ਮਿਲਿਆ। ਇਸ ਬਾਬਤ ਜਥੇਬੰਦੀ ਦੇ ਸਰਪ੍ਰਸਤ ਧੰਨਾ ਸਿੰਘ ਸਵੱਦੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਧਿਆਪਕਾਂ ਦੀਆਂ ਤਰੱਕੀਆਂ ਬਾਬਤ ਮਾਨਯੋਗ ਸੁਪਰੀਮ ਕੋਰਟ ਵਲੋਂ ਜੋ ਟੈਟ ਦੀ ਸ਼ਰਤ ਲਗਾਈ ਗਈ ਹੈ ਉਸ ਸੰਬੰਧੀ ਮੰਤਰੀ ਸਾਹਿਬ ਕੋਲ ਗੁਹਾਰ ਲਗਾਈ ਗਈ ਹੈ ਕਿ ਲੱਖਾਂ ਅਧਿਆਪਕਾਂ ਦੇ ਹਿੱਤਾਂ ਦੀ ਰਾਖੀ ਲਈ ਵਿਧਾਨ ਸਭਾ ਵਿੱਚ ਆਰਡੀਨੈਂਸ ਲਿਆ ਕੇ ਕੇਂਦਰ ਸਰਕਾਰ ਕੋਲ ਪੰਜਾਬ ਦੇ ਸਮੁੱਚੇ ਅਧਿਆਪਕ ਵਰਗ ਦਾ ਮਜ਼ਬੂਤੀ ਨਾਲ ਪੱਖ ਰੱਖਿਆ ਜਾਵੇ ਤਾਂ ਜੋ ਪਿਛਲੇ ਕਈ ਸਾਲਾਂ ਤੋਂ ਹਰੇਕ ਕਾਡਰ ਵਿੱਚ ਤਰੱਕੀਆਂ ਉਡੀਕ ਰਹੇ ਅਧਿਆਪਕਾਂ ਨੂੰ ਬਣਦਾ ਹੱਕ ਮਿਲ ਸਕੇ।ਇਸ ਤੋਂ ਇਲਾਵਾ ਡੀ. ਏ. ਦੀਆਂ ਕਿਸ਼ਤਾਂ ਜਾਰੀ ਕਰਨ, ਜਨਰਲ ਅਤੇ ਓ ਬੀ ਸੀ ਵਿਦਿਆਥੀਆਂ ਦੇ ਵਰਦੀਆਂ ਦੇ ਬਿੱਲ ਖ਼ਜ਼ਾਨਾ ਦਫਤਰਾਂ ਰਾਹੀਂ ਕਲੀਅਰ ਕਰਨ ਤੋਂ ਬਿਨਾਂ ਕੁਝ ਹੋਰ ਅਧਿਆਪਕ ਮਸਲੇ ਵੀ ਵਿਚਾਰੇ ਗਏ। ਇਹਨਾਂ ਮੰਗਾਂ ਸੰਬੰਧੀ ਹਰਦੀਪ ਸਿੰਘ ਮੁੰਡੀਆਂ ਕੈਬਨਿਟ ਮੰਤਰੀ ਵਲੋਂ ਕਿਹਾ ਗਿਆ ਕਿ ਪੰਜਾਬ ਦਾ ਸਮੁੱਚਾ ਮੁਲਾਜ਼ਮ ਵਰਗ ਸਰਕਾਰ ਦਾ ਅਨਿਖੜਵਾਂ ਅੰਗ ਹੈ। ਜੋ ਮੰਗਾਂ ਅੱਜ ਸਪੈਟਾ ਜਥੇਬੰਦੀ ਵਲੋਂ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ ਆਉਣ ਵਾਲੀ ਮੀਟਿੰਗ ਵਿੱਚ ਜਰੂਰ ਵਿਚਾਰੀਆਂ ਜਾਣਗੀਆਂ। ਅੱਜ ਵਫ਼ਦ ਵਿੱਚ ਸ਼ੇਰ ਸਿੰਘ ਛਿੱਬਰ ਸੂਬਾ ਪ੍ਰਧਾਨ, ਕਮਲਜੀਤ ਸਿੰਘ ਲਾਇਲ, ਕੁਲਦੀਪ ਸਿੰਘ ਹਸਨਪੁਰ, ਜਸਵਿੰਦਰਪਾਲ ਸਿੰਘ ਕੰਗ,ਬਿੱਕਰ ਸਿੰਘ, ਕੁਲਦੀਪ ਸਿੰਘ ਹੇਲਰਾਂ ਸ਼ਾਮਿਲ ਹੋਏ।



# ਪੀ.ਐਸ.ਪੀ.ਸੀ.ਐਲ. ਨੂੰ ਮਿਲੇ 45 ਨਵੇਂ ਲਾਈਨਮੈਨਜ਼, ਬਿਜਲੀ ਸੇਵਾਵਾਂ ਹੋਣਗੀਆਂ ਮਜ਼ਬੂਤ : ਸੌਂਦ

ਲੁਧਿਆਣਾ, 19 ਜਨਵਰੀ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਖੰਨਾ ਤੋਂ ਵਿਧਾਇਕ ਅਤੇ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ ਸੌਂਦ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਖੰਨਾ ਦੇ ਐਸ.ਈ ਸੁਖਜੀਤ ਸਿੰਘ ਅਤੇ ਸੀਨੀਅਰ ਐਕਸੀਅਨ ਅਮਨ ਗੁਪਤਾ ਦੇ ਨਾਲ ਦਫਤਰ ਪੀ.ਐਸ.ਪੀ.ਸੀ. ਐਲ, ਖੰਨਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਚੱਲ ਰਹੀ ਪੰਜਾਬ ਸਰਕਾਰ ਵੱਲੋਂ ਪੰਜਾਬੀਆਂ ਦੀਆਂ ਜ਼ਿੰਦਗੀਆਂ ਰੁਸ਼ਨਾਉਣ ਲਈ 'ਮਿਸ਼ਨ ਰੋਜ਼ਗਾਰ' ਤਹਿਤ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਹਲਕਾ ਖੰਨਾ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿੱਚ ਕੁੱਲ 45 ਨਵੇਂ ਲਾਈਨਮੈਨਜ਼ ਮਿਲੇ ਹਨ, ਇਹਨਾਂ ਵਿੱਚੋਂ 25 ਅਪਰੈਂਟਿਕ ਲਾਈਨਮੈਨ ਅਤੇ 20 ਸਹਾਇਕ ਲਾਈਨਮੈਨ (ਏ.ਐਮ. ਐਲ) ਹਨ। ਇਹਨਾਂ ਲਾਈਨਮੈਨਾਂ ਨੇ 2 ਦਸੰਬਰ 2025 ਨੂੰ ਆਪਣੀ ਨੌਕਰੀ ਜੁਆਇਨ ਕਰ ਲਈ ਹੈ। ਮੰਤਰੀ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੇ 4 ਸਾਲਾਂ ਵਿੱਚ ਸੂਬੇ ਦੇ ਨੌਜਵਾਨਾਂ ਨੂੰ 61,000 ਤੋਂ ਵੱਧ ਸਰਕਾਰੀ ਨੌਕਰੀਆਂ ਦੇ ਕੇ ਨਵਾਂ ਮੀਲ ਪੱਥਰ ਕਾਇਮ ਕੀਤਾ ਹੈ। ਉਨ੍ਹਾਂ ਨੇ ਕਿਹਾ, ਪਿਛਲੀਆਂ ਸਰਕਾਰਾਂ ਆਪਣੇ ਕਾਰਜਕਾਲ ਦੇ ਆਖਰੀ ਸਮੇਂ 'ਤੇ ਨੌਜਵਾਨਾਂ ਨੂੰ ਕੁਝ ਕੁ ਨੌਕਰੀਆਂ ਦੇ ਕੇ ਰਸਮੀ ਕਾਰਵਾਈ ਕਰਦੀਆਂ ਸਨ ਪਰ ਸਾਡੀ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਨੌਕਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਸ ਨਾਲ ਨੌਜਵਾਨਾਂ ਨੂੰ ਹੁਣ ਤੱਕ 61,000 ਤੋਂ ਵੱਧ ਸਰਕਾਰੀ ਨੌਕਰੀਆਂ ਮਿਲ ਚੁੱਕੀਆਂ ਹਨ।' ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੇ ਬਿਨਾਂ ਕਿਸੇ ਸਿਫਾਰਸ਼ ਤੋਂ ਆਪਣੀ ਯੋਗਤਾ ਦੇ ਆਧਾਰ 'ਤੇ ਇਹ ਨੌਕਰੀਆਂ ਹਾਸਲ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਦਿੱਤਾ। ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ 61,000 ਨੌਕਰੀਆਂ ਨਿਰੋਲ ਮੈਰਿਟ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਚੇਅਰਮੈਨ ਮਾਰਕੀਟ ਕਮੇਟੀ ਖੰਨਾ ਜਗਤਾਰ ਸਿੰਘ ਗਿੱਲ ਰਤਨਹੇੜੀ, ਜ਼ਿਲ੍ਹਾ ਪ੍ਰੀਸ਼ਦ ਤੇ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਮੈਂਬਰ ਮਾਸਟਰ ਅਵਤਾਰ ਸਿੰਘ ਦੈਹਿੜੂ, ਪੀ.ਐਸ.ਪੀ.ਸੀ. ਐਲ ਖੰਨਾ ਦੇ ਐਸ.ਈ ਸੁਖਜੀਤ ਸਿੰਘ, ਸੀਨੀਅਰ ਐਕਸੀਅਨ ਅਮਨ ਗੁਪਤਾ, ਐਸ.ਡੀ.ਓ ਅੰਕੁਸ਼, ਕੌਂਸਲਰ ਸੁਖਮਨਜੀਤ ਸਿੰਘ ਬਡਗੁੱਜਰ, ਪੀ.ਏ ਮਹੇਸ਼ ਕੁਮਾਰ, ਕੁਲਵੰਤ ਸਿੰਘ ਮਹਿਮੀ, ਪੁਨੀਤ ਖੱਟਰ, ਅਮਰਿੰਦਰ ਸਿੰਘ ਚਾਹਲ, ਅਵਤਾਰ ਸਿੰਘ ਮਾਨ, ਦਰਸ਼ਨ ਸਿੰਘ, ਹਵਾ ਸਿੰਘ, ਮਨਜੀਤ ਸਿੰਘ ਫ਼ੌਜੀ ਵੀ ਹਾਜ਼ਰ ਸਨ।



# ਪੁਲਿਸ ਨੂੰ ਸੰਗਠਿਤ ਅਪਰਾਧ ਵਿਰੁੱਧ ਵੱਡੀ ਸਫਲਤਾ ਮਿਲੀ

ਲੁਧਿਆਣਾ, 19 ਜਨਵਰੀ (ਵਿਸ਼ਾਲ ਸ਼ਰਮਾ): ਐਸਐਸਪੀ ਖੰਨਾ ਡਾ. ਦਰਪਨ ਆਹਲੂਵਾਲੀਆ, ਐਸਪੀ (ਜਾਂਚ) ਪਵਨਜੀਤ ਦੀ ਅਗਵਾਈ ਹੇਠ ਖੰਨਾ ਪੁਲਿਸ ਨੇ ਸੰਗਠਿਤ ਅਪਰਾਧੀਆਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧ ਵਿੱਚ, ਡੀਐਸਪੀ (ਜਾਂਚ) ਮੋਹਿਤ ਸਿੰਗਲਾ ਅਤੇ ਡੀਐਸਪੀ ਪਾਇਲ ਜਸਬਿੰਦਰ ਸਿੰਘ ਖਹਿਰਾ ਦੀ ਨਿਗਰਾਨੀ ਹੇਠ ਐਸਐਚਓ ਦੋਰਾਹਾ ਇੰਸਪੈਕਟਰ ਆਕਾਸ਼ ਦੱਤ ਅਤੇ ਇੰਚਾਰਜ ਸੀਆਈਏ ਐਸਆਈ ਨਰਪਿੰਦਰਪਾਲ ਦੀ ਅਗਵਾਈ ਵਾਲੀ ਇੱਕ ਪੁਲਿਸ ਟੀਮ ਨੇ ਐਫਆਈਆਰ ਨੰਬਰ 158 ਮਿਤੀ 10.10.2025 ਵਿੱਚ ਸ਼ਾਮਲ ਮੁਲਜ਼ਮਾਂ ਨੂੰ ਦੋਰਾਹਾ ਪੁਲਿਸ ਸਟੇਸ਼ਨ ਵਿਖੇ ਧਾਰਾ 109, 111(2) ਬੀਐਨਐਸ ਤੇ ਅਸਲਾ ਐਕਟ ਦੀ ਧਾਰਾ 25/54/59 ਅਧੀਨ ਦਰਜ ਕੀਤਾ ਗਿਆ ਸੀ। ਮੁੱਖ ਦੋਸ਼ੀ, ਹਰਸਿਮਰਨ ਮੰਡ, ਵਾਸੀ ਡੇਹਲੋਂ, ਆਪਣੇ ਸਾਥੀ ਨਾਲ ਕਾਲੇ ਰੰਗ ਦੀ ਸਕਾਰਪੀਓ-ਐਨ ਵਿੱਚ ਯਾਤਰਾ ਕਰ ਰਿਹਾ ਸੀ। ਰੋਕੇ ਜਾਣ 'ਤੇ, ਮੁਲਜ਼ਮਾਂ ਨੇ ਜਾਣਬੁੱਝ ਕੇ ਆਪਣੀ ਗੱਡੀ ਪੁਲਿਸ ਪਾਰਟੀ ਦੀ ਗੱਡੀ ਵਿੱਚ ਟੱਕਰ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ, ਮੁਲਜ਼ਮ ਹਰਸਿਮਰਨ ਮੰਡ ਨੇ ਪੁਲਿਸ ਪਾਰਟੀ 'ਤੇ ਤਿੰਨ ਗੋਲੀਆਂ ਚਲਾਈਆਂ। ਗੋਲੀਆਂ ਪੁਲਿਸ ਗੱਡੀ ਨੂੰ ਲੱਗੀਆਂ ਅਤੇ ਐਸਐਚਓ ਦੋਰਾਹਾ ਦੀ ਛਾਤੀ 'ਤੇ ਵੀ ਲੱਗੀਆਂ, ਜੋ ਬੁਲੇਟ-ਪਰੂਫ ਜੈਕੇਟ ਪਹਿਨਣ ਕਾਰਨ ਬਚ ਗਏ। ਇੰਸਪੈਕਟਰ ਆਕਾਸ਼ ਦੱਤ ਨੇ ਮੁਸੀਬਤ ਦਾ ਸਾਹਮਣਾ ਕਰਦੇ ਹੋਏ ਅਸਾਧਾਰਨ ਹਿੰਮਤ ਦਿਖਾਈ। ਪੁਲਿਸ ਪਾਰਟੀ ਵੱਲੋਂ ਸਵੈ-ਰੱਖਿਆ ਵਿੱਚ ਕੀਤੀ ਗਈ ਕਾਰਵਾਈ ਵਿੱਚ, ਦੋਸ਼ੀ ਹਰਸਿਮਰਨ ਮੰਡ ਦੇ ਹੇਠਲੇ ਅੰਗਾਂ ਵਿੱਚ ਗੋਲੀ ਲੱਗੀ। ਦੋਵਾਂ ਮੁਲਜ਼ਮਾਂ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ। ਦੂਜੇ ਮੁਲਜ਼ਮ ਦੀ ਪਛਾਣ ਇਵਨਜੋਤ ਸਿੰਘ, ਵਾਸੀ ਰਾੜਾ ਸਾਹਿਬ, ਥਾਣਾ ਪਾਇਲ ਵਜੋਂ ਹੋਈ ਹੈ। ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਗੈਰ-ਕਾਨੂੰਨੀ ਪਿਸਤੌਲ ਬਰਾਮਦ ਕੀਤੇ ਗਏ ਹਨ। ਜ਼ਖਮੀ ਮੁਲਜ਼ਮ ਨੂੰ ਤੁਰੰਤ ਐਮਰਜੈਂਸੀ ਡਾਕਟਰੀ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ। ਇਹ ਦੱਸਣਾ ਜ਼ਰੂਰੀ ਹੈ ਕਿ ਦੋਸ਼ੀ ਹਰਸਿਮਰਨ ਮੰਡ ਦਾ ਕਮਿਸ਼ਨਰੇਟ ਲੁਧਿਆਣਾ ਅਤੇ ਖੰਨਾ ਜ਼ਿਲ੍ਹੇ ਵਿੱਚ ਅਪਰਾਧਿਕ ਇਤਿਹਾਸ ਹੈ ਅਤੇ ਉਹ ਸੰਗਠਿਤ ਅਪਰਾਧ ਸਿੰਡੀਕੇਟ, ਹਿੰਸਕ ਘਟਨਾਵਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਵਰਤੋਂ ਵਿੱਚ ਸ਼ਾਮਲ ਹੈ। ਉਹ 10.10.2025 ਦੀ ਇੱਕ ਘਟਨਾ ਨਾਲ ਸਬੰਧਤ ਪੁਲਿਸ ਸਟੇਸ਼ਨ ਦੋਰਾਹਾ ਵਿਖੇ ਦਰਜ ਕੀਤੇ ਗਏ ਪਹਿਲੇ ਮਾਮਲੇ ਵਿੱਚ ਫਰਾਰ ਸੀ, ਜਿੱਥੇ ਦੋਸ਼ੀ ਅਤੇ ਉਸਦੇ ਸਾਥੀਆਂ ਨੇ ਇੱਕ ਸਕਾਰਪੀਓ-ਐਨ ਵਿੱਚ ਯਾਤਰਾ ਕਰਦੇ ਹੋਏ ਇੱਕ ਪੁਲਿਸ ਨਾਕਾ ਪਾਰਟੀ ਉੱਤੇ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਉਸ ਮਾਮਲੇ ਵਿੱਚ, ਉਸਦੇ ਸਾਥੀਆਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ .32 ਬੋਰ ਰਿਵਾਲਵਰ, ਇੱਕ .32 ਬੋਰ ਪਿਸਤੌਲ ਅਤੇ 16 ਜ਼ਿੰਦਾ ਕਾਰਤੂਸ ਬਰਾਮਦ ਹੋਏ, ਜਦੋਂ ਕਿ ਹਰਸਿਮਰਨ ਮੰਡ ਭੱਜਣ ਵਿੱਚ ਕਾਮਯਾਬ ਹੋ ਗਿਆ ਅਤੇ ਉਦੋਂ ਤੋਂ ਹੀ ਲੋੜੀਂਦਾ ਸੀ। ਹੋਰ ਜਾਂਚ ਜਾਰੀ ਹੈ।



# ਮੈਡਲ ਜਿੱਤਣ ਵਾਲੇ ਕੌਸ਼ਲ ਦਾ ਪਵਨ ਦੀਵਾਨ ਵੱਲੋਂ ਸਨਮਾਨ

ਲੁਧਿਆਣਾ, 19 ਜਨਵਰੀ (ਰਵਿੰਦਰ ਸਿੰਘ ਨਿੱਝਰ/ ਜਤਿੰਦਰਪਾਲ ਸਿੰਘ ਛਾਬੜਾ): ਲੁਧਿਆਣਾ ਸ਼ਹਿਰੀ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਵੱਲੋਂ ਅੱਜ ਬੋਡੀ ਬਿਲਡਿੰਗ ਚੈਂਪੀਅਨਸ਼ਿਪ ਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਤਿੰਨ ਗੋਲਡ ਮੈਡਲ ਅਤੇ ਓਵਰਆਲ ਟਰਾਫੀ ਜਿੱਤਣ ਵਾਲੇ ਭਰਤ ਕੌਸ਼ਲ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਾਥੀਆਂ ਸਣੇ ਕੌਸ਼ਲ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ, ਪਵਨ ਦੀਵਾਨ ਨੇ ਕਿਹਾ ਕਿ ਕੁਝ ਕਰਨ ਦਾ ਜਜ਼ਬਾ ਅਤੇ ਮਿਹਨਤ ਤੁਹਾਨੂੰ ਕਾਮਯਾਬੀ ਜ਼ਰੂਰ ਦਵਾਉਂਦੇ ਹਨ। ਉਹਨਾਂ ਨੇ ਕਿਹਾ ਕਿ ਜਿਸ ਤਰੀਕੇ ਨਾਲ ਸਰਕਾਰ ਦੀ ਨਾਕਾਮੀਆਂ ਕਾਰਨ ਨੌਜਵਾਨ ਨਸ਼ਿਆਂ ਦੇ ਦਲਦਲ ਵਿੱਚ ਧੱਸਦੇ ਜਾ ਰਹੇ ਹਨ, ਇਹਨਾਂ ਹਾਲਾਤਾਂ ਵਿੱਚ ਕੌਸ਼ਲ ਵਰਗੇ ਨੌਜਵਾਨ ਸਾਰਿਆਂ ਲਈ ਪ੍ਰੇਰਨਾ ਦੇ ਸਰੋਤ ਹਨ ਸਰਕਾਰ ਨੂੰ ਅਜਿਹੇ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਇਹਨਾਂ ਦੀ ਮਦਦ ਵੀ ਕਰਨੀ ਚਾਹੀਦੀ ਹੈ।ਇਸ ਮੌਕੇ ਕੌਸ਼ਲ ਨੇ ਦੀਵਾਨ ਅਤੇ ਉਹਨਾਂ ਦੇ ਸਾਥੀਆਂ ਦਾ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਆਪਣੀ ਮਿਹਨਤ ਨੂੰ ਜਾਰੀ ਰੱਖਣਗੇ।ਇਸ ਮੌਕੇ ਪਰਮਿੰਦਰ ਕੌਸ਼ਲ, ਸਜੀਵਨ ਕੌਸ਼ਲ, ਸੁਸ਼ੀਲ ਮਲਹੋਤਰਾ, ਸੀਨੀਅਰ ਕਾਂਗਰਸੀ ਆਗੂ ਇੰਦਰਜੀਤ ਕਪੂਰ ਅਤੇ ਹਰਭਗਤ ਗਰੇਵਾਲ ਵੀ ਮੌਜੂਦ ਰਹੇ।



# ਡਾ. ਆਸ਼ਾ ਰਾਣੀ ਤੇ ਡਾ. ਗੁਰਦਾਸ ਸਿੰਘ ਨੂੰ ਜੀਵਨ ਬੀਮਾ ਸਿਫ਼ਾਰਸ਼ਾਂ ਲਈ ਇੰਟੈਲੀਜੈਂਟ ਡਿਜ਼ੀਟਲ ਕਿਓਸਕ ਲਈ ਪੇਟੈਂਟ ਪ੍ਰਾਪਤ

ਲੁਧਿਆਣਾ 19 ਜਨਵਰੀ (ਜਤਿੰਦਰਪਾਲ ਸਿੰਘ ਛਾਬੜਾ) ਡਿਜ਼ੀਟਲ ਬੀਮਾ ਸੇਵਾਵਾਂ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਹੋਈ ਹੈ। ਜੀ. ਜੀ. ਐਨ. ਖਾਲਸਾ ਕਾਲਜ, ਲੁਧਿਆਣਾ ਦੇ ਕੰਪਿਊਟਰ ਸਾਇੰਸ ਵਿਭਾਗ ਦੀ ਮੁਖੀ ਡਾ. ਆਸ਼ਾ ਰਾਣੀ ਅਤੇ ਸਹਾਇਕ ਪ੍ਰੋਫੈਸਰ ਡਾ. ਗੁਰਦਾਸ ਸਿੰਘ ਨੂੰ ਉਨ੍ਹਾਂ ਦੀ ਨਵੀਂਨਤਮ ਡਿਜ਼ੀਟਲ ਕਿਓਸਕ ਆਧਾਰਿਤ ਬੀਮਾ ਸਿਫ਼ਾਰਸ਼ ਪ੍ਰਣਾਲੀ ਲਈ ਪੇਟੈਂਟ ਪ੍ਰਦਾਨ ਕੀਤਾ ਗਿਆ ਹੈ। ਇਹ ਪੇਟੈਂਟ ਜੀਵਨ ਬੀਮਾ ਪਾਲਿਸੀ ਦੀ ਚੋਣ ਨਾਲ ਜੁੜੀ ਜਟਿਲ ਅਤੇ ਉਲਝਣ ਭਰੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਵਾਲੇ ਅਡਵਾਂਸ ਐਲਗੋਰਿਦਮ ਨੂੰ ਇੱਕ ਸੁਖਾਲੇ ਤਰੀਕੇ ਨਾਲ ਡਿਜ਼ਾਈਨ ਕੀਤੇ ਡਿਜ਼ੀਟਲ ਕਿਓਸਕ ਨਾਲ ਜੋੜਦਾ ਹੈ। ਇਸ ਪ੍ਰਣਾਲੀ ਵਿੱਚ ਘੁੰਮਾਵਦਾਰ ਅਧਾਰ ਵਾਲਾ ਟੈਲੀਸਕੋਪਿਕ ਸ਼ਾਮਲ ਹੈ, ਜਿਸ ਨਾਲ ਉਪਭੋਗਤਾ ਆਪਣੀ ਸੁਵਿਧਾ ਅਨੁਸਾਰ ਸਕ੍ਰੀਨ ਦੀ ਉਚਾਈ ਅਤੇ ਕੋਣ ਨੂੰ ਸਮਾਯੋਜਿਤ ਕਰ ਸਕਦੇ ਹਨ। ਇਹ ਕਿਓਸਕ ਵੱਖ-ਵੱਖ ਕੱਦਾਂ ਅਤੇ ਸਰੀਰਕ ਸਮਰੱਥਾਵਾਂ ਵਾਲੇ ਲੋਕਾਂ ਲਈ ਆਸਾਨੀ ਨਾਲ ਵਰਤੋਂ ਯੋਗ ਹੈ। ਇਹ ਕਿਓਸਕ ਉਪਭੋਗਤਾਵਾਂ ਦੀ ਜਨਸਾਂਖਿਆਕ ਜਾਣਕਾਰੀ, ਪਸੰਦਾਂ ਤੇ ਵਿਸ਼ਾਲ ਪਾਲਿਸੀ ਡਾਟਾਬੇਸ ਦਾ ਵਿਸ਼ਲੇਸ਼ਣ ਕਰਕੇ ਨਿੱਜੀ, ਨਿਰਪੱਖ ਤੇ ਬਹੁਤ ਹੀ ਸਹੀ ਬੀਮਾ ਸਿਫ਼ਾਰਸ਼ਾਂ ਪ੍ਰਦਾਨ ਕਰਦਾ ਹੈ। ਵਿਦਵਾਨਾਂ ਅਤੇ ਉਪਭੋਗਤਾਵਾਂ ਵੱਲੋਂ ਟੈਸਟਿੰਗ ਤੋਂ ਬਾਅਦ, ਇਸ ਪ੍ਰਣਾਲੀ ਨੇ 97.4 ਪ੍ਰਤੀਸ਼ਤ ਦੀ ਪ੍ਰਭਾਵਸ਼ਾਲੀ ਸਹੀ ਦਰ ਹਾਸਲ ਕੀਤੀ ਹੈ। ਇਹ ਪੇਟੈਂਟ ਬੀਮਾ ਉਪਭੋਗਤਾਵਾਂ ਨੂੰ ਸਮਝਦਾਰੀ ਨਾਲ ਫੈਸਲੇ ਲੈਣ ਵਿੱਚ ਸਮਰੱਥ ਬਣਾਏਗਾ ਅਤੇ ਬੀਮਾ ਕੰਪਨੀਆਂ ਨੂੰ ਗਾਹਕ ਸੇਵਾ ਹੋਰ ਪ੍ਰਭਾਵਸ਼ਾਲੀ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਦੋਵੇਂ ਆਵਿਸਕਾਰਕਾਂ ਨੇ ਕਾਲਜ ਪ੍ਰਬੰਧਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਅਤੇ ਪ੍ਰਿੰਸੀਪਲ ਰਾਜਿੰਦਰ ਕੌਰ ਮਲਹੋਤਰਾ ਦਾ ਇਸ ਤਰ੍ਹਾਂ ਦੀਆਂ ਨਵੀਆਂ ਕੋਸ਼ਿਸ਼ਾਂ ਲਈ ਲਗਾਤਾਰ ਪ੍ਰੇਰਣਾ ਦੇਣ ਵਾਸਤੇ ਦਿਲੋਂ ਧੰਨਵਾਦ ਕੀਤਾ। ਆਪਣੀ ਖੁਸ਼ੀ ਜਾਹਿਰ ਕਰਦੇ ਹੋਏ, ਡਾ. ਆਸ਼ਾ ਰਾਣੀ ਨੇ ਆਪਣੇ ਪਤੀ ਸ਼੍ਰੀ ਵੀਰੇਂਦਰ ਸਿੰਘ, ਨਿਊਜ਼ ਐਡੀਟਰ, ਦੈਨਿਕ ਭਾਸਕਰ, ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਲਗਾਤਾਰ ਹੌਸਲੇ, ਧੀਰਜ ਅਤੇ ਭਾਵਨਾਤਮਕ ਸਹਿਯੋਗ ਨੇ ਇਸ ਖੋਜ ਯਾਤਰਾ ਨੂੰ ਸੰਭਵ ਬਣਾਇਆ।

ਉਨ੍ਹਾਂ ਨੇ ਆਪਣੇ ਖੋਜ ਨਿਗਰਾਨਾਂ ਦਾ ਵੀ ਕੀਮਤੀ ਮਾਰਗਦਰਸ਼ਨ ਅਤੇ ਰਚਨਾਤਮਕ ਸੁਝਾਵਾਂ ਲਈ ਧੰਨਵਾਦ ਕੀਤਾ, ਜਿਨ੍ਹਾਂ ਦੀ ਬਦੌਲਤ ਇਹ ਇੱਕ ਵਿਚਾਰ ਪੇਟੈਂਟ ਤੱਕ ਪਹੁੰਚਿਆ ਹੈ।



# ਵਿਧਾਇਕ ਪਰਾਸ਼ਰ ਵੱਲੋਂ ਪਾਰਕਾਂ ਦੇ ਨਵੀਨੀਕਰਨ ਦੇ ਪ੍ਰੋਜੈਕਟ ਦੀ ਸ਼ੁਰੂਆਤ



ਲੁਧਿਆਣਾ, 19 ਜਨਵਰੀ (ਵਿਸ਼ਾਲ ਸ਼ਰਮਾ): ਵਾਰਡ ਨੰਬਰ 78 ਦੇ ਨਿਵਾਸੀਆਂ ਲਈ ਹਰਿਆਲੀ ਅਤੇ ਸਾਫ਼-ਸੁਥਰਾ ਵਾਤਾਵਰਣ ਯਕੀਨੀ ਬਣਾਉਣ ਲਈ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਸੋਮਵਾਰ ਨੂੰ ਵਾਰਡ ਨੰਬਰ 78 ਵਿੱਚ ਪਾਰਕਾਂ ਦੇ ਨਵੀਨੀਕਰਨ ਲਈ ਪ੍ਰੋਜੈਕਟ ਦਾ ਉਦਘਾਟਨ ਕੀਤਾ। ਇਹ ਪ੍ਰੋਜੈਕਟ ਲਗਭਗ 29.86 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਉਦਘਾਟਨ ਸਮਾਰੋਹ ਦੌਰਾਨ ਕੌਂਸਲਰ ਸੁਰਿੰਦਰ ਕੌਰ ਮੰਨਾ ਸਮੇਤ ਹੋਰ ਨਿਵਾਸੀ/ਵਲੰਟੀਅਰ ਮੌਜੂਦ ਸਨ। ਵਿਧਾਇਕ ਪਰਾਸ਼ਰ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ, ਅਧਿਕਾਰੀ ਵਾਰਡ ਨੰਬਰ 78 ਵਿੱਚ ਸਥਿਤ ਪਾਰਕਾਂ ਦੇ ਨਵੀਨੀਕਰਨ ਅਤੇ ਸੁੰਦਰੀਕਰਨ 'ਤੇ ਕੰਮ ਕਰਨਗੇ। ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਕੰਮ ਦੀ ਗੁਣਵੱਤਾ ਦੇ ਮਾਮਲੇ ਵਿੱਚ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਿਧਾਇਕ ਪਰਾਸ਼ਰ ਨੇ ਕਿਹਾ ਕਿ ਮੁੱਖ ਮੰਤਰੀ (ਮੁੱਖ ਮੰਤਰੀ) ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਟਿਕਾਊ ਵਿਕਾਸ ਵੱਲ ਕੰਮ ਕਰ ਰਹੀ ਹੈ ਅਤੇ ਵਸਨੀਕਾਂ ਲਈ ਪ੍ਰਦੂਸ਼ਣ ਮੁਕਤ ਵਾਤਾਵਰਣ ਯਕੀਨੀ ਬਣਾਉਣ ਲਈ ਹਰ ਕਦਮ ਚੁੱਕਿਆ ਜਾ ਰਿਹਾ ਹੈ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਹਲਕੇ ਦੇ ਹੋਰ ਹਿੱਸਿਆਂ ਵਿੱਚ ਪਾਰਕਾਂ ਦੇ ਪੁਨਰ ਵਿਕਾਸ ਲਈ ਕਈ ਹੋਰ ਪ੍ਰੋਜੈਕਟ ਵੀ ਸ਼ੁਰੂ ਕੀਤੇ ਜਾ ਰਹੇ ਹਨ।

# ਗਿ: ਹਰਪ੍ਰੀਤ ਸਿੰਘ ਨੇ ਸੁਖਬੀਰ ਬਾਦਲ ਦੀ ਥਾਂ ਖੁਦ ਪ੍ਰਧਾਨ ਬਣਨ ਦੀ ਕਥਿਤ ਸਾਜਿਸ਼ ਕਬੂਲੀ : ਭਿੰਦਾ

ਲੁਧਿਆਣਾ, 19 ਜਨਵਰੀ (ਰਵਿੰਦਰ ਸਿੰਘ ਨਿੱਝਰ): ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇੱਕ ਨਿਊਜ ਚੈਨਲ ਨੂੰ ਦਿੱਤੇ ਇੰਟਰਵਿਊ ਦੌਰਾਨ ਇਹ ਮੰਨਣਾ ਕਿ ਮੈਂ ਸੁਖਬੀਰ ਸਿੰਘ ਬਾਦਲ ਨੂੰ 10 ਸਾਲਾਂ ਲਈ ਰਾਜਨੀਤੀ ਵਿਚੋਂ ਬਾਹਰ ਕਰਕੇ ਖੁਦ ਨਵੇਂ ਦਲ ਦਾ ਕਥਿਤ ਤੌਰ ਤੇ ਪ੍ਰਧਾਨ ਬਣਨਾ ਚਾਹੁੰਦਾ ਸੀ ਬਹੁਤ ਹੀ ਸ਼ਰਮਨਾਕ ਅਤੇ ਪੰਥ ਵਿਰੋਧੀ ਸਾਜਿਸ਼ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਰਣਜੀਤ ਸਿੰਘ ਢਿੱਲੋਂ ਅਤੇ ਅਕਾਲੀ ਜੱਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਨੇ ਕੀਤਾ। ਉਨਾਂ ਕਿਹਾ ਕਿ ਇੰਟਰਵਿਊ ਦੌਰਾਨ ਹਰਪ੍ਰੀਤ ਸਿੰਘ ਨੇ ਆਪ ਮੰਨਿਆ ਹੈ ਕਿ ਸੁਖਦੇਵ ਸਿੰਘ ਢੀਂਡਸਾ ਦੇ ਘਰ ਰਾਜਨੀਤੀ ਵਿੱਚ ਆਉਣ ਤੇ ਨਵੇਂ ਦਲ ਦਾ ਪ੍ਰਧਾਨ ਬਣਨ ਦੀ ਸਾਡੀ ਸਾਜਿਸ਼ ਕਥਿਤ ਤੌਰ ਤੇ ਪਹਿਲਾਂ ਹੀ ਬਣ ਗਈ ਸੀ। ਪਰ ਇਸਦੀ ਚਾਲ ਸਿਰੇ ਨਹੀਂ ਚੜ੍ਹ ਸਕੀ। ਉਨ੍ਹਾਂ ਕਿਹਾ ਕਿ ਇਹ ਗੱਲ ਪਹਿਲਾਂ ਵੀ ਸਾਹਮਣੇ ਆਈ ਸੀ ਕਿ ਪ੍ਰਧਾਨ ਬਣਨ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਸੱਤਾ ਦੇ ਲਾਲਚ ਵਸ ਹੋ ਕੇ ਪੰਥ, ਪੰਜਾਬ ਅਤੇ ਅਕਾਲੀ ਦਲ ਨੂੰ ਖਤਮ ਕਰਨ ਲਈ ਕਥਿਤ ਤੌਰ ਤੇ ਦੂਜਿਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸਤੋਂ ਪਹਿਲਾ ਪ੍ਰੇਮ ਸਿੰਘ ਚੰਦੂਮਾਜਰਾ ਵੀ ਮੰਨ ਚੁੱਕੇ ਹਨ ਕਿ ਜੋ 2 ਦਸੰਬਰ ਤੋਂ ਬਾਅਦ ਹੋਇਆ ਇਹ ਸਭ ਕਥਿਤ ਤੌਰ ਤੇ ਢੀਂਡਸੇ ਦੇ ਘਰ ਪਹਿਲਾਂ ਹੀ ਤਹਿ ਹੋ ਚੁੱਕਾ ਸੀ। ਫਿਰ ਭਰਤੀ ਕਰਨ ਦਾ ਡਰਾਮਾ ਰਚਦੇ ਹੋਏ ਸੰਗਤਾਂ ਦੀਆਂ ਭਾਵਨਾਵਾਂ ਦੇ ਨਾਲ ਖਿਲਵਾੜ ਕਰਕੇ ਉਨਾਂ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਕਿਉਂ ਕੀਤੀਆਂ ਗਈਆਂ। ਢਿੱਲੋਂ ਅਤੇ ਭਿੰਦਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇੱਕ ਵਾਰ ਫਿਰ ਤੋਂ ਅਕਾਲੀ ਦਲ ਨੂੰ ਮਜਬੂਤ ਕਰਕੇ ਸੱਤਾ ਦੀ ਡੋਰ ਸੁਖਬੀਰ ਸਿੰਘ ਬਾਦਲ ਦੇ ਹੱਥ ਦੇਣੀ ਚਾਹੀਦੀ ਹੈ ਤਾਂ ਜੋ ਪੰਜਾਬ ਨੂੰ ਐਸੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।



# ਪੰਜਾਬ ਸਿਰ ਦਿਨੋ-ਦਿਨ ਵੱਧ ਰਹੇ ਕਰਜ਼ੇ ਲਈ ਸਰਕਾਰ ਜ਼ਿੰਮੇਵਾਰ : ਕਲੇਰ

ਲੁਧਿਆਣਾ, 19 ਜਨਵਰੀ (ਰਵਿੰਦਰ ਸਿੰਘ ਨਿੱਝਰ): ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਦਿਨੋ ਦਿਨ ਭਾਰੀ ਹੁੰਦੀ ਜਾ ਰਹੀ ਹੈ। ਇਸ ਦੇ ਮੁੱਖ ਕਾਰਣਾਂ ਵਿੱਚੋਂ ਪੰਜਾਬ ਦੀ ਸੂਬਾ ਸਰਕਾਰ ਦੁਆਰਾ ਆਪਣੀਆਂ ਮੰਤਰੀਆਂ, ਵਿਧਾਇਕਾਂ, ਚੇਅਰਮੈਨਾਂ ਅਤੇ ਹੋਰ ਚਹੇਤਿਆਂ ਦੀਆਂ ਸਹੂਲਤਾਂ ਵਿੱਚ ਅਥਾਹ ਵਾਧਾ ਕਰਨਾ ਕਿਹਾ ਜਾ ਸਕਦਾ ਹੈ।ਇਸ ਤੋਂ ਇਲਾਵਾ ਲੋਕਾਂ ਨੂੰ ਦਿੱਤੀ ਜਾ ਰਹੀ ਮੁਫਤ ਬਿਜਲੀ ਅਤੇ ਹੋਰ ਕਾਰਨ ਵੀ ਕਰਜੇ ਦੀ ਇਸ ਪੰਡ ਨੂੰ ਹੋਰ ਭਾਰੀ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਸੀਨੀਅਰ ਕਾਂਗਰਸੀ ਨੇਤਾ ਤੇ ਬਲਾਕ ਕਾਂਗਰਸ ਹਲਕਾ ਆਤਮ ਮ ਨਗਰ ਦੇ ਪ੍ਰਧਾਨ ਹਰਵਿੰਦਰ ਸਿੰਘ ਕਲੇਰ ਨੇ ਪੰਜਾਬ ਸਿਰ ਵਧ ਰਹੇ ਕਰਜ਼ੇ ਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਆਖਿਆ ਹੈ ਕਿ ਆਪ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੇ ਪੰਜਾਬ ਨੂੰ ਨੱਕੋ ਨੱਕ ਕਰਜਾਈ ਕਰ ਦਿੱਤਾ ਹੈ ਅਤੇ ਹੁਣ 2026 ਦੀ ਪਹਿਲੀ ਤਿਮਾਹੀ ਵਿੱਚ 12 ਹਜਾਰ ਕਰੋੜ ਰੁਪਏ ਦਾ ਕਰਜ਼ਾ ਲੈਣ ਜਾ ਰਹੀ ਹੈ । ਕਲੇਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਸਿਰਫ ਕਥਿਤ ਤੌਰ ਤੇ ਸਰਕਾਰੀ ਅਦਾਰਿਆਂ ਅਤੇ ਜਾਇਜ ਨਜਾਇਜ ਕੰਮ ਕਰਵਾ ਕੇ ਲੋਕਾਂ ਤੋਂ ਉਗਰਾਹੀ ਕਰਨ ਲਈ ਰੱਖੇ ਹੋਏ ਲਗਦੇ ਹਨ, ਕਿਓਂਕਿ ਇਨ੍ਹਾਂ ਦੇ ਕਹਿਣ ਤੇ ਕਿਸੇ ਚਪੜਾਸੀ ਦੀ ਬਦਲੀ ਤੱਕ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ. ਭਗਵੰਤ ਮਾਨ ਦਿੱਲੀ ਦੇ ਲੋਕਾਂ ਦੇ ਨਕਾਰੇ ਹੋਏ ਆਪ ਆਗੂਆਂ ਦੀ ਸੀ ਹਜੂਰੀ ਕਰਨ ਵਿੱਚ ਲੱਗੇ ਹੋਏ ਹਨ। ਕਈ ਵੱਡੇ ਵੱਡੇ ਅਹੁਦਿਆਂ ਤੇ ਪੰਜਾਬ ਵਾਸੀਆ ਨੂੰ ਅਣਗੌਲਿਆਂ ਕਰਕੇ ਦੂਜੇ ਸੂਬਿਆਂ ਤੋਂ ਲੋਕਾਂ ਨੂੰ ਰੱਖਿਆ ਗਿਆ ਹੈ, ਜੋ ਕਿ ਪੰਜਾਬ ਦੇ ਖਰਚੇ ਤੇ ਪੰਜਾਬ ਵਾਸੀਆਂ ਦਾ ਹੱਕ ਮਾਰ ਰਹੇ ਹਨ। ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ 2027 ਵਿੱਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਆਮ ਆਦਮੀ ਪਾਰਟੀ ਨੂੰ ਬਾਹਰ ਦਾ ਰਸਤਾ ਦਿਖਾਉਂਦੇ ਹੋਏ ਕਾਂਗਰਸ ਪਾਰਟੀ ਦੀ ਸਰਕਾਰ ਲਿਆਓ।



# ਵਿਸ਼ਵਕਰਮਾ ਭਵਨ ਵਿਖੇ ਅੱਖਾਂ ਦਾ ਕੈਂਪ ਲਗਾਇਆ



ਲੁਧਿਆਣਾ, 19 ਜਨਵਰੀ (ਰਵਿੰਦਰ ਸਿੰਘ ਨਿੱਝਰ): ਸ਼ਿਮਲਾਪੁਰੀ ਸਥਿਤ ਗੁਰਦੁਆਰਾ ਬਾਬਾ ਵਿਸ਼ਵਕਰਮਾ ਵਿਖੇ ਵਿਸ਼ਵਕਰਮਾ ਭਵਨ ਵਿੱਚ ਅੱਖਾਂ ਦਾ 72ਵਾਂ ਕੈਂਪ ਬਾਬਾ ਵਿਸ਼ਵਕਰਮਾ ਨਿਸ਼ਕਾਮ ਸੇਵਾ ਟਰੱਸਟ ਦੇ ਪ੍ਰਧਾਨ ਬਲਬੀਰ ਸਿੰਘ ਕਲਸੀ ਦੀ ਦੇਖਰੇਖ ਹੇਠ ਲਗਾਇਆ ਗਿਆ। ਇਸ ਸਬੰਧੀ ਉਕਤ ਜਾਣਕਾਰੀ ਦਿੰਦਿਆਂ ਕਲਸੀ ਅਤੇ ਸੀਨੀਅਰ ਕਾਂਗਰਸੀ ਆਗੂ ਡਾ ਓਂਕਾਰ ਚੰਦ ਸ਼ਰਮਾ ਨੇ ਦੱਸਿਆ ਕਿ ਇਸ ਕੈਂਪ ਵਿੱਚ 53 ਮਰੀਜ਼ਾਂ ਦੀਆਂ ਅੱਖਾਂ ਦਾ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਮੁਆਇਨਾ ਕੀਤਾ ਗਿਆ ਅਤੇ ਇਹਨਾਂ ਵਿੱਚੋਂ 25 ਨੂੰ ਚਿੱਟੇ ਮੋਤੀਏ ਦੇ ਅਪਰੇਸ਼ਨ ਲਈ ਚੁਣਿਆ ਗਿਆ। ਉਹਨਾਂ ਦੱਸਿਆ ਕਿ ਇਹਨਾਂ ਮਰੀਜ਼ਾਂ ਨੂੰ ਹਸਪਤਾਲ ਲਿਜਾ ਕੇ ਇਹਨਾਂ ਦਾ ਮੁਫਤ ਆਪਰੇਸ਼ਨ ਕਰਵਾਇਆ ਜਾਵੇਗਾ। ਇਸ ਮੌਕੇ ਰਜਿੰਦਰ ਸਿੰਘ ਬੇਦੀ, ਗੁਰਮੀਤ ਸਿੰਘ ਚਾਨੇ, ਜਥੇਦਾਰ ਕੁਲਜੀਤ ਸਿੰਘ, ਬਲਦੇਵ ਸਿੰਘ ਮਾਂਗਟ, ਡਾ ਜਸਵੰਤ ਸਿੰਘ ਗੁਲਾਟੀ, ਡਾ ਪੁਸ਼ਪਲਤਾ ਗੁਰਪ੍ਰੀਤ ਸਿੰਘ ਤੇ ਅੰਮ੍ਰਿਤ ਪਾਲ ਸਿੰਘ ਆਦਿ ਸ਼ਖਸੀਅਤਾਂ ਵੀ ਮੌਜੂਦ ਸਨ।

# ਜਸਪ੍ਰੀਤ ਵੱਲੋਂ ਖੱਤਰੀ ਅਰੋੜਾ ਵੈਲਫ਼ੇਅਰ ਬੋਰਡ ਨਿਯੁਕਤੀ ਲਈ ਹਾਈਕਮਾਨ ਦਾ ਦਿਲੋਂ ਧੰਨਵਾਦ

ਲੁਧਿਆਣਾ, 19 ਜਨਵਰੀ (ਵਿਸ਼ਾਲ ਸ਼ਰਮਾ): ਆਮ ਆਦਮੀ ਪਾਰਟੀ ਦੇ ਸਮਰਪਿਤ ਵਰਕਰ ਤੇ ਸਮਾਜ ਸੇਵੀ ਜਸਪ੍ਰੀਤ ਸਿੰਘ ਕਾਕਾ ਮਾਛੀਵਾੜਾ ਨੇ ਖੱਤਰੀ ਅਰੋੜਾ ਵੈਲਫੇਅਰ ਬੋਰਡ ਪੰਜਾਬ 'ਚ ਮੈਂਬਰ ਵਜੋਂ ਨਿਯੁਕਤੀ ਲਈ ਪਾਰਟੀ ਦੀ ਰਾਸ਼ਟਰੀ ਤੇ ਸੂਬਾ ਲੀਡਰਸ਼ਿਪ ਪ੍ਰਤੀ ਡੂੰਘਾ ਆਭਾਰ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਇਸ ਮੌਕੇ ਆਪਣੇ ਧੰਨਵਾਦ ਵਿੱਚ ਪਾਰਟੀ ਦੇ ਸਾਰੇ ਸਤਿਕਾਰਯੋਗ ਨੇਤਾਵਾਂ ਤੇ ਸਹਿਯੋਗੀਆਂ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ। ਜਸਪ੍ਰੀਤ ਸਿੰਘ ਕਾਕਾ ਮਾਛੀਵਾੜਾ ਨੇ ਖਾਸ ਤੌਰ 'ਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਸੰਜੀਵ ਅਰੋੜਾ ਤੇ ਸੂਬਾ ਪ੍ਰਧਾਨ ਅਮਨ ਅਰੋੜਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਚੇਅਰਮੈਨ ਦੀਪਕ ਚੋਹਾਨ ਨੂੰ ਵੀ ਵਿਸ਼ੇਸ਼ ਸਤਿਕਾਰ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਪਲਾਨਿੰਗ ਬੋਰਡ ਜਤਿੰਦਰ ਸਿੰਘ ਖੰਗੂੜਾ ਤੇ ਲੋਕ ਸਭਾ ਇੰਚਾਰਜ ਤੇ ਸੀਨੀਅਰ ਵਾਈਸ ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀ ਸ਼ਰਨਪਾਲ ਸਿੰਘ ਮੱਕੜ ਸਮੇਤ ਸਮੂਹ ਮਾਣਯੋਗ ਲੀਡਰਸ਼ਿਪ ਤੇ ਵਲੰਟੀਅਰ ਸਹਿਬਾਨ ਨੂੰ ਵੀ ਉਨ੍ਹਾਂ ਦੇ ਅਨਮੋਲ ਸਹਿਯੋਗ ਲਈ ਦਿਲੋਂ ਧੰਨਵਾਦ ਕੀਤਾ। ਜਸਪ੍ਰੀਤ ਸਿੰਘ ਨੇ ਭਰੋਸਾ ਦਿਵਾਇਆ ਕਿ ਉਹ ਇਸ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਨਿਸ਼ਠਾ ਤੇ ਦ੍ਰਿੜਤਾ ਨਾਲ ਨਿਭਾਉਣਗੇ। ਉਹ ਖੱਤਰੀ ਅਰੋੜਾ ਸਮਾਜ ਦੀ ਭਲਾਈ ਲਈ ਵਚਨਬੱਧ ਰਹਿਣਗੇ ਤੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਵਾਲੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯਤਨਸ਼ੀਲ ਰਹਿਣਗੇ। ਉਨ੍ਹਾਂ ਨੇ ਇੱਕ ਵਾਰ ਫਿਰ ਸਮੂਹ ਪਾਰਟੀ ਹਾਈ ਕਮਾਂਡ ਨੂੰ ਧੰਨਵਾਦ ਕਰਦਿਆਂ ਇਸ ਨਿਯੁਕਤੀ ਨੂੰ ਵੱਡਾ ਸਨਮਾਨ ਤੇ ਜ਼ਿੰਮੇਵਾਰੀ ਮੰਨਿਆ।



# ਮਲੋਟ ਸ਼ਹਿਰੀ ਥਾਣੇ ਦੀ ਪੁਲਿਸ ਵੱਲੋਂ 1 ਲੱਖ 80 ਹਜ਼ਾਰ ਪ੍ਰੇਗਾਬਾਲਿਨ ਕੈਪਸੂਲਾਂ ਸਮੇਤ 8 ਵਿਅਕਤੀ ਕਾਬੂ



ਮਲੋਟ, 19 ਜਨਵਰੀ (ਅਮਨਦੀਪ ਸਿੰਘ ਮਹਿਰਾ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਐੱਸਐੱਸਪੀ ਸ੍ਰੀ ਮੁਕਤਸਰ ਸਾਹਿਬ ਸ੍ਰੀ ਅਭਿਮਨਯੂ ਰਾਣਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਡੀਐੱਸਪੀ ਮਲੋਟ ਦੀ ਅਗਵਾਈ ਹੇਠ ਮਲੋਟ ਸ਼ਹਿਰੀ ਥਾਣੇ ਦੀ ਪੁਲਿਸ ਨੇ ਵੱਡੀ ਸਫ਼ਲਤਾ ਹਾਸਲ ਕੀਤੀ ਹੈ।ਥਾਣਾ ਸਿਟੀ ਮਲੋਟ ਦੇ ਇੰਚਾਰਜ ਵਰੁਣ ਯਾਦਵ ਅਤੇ ਪੁਲਿਸ ਪਾਰਟੀ ਦੌਰਾਨੇ ਗਸ਼ਤ ਸਨ ਕਿ ਇੱਕ ਮੁਖ਼ਬਰ ਖ਼ਾਸ ਵੱਲੋਂ ਇਤਲਾਹ ਮਿਲੀ ਕਿ ਮਲੋਟ-ਬਠਿੰਡਾ ਰੋਡ ਤੋਂ ਨਵੇਂ ਬਣੇ ਬਠਿੰਡਾ-ਡੱਬਵਾਲੀ ਬਾਈਪਾਸ ਉੱਤੇ ਕੁਝ ਨੌਜਵਾਨ ਅਕਸਰ ਪ੍ਰੇਗਾਬਾਲਿਨ ਕੈਪਸੂਲਾਂ ਦੀ ਖ਼ਰੀਦੋ-ਫ਼ਰੋਖ਼ਤ ਲਈ ਆਉਂਦੇ ਹਨ ਅਤੇ ਅੱਜ ਵੀ ਆਉਣ ਵਾਲੇ ਹਨ। ਸੂਚਨਾ ਪੱਕੀ ਹੋਣ 'ਤੇ ਪੁਲਿਸ ਵੱਲੋਂ ਤੁਰੰਤ ਨਾਕਾਬੰਦੀ ਕਰਕੇ ਰੇਡ ਕੀਤੀ ਗਈ।ਕਾਰਵਾਈ ਦੌਰਾਨ ਪੁਲਿਸ ਨੇ 8 ਨੌਜਵਾਨਾਂ ਨੂੰ 1 ਲੱਖ 80 ਹਜ਼ਾਰ ਪ੍ਰੇਗਾਬਾਲਿਨ ਕੈਪਸੂਲ ਅਤੇ 1 ਲੱਖ 60 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ। ਨਸ਼ੀਲੇ ਕੈਪਸੂਲ 4 ਵੱਖ-ਵੱਖ ਗੱਡੀਆਂ ਵਿੱਚ ਲਿਜਾਏ ਜਾ ਰਹੇ ਸਨ, ਜਿਨ੍ਹਾਂ ਨੂੰ ਪੁਲਿਸ ਨੇ ਜ਼ਬਤ ਕਰ ਲਿਆ ਹੈ।ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ:ਸਾਹਿਲ ਕੁਮਾਰ ਪੁੱਤਰ ਵਿਜੈ ਕੁਮਾਰ ਪੁੱਤਰ ਗੋਕਲ ਚੰਦ, ਵਾਸੀ ਮਕਾਨ ਨੰਬਰ 0023, ਸੈਕਟਰ 126, ਖਰੜ (ਮੋਬਾਇਲ ਨੰਬਰ: 8728096549)ਰਾਹੁਲ ਪੁੱਤਰ ਮਹਿੰਦਰ ਕੁਮਾਰ ਪੁੱਤਰ ਕਸ਼ਮੀਰ ਲਾਲ, ਵਾਸੀ ਨੇੜੇ ਗਾਵੜੀ ਕੰਡਾ, ਫਾਜ਼ਿਲਕਾਅਮਰਜੀਤ ਸਿੰਘ ਪੁੱਤਰ ਹਰਜਿੰਦਰ ਸਿੰਘ, ਵਾਸੀ ਬਣਵਾਲਾ ਹਨਵੰਤਾ, ਜ਼ਿਲ੍ਹਾ ਫਾਜ਼ਿਲਕਾਜਗਦੀਸ਼ ਕੁਮਾਰ ਪੁੱਤਰ ਸੂਰਜ ਪ੍ਰਕਾਸ਼ ਪੁੱਤਰ ਬਾਲ ਮੁਕੰਦ, ਵਾਸੀ ਨੇੜੇ ਸ਼ਾਹ ਪੈਲੇਸ, ਅਬੋਹਰ ਰੋਡ, ਫਾਜ਼ਿਲਕਾ ਭਜਨ ਲਾਲ ਪੁੱਤਰ ਲਛਮਨ ਦਾਸ ਪੁੱਤਰ ਰਾਂਝਾ ਰਾਮ, ਵਾਸੀ ਬਣਵਾਲਾ ਹਨਵੰਤਾ, ਹਾਲ ਆਬਾਦ ਮਾਧਵ ਨਗਰੀ, ਅਬੋਹਰ ਰੋਡ, ਫਾਜ਼ਿਲਕਾਵੈਭਵ ਪੁੱਤਰ ਵਿਜੈ ਕੁਮਾਰ ਪੁੱਤਰ ਰਾਧੇ ਸ਼ਿਆਮ, ਵਾਸੀ ਮੌੜ ਰੋਡ ਗਲੀ ਨੰਬਰ 82, ਸ਼੍ਰੀ ਮੁਕਤਸਰ ਸਾਹਿਬ ਅਲਫਾਜ਼ ਪੁੱਤਰ ਮੁਹੰਮਦ ਹਫ਼ੀਜ਼ ਪੁੱਤਰ ਮੁਹੰਮਦ ਯਾਕੂਬ, ਵਾਸੀ ਗਊਸ਼ਾਲਾ ਵਾਲੀ ਗਲੀ, ਨੇੜੇ ਮਿਸ਼ਨ ਸਕੂਲ, ਸ਼੍ਰੀ ਮੁਕਤਸਰ ਸਾਹਿਬਸ਼ਕੀਲ ਪੁੱਤਰ ਮੁਹੰਮਦ ਰਫ਼ੀਕ ਪੁੱਤਰ ਮੁਹੰਮਦ ਯਾਕੂਬ, ਵਾਸੀ ਥਾਂਦੇਵਾਲਾ ਰੋਡ ਗਲੀ ਨੰਬਰ 2, ਨੇੜੇ ਪੁਰਾਣੀ ਚੁੰਗੀ, ਸ਼੍ਰੀ ਮੁਕਤਸਰ ਸਾਹਿਬਪੁਲਿਸ ਵੱਲੋਂ ਉਕਤ ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਨੰਬਰ 17 ਧਾਰਾ 223, 112 ਤਹਿਤ ਥਾਣਾ ਸਿਟੀ ਮਲੋਟ ਵਿੱਚ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਬਠਿੰਡਾ 'ਚ ਫਾਰਮਾ ਫ਼ੈਕਟਰੀ ਦਾ ਪਰਦਾਫਾਸ਼, ਲੱਖਾਂ ਦੀਆਂ ਨਸ਼ੀਲੀਆਂ ਗੋਲੀਆਂ ਬਰਾਮਦ

## ਨੰਦਗੜ੍ਹ ਪੁਲਿਸ ਨੇ ਸ਼ਰਾਬ ਦੇ ਅੰਤਰਰਾਜੀ ਨੈੱਟਵਰਕ ਦੇ 3 ਮੈਂਬਰ ਦਬੋਚੇ



ਬਠਿੰਡਾ, 19 ਜਨਵਰੀ (ਦੀਪਕ ਸ਼ਰਮਾ) :ਕਾਲੀ ਕਮਾਈ ਦੀ ਅੰਨ੍ਹੀ ਦੌੜ ਵਿੱਚ ਇਨਸਾਨੀਅਤ ਨੂੰ ਦਾਅ 'ਤੇ ਲਾਉਣ ਵਾਲੇ ਲੋਕ ਨਿੱਤ ਨਵੇਂ ਹੱਥਕੰਡੇ ਅਪਨਾ ਰਹੇ ਹਨ। ਅਜਿਹੇ ਹੀ ਦੋ ਵੱਡੇ ਮਾਮਲੇ ਬਠਿੰਡਾ ਜ਼ਿਲ੍ਹੇ ਵਿੱਚ ਸਾਹਮਣੇ ਆਏ ਹਨ, ਜਿੱਥੇ ਇੱਕ ਪਾਸੇ ਦਵਾਈਆਂ ਬਣਾਉਣ ਦੀ ਆੜ ਵਿੱਚ ਨਸ਼ੀਲੀਆਂ ਗੋਲ਼ੀਆਂ ਦਾ ਗੋਰਖਧੰਦਾ ਚੱਲ ਰਿਹਾ ਸੀ ਅਤੇ ਦੂਜੇ ਪਾਸੇ ਠੇਕੇਦਾਰਾਂ ਦੀ ਮਿਲੀਭੁਗਤ ਨਾਲ ਗੁਆਂਢੀ ਰਾਜਾਂ ਵਿੱਚ ਨਾਜਾਇਜ਼ ਸ਼ਰਾਬ ਸਪਲਾਈ ਕੀਤੀ ਜਾ ਰਹੀ ਸੀ। ਪ੍ਰਸ਼ਾਸਨ ਨੇ ਦੋਵਾਂ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕਰਦਿਆਂ ਕਰੋੜਾਂ ਰੁਪਏ ਦਾ ਨਸ਼ਾ ਬਰਾਮਦ ਕੀਤਾ ਹੈ। ਜਾਣਕਾਰੀ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਅਤੇ ਬਠਿੰਡਾ ਪ੍ਰਸ਼ਾਸਨ ਨੇ ਇੱਕ ਸਾਂਝੀ ਕਾਰਵਾਈ ਦੌਰਾਨ ਮਾਨਸਾ ਰੋਡ 'ਤੇ ਸਥਿਤ ਇੰਡਸਟਰੀ ਗਰੋਥ ਸੈਂਟਰ ਦੀ ਇੱਕ ਫਾਰਮਾਸਿਊਟੀਕਲ ਫੈਕਟਰੀ 'ਤੇ ਛਾਪਾ ਮਾਰ ਕੇ ਉਸ ਨੂੰ ਸੀਲ ਕਰ ਦਿੱਤਾ ਹੈ। ਪੁਲਿਸ ਨੇ ਫੈਕਟਰੀ ਵਿੱਚੋਂ ਕਰੀਬ 3.5 ਲੱਖ ਨਸ਼ੀਲੀਆਂ ਗੋਲ਼ੀਆਂ ਅਤੇ 10 ਕਿਲੋ ਕੱਚਾ ਮਾਲ ਬਰਾਮਦ ਕੀਤਾ ਹੈ। ਇਹ ਕਾਰਵਾਈ ਨਵੰਬਰ 2025 ਵਿੱਚ ਦਰਜ ਹੋਏ ਇੱਕ ਮੁਕੱਦਮੇ ਦੀ ਕੜੀ ਨਾਲ ਜੁੜੀ ਹੋਈ ਹੈ, ਜਿਸ ਵਿੱਚ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵੰਸ਼ ਕਵਾਤਰਾ ਅਤੇ ਕ੍ਰਿਸ਼ਨ ਕੁਮਾਰ ਨੇ ਖ਼ੁਲਾਸਾ ਕੀਤਾ ਸੀ ਕਿ ਉਹ ਇਸੇ ਫੈਕਟਰੀ ਤੋਂ ਨਸ਼ੀਲੀਆਂ ਦਵਾਈਆਂ ਦੀ ਸਪਲਾਈ ਲੈਂਦੇ ਸਨ। ਜਾਂਚ ਦੌਰਾਨ ਪਤਾ ਲੱਗਿਆ ਕਿ ਇਹ ਫੈਕਟਰੀ ਬਿਨਾਂ ਲਾਇਸੈਂਸ ਅਤੇ ਲੋੜੀਂਦੇ ਦਸਤਾਵੇਜ਼ਾਂ ਦੇ ਗ਼ੈਰ-ਕਾਨੂੰਨੀ ਢੰਗ ਨਾਲ ਚੱਲ ਰਹੀ ਸੀ। ਇੱਕ ਹੋਰ ਮਾਮਲੇ ਵਿੱਚ ਥਾਣਾ ਨੰਦਗੜ੍ਹ ਦੀ ਪੁਲਿਸ ਨੇ ਟਰੱਕ ਰਾਹੀਂ ਦੂਜੇ ਰਾਜਾਂ ਨੂੰ ਭੇਜੀ ਜਾ ਰਹੀ ਸੀ 415 ਪੇਟੀ ਸ਼ਰਾਬ ਬਰਾਮਦ ਕੀਤੀ। ਜਿਸ ਅਧਾਰ ਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਪੁਲਿਸ ਨੇ ਪਿੰਡ ਬਾਜਕ ਕੋਲ ਨਾਕਾਬੰਦੀ ਦੌਰਾਨ ਸ਼ਰਾਬ ਤਸਕਰੀ ਦੇ ਇੱਕ ਵੱਡੇ ਅੰਤਰਰਾਜੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਇੱਕ ਟਰੱਕ ਨੂੰ ਰੋਕ ਕੇ ਉਸ ਵਿੱਚੋਂ 415 ਪੇਟੀਆਂ ਅੰਗਰੇਜ਼ੀ ਸ਼ਰਾਬ ਬਰਾਮਦ ਕੀਤੀਆਂ ਹਨ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਕੁਝ ਸ਼ਰਾਬ ਠੇਕੇਦਾਰ ਹੋਲਸੇਲ ਸਪਲਾਈ ਲੈ ਕੇ ਟਰੱਕਾਂ ਦੀਆਂ ਨੰਬਰ ਪਲੇਟਾਂ ਬਦਲ ਕੇ ਉਨ੍ਹਾਂ ਰਾਜਾਂ ਵਿੱਚ ਸ਼ਰਾਬ ਭੇਜ ਰਹੇ ਹਨ ਜਿੱਥੇ ਪਾਬੰਦੀ ਲੱਗੀ ਹੋਈ ਹੈ। ਪੁਲਿਸ ਨੇ ਮੌਕੇ 'ਤੇ ਗੁਰਪ੍ਰੀਤ ਸਿੰਘ (ਮੋਗਾ), ਸੁਰੇਸ਼ ਕੁਮਾਰ (ਰਾਜਸਥਾਨ) ਅਤੇ ਹਨੂਮਾਨ ਰਾਮ ਬਿਸ਼ਨੋਈ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਵਿੱਚ 4 ਹੋਰ ਮੁਲਜ਼ਮਾਂ, ਜਿਨ੍ਹਾਂ ਵਿੱਚ ਧਰਮਪਾਲ ਸ਼ਰਮਾ ਅਤੇ ਜਸਕਰਨ ਸਿੰਘ ਸ਼ਾਮਲ ਹਨ, ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।ਪੁਲਿਸ ਅਧਿਕਾਰੀਆਂ ਅਨੁਸਾਰ ਦੋਵਾਂ ਮਾਮਲਿਆਂ ਵਿੱਚ ਮੁਲਜ਼ਮਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਅਤੇ ਆਬਕਾਰੀ ਐਕਟ ਤਹਿਤ ਮਾਮਲੇ ਦਰਜ ਕਰ ਲਏ ਗਏ ਹਨ। ਫ਼ਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

# ਵਿਮੁਕਤ ਜਾਤੀਆਂ ਦੇ ਚੇਅਰਮੈਨ ਬਰਖਾ ਰਾਮ ਦੀ ਸੇਵਾ ਮੁਕਤੀ 'ਤੇ ਪਾਰਟੀ



ਮਲੋਟ, 19 ਜਨਵਰੀ (ਅਮਨਦੀਪ ਸਿੰਘ ਮਹਿਰਾ) : ਚੰਡੀਗੜ੍ਹ ਦੇ ਸੈਕਟਰ 08 ਸਥਿਤ ਫੇਜ਼ ਵਿਖੇ ਵਿਮੁਕਤ ਜਾਤੀਆਂ ਦੇ ਚੇਅਰਮੈਨ ਬਰਖਾ ਰਾਮ ਦੀ ਰਿਟਾਇਰਮੈਂਟ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਸਰਕਾਰ ਵੱਲੋਂ ਸੁਭਾਸ਼ ਸ਼ਰਮਾ (ਚੇਅਰਮੈਨ) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸਮਾਰੋਹ ਦੌਰਾਨ ਵਿਮੁਕਤ ਜਾਤੀਆਂ ਦੇ ਪ੍ਰਤਿਨਿਧੀਆਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ ਗਿਆ। ਇਸ ਤੇ ਸੁਭਾਸ਼ ਸ਼ਰਮਾ ਨੇ ਭਰੋਸਾ ਦਿਵਾਇਆ ਕਿ ਵਿਮੁਕਤ ਜਾਤੀਆਂ ਦਾ ਜੋ ਬਣਦਾ ਹੱਕ ਹੈ, ਉਹ ਸਰਕਾਰ ਵੱਲੋਂ ਬਹੁਤ ਜਲਦੀ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਮੁਕਤ ਜਾਤੀਆਂ ਨਾਲ ਸੰਬੰਧਿਤ ਮਸਲਿਆਂ ਨੂੰ ਸੁਲਝਾਉਣ ਅਤੇ ਕੰਮਾਂ ਨੂੰ ਪੂਰਾ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਸ ਮੌਕੇ ਵਿਮੁਕਤ ਜਾਤੀਆਂ ਵੱਲੋਂ ਚੇਅਰਮੈਨ ਬਰਖਾ ਰਾਮ ਨੂੰ ਰਿਟਾਇਰਮੈਂਟ 'ਤੇ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਆਉਣ ਵਾਲੇ ਸਮੇਂ ਵਿੱਚ ਵਿਮੁਕਤ ਜਾਤੀਆਂ ਦੀ ਆਵਾਜ਼ ਬੁਲੰਦ ਕਰਨ ਲਈ ਉਨ੍ਹਾਂ ਦਾ ਸਾਥ ਦੇਣ ਦਾ ਵਾਅਦਾ ਕੀਤਾ ਗਿਆ।ਸਮਾਰੋਹ ਵਿੱਚ ਸਾਥੀ ਅਮਰਜੀਤ ਸੰਗਰੂਰ, ਸੁਰਜੀਤ ਸੰਗਰੂਰ, ਮਲਕੀਤ ਪੰਜਗਰਾਈਂ, ਸੁਖਜੀਤ ਸਿੰਘ ਮਲੋਟ, ਜੈਵੀ ਕਾਉਂਕੇ ਆਦਿ ਨੇ ਵੀ ਸ਼ਮੂਲੀਅਤ ਕੀਤੀ।

# ਰਮੇਸ਼ ਅਰਨੀਵਾਲਾ ਬੈਰਾਗੀ ਵੈਲ.ਫੇਅਰ ਬੋਰਡ ਦੇ ਮੈਂਬਰ ਨਿਯੁਕਤ



ਮਲੋਟ, 19 ਜਨਵਰੀ (ਅਮਨਦੀਪ ਸਿੰਘ ਮਹਿਰਾ) : ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਜੀ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਵੱਲੋਂ ਹਲਕਾ ਮਲੋਟ, ਲੰਬੀ ਵਿਚ ਆਮ ਆਦਮੀ ਪਾਰਟੀ ਦੀ ਸ਼ੁਰੂਆਤ ਕਰਨ ਵਾਲੇ ਫਾਊਂਡਰ ਮੈਂਬਰ ਰਮੇਸ਼ ਕੁਮਾਰ ਬਾਵਾ, ਪੁੱਤਰ ਜਗਦੀਸ਼ ਕੁਮਾਰ ਬਾਵਾ, ਵਾਸੀ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਬੈਰਾਗੀ ਵੈਲਫੇਅਰ ਬੋਰਡ ਪੰਜਾਬ ਦਾ ਮੈਂਬਰ ਨਿਯੁਕਤ ਕੀਤਾ ਗਿਆ । ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਰਮੇਸ਼ ਅਰਨੀਵਾਲਾ ਨੂੰ ਸਿਰੋਪਾਓ ਦੇ ਸਨਮਾਨਿਤ ਕੀਤਾ ਅਤੇ ਮੂੰਹ ਮਿੱਠਾ ਕਰਕੇ ਵਧਾਈ ਦਿੱਤੀ ।ਇਸ ਮੌਕੇ ਰਮੇਸ਼ ਕੁਮਾਰ ਬਾਵਾ ਨੇ ਡਾ. ਬਲਜੀਤ ਕੌਰ ਮੰਤਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਅਤੇ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੈਰਾਗੀ ਸਮਾਜ ਪ੍ਰਤੀ ਦਿਖਾਇਆ ਗਿਆ ਇਹ ਭਰੋਸਾ ਸਿਰਫ਼ ਇੱਕ ਨਿਯੁਕਤੀ ਨਹੀਂ, ਬਲਕਿ ਸਮਾਜ ਦੇ ਸਰਬਪੱਖੀ ਵਿਕਾਸ ਵੱਲ ਇੱਕ ਦੂਰਅੰਦੇਸ਼ੀ ਭਰਿਆ ਕਦਮ ਹੈ।

ਬੋਰਡ ਦੀ ਸਥਾਪਨਾ ਬੈਰਾਗੀ ਸਮਾਜ ਲਈ ਇੱਕ ਇਤਿਹਾਸਕ ਅਤੇ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਇਸ ਨਿਯੁਕਤੀ ਨਾਲ ਬੈਰਾਗੀ ਸਮਾਜ ਦੀਆਂ ਲੰਮੇ ਸਮੇਂ ਤੋਂ ਚੱਲਦੀਆਂ ਆ ਰਹੀਆਂ ਮੰਗਾਂ ਅਤੇ ਮੁੱਦਿਆਂ ਨੂੰ ਸਰਕਾਰੀ ਪੱਧਰ 'ਤੇ ਮਜ਼ਬੂਤੀ ਨਾਲ ਉਠਾਉਣ ਨੂੰ ਨਵਾਂ ਬਲ ਮਿਲੇਗਾ।ਉਨ੍ਹਾਂ ਕਿਹਾ ਕਿ ਬੈਰਾਗੀ ਸਮਾਜ ਸਦਾ ਹੀ ਮਿਹਨਤੀ, ਸ਼ਾਂਤ ਪ੍ਰਕਿਰਤੀ ਅਤੇ ਸਮਾਜਿਕ ਸਹਿਯੋਗ ਵਿੱਚ ਅੱਗੇ ਰਹਿਣ ਵਾਲਾ ਸਮਾਜ ਰਿਹਾ ਹੈ, ਪਰ ਕਈ ਵਾਰ ਇਸ ਦੇ ਮੁੱਦੇ ਹਾਸ਼ੀਏ 'ਤੇ ਰਹਿ ਗਏ। ਹੁਣ ਬੈਰਾਗੀ ਵੈਲਫੇਅਰ ਬੋਰਡ ਦੇ ਮਾਧਿਅਮ ਨਾਲ ਸਿੱਖਿਆ, ਰੋਜ਼ਗਾਰ, ਸਿਹਤ, ਸਮਾਜਿਕ ਸੁਰੱਖਿਆ ਅਤੇ ਨੌਜਵਾਨਾਂ ਦੇ ਭਵਿੱਖ ਨਾਲ ਜੁੜੇ ਮਸਲਿਆਂ ਨੂੰ ਤਰਜ਼ੀਹ ਦੇ ਅਧਾਰ 'ਤੇ ਸਰਕਾਰ ਤੱਕ ਪਹੁੰਚਾਇਆ ਜਾਵੇਗਾ। ਰਮੇਸ਼ ਕੁਮਾਰ ਬਾਵਾ ਨੇ ਇਹ ਵੀ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੂਰੀ ਇਮਾਨਦਾਰੀ, ਪਾਰਦਰਸ਼ਤਾ ਅਤੇ ਸਮਰਪਣ ਭਾਵ ਨਾਲ ਕੰਮ ਕਰਦਿਆਂ ਬੈਰਾਗੀ ਸਮਾਜ ਦੀ ਆਵਾਜ਼ ਬਣ ਕੇ ਉਸਦੇ ਹੱਕਾਂ ਦੀ ਰੱਖਿਆ ਲਈ ਨਿਰੰਤਰ ਸੰਘਰਸ਼ ਕਰਨਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਇਸ ਜ਼ਿੰਮੇਵਾਰੀ ਨੂੰ ਸਿਰਫ਼ ਅਹੁਦਾ ਨਹੀਂ, ਬਲਕਿ ਲੋਕ-ਸੇਵਾ ਦਾ ਮਿਸ਼ਨ ਸਮਝ ਕੇ ਨਿਭਾਉਣਗੇ।ਅੰਤ ਵਿੱਚ ਉਨ੍ਹਾਂ ਨੇ ਕਿਹਾ ਕਿ ਉਹ ਡਾ. ਬਲਜੀਤ ਕੌਰ ਅਤੇ ਪੰਜਾਬ ਸਰਕਾਰ ਦਾ ਦੁਬਾਰਾ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਬੈਰਾਗੀ ਸਮਾਜ ਨੂੰ ਸਰਕਾਰੀ ਪੱਧਰ 'ਤੇ ਯੋਗ ਪ੍ਰਤਿਨਿਧਿਤਾ ਦੇਣ ਦਾ ਇਤਿਹਾਸਕ ਫੈਸਲਾ ਲਿਆ। ਇਸ ਮੌਕੇ ਜਗਦੇਵ ਸਿੰਘ ਬਾਮ ਚੇਅਰਮੈਨ ਕੋਆਪਰੇਟਿਵ ਬੈਂਕ ਪੰਜਾਬ,ਜਸ਼ੰਜਿਤ ਸਿੰਘ ਬਰਾੜ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਮਾਰਕੀਟ ਕਮੇਟੀ ਮਲੋਟ ,ਗਗਨਦੀਪ ਸਿੰਘ ਔਲਖ,ਜਸਮੀਤ ਸਿੰਘ ਬਰਾੜ,ਲਵ ਬਤਰਾ,ਜਸਦੇਵ ਸਿੰਘ ਸੰਧੂ ਐਮ ਸੀ,ਗੁਰਪ੍ਰੀਤ ਵਿਰਦੀ,ਜਗਨਨਾਥ ਸ਼ਰਮਾ, ਰਾਜੂ ਸ਼ਰਮਾ,ਨਵਦੀਪ ਔਲਖ,ਪਰਮਿੰਦਰ ਕੌਰ ਜ਼ਿਲ੍ਹਾ ਪ੍ਰਧਾਨ ਇਸਤਰੀ , ਪਰਮਜੀਤ ਕੌਰ,ਆਸ਼ਾ ਚਾਨਣਾ,ਅਰਸ਼ਦੀਪ ਭੁੱਲਰ , ਅਰਸ਼ ਸਿੱਧੂ ਪੀ ਏ,ਸ਼ਿੰਦਰਪਾਲ ਸਿੰਘ ਪੀ ਏ,ਵਿਕਰਾਂਤ ਖੁਰਾਣਾ ਦਫਤਰ ਇੰਚਾਰਜ,ਜਗਮੀਤ ਸਿੰਘ ਬਾਮ ਸਰਪੰਚ ਆਦਿ ਮੈਂਬਰ ਹਾਜ਼ਰ ਸਨ ।

# ਪੰਜਾਬ ਸਰਕਾਰ ਵੱਲੋਂ ਮੀਡੀਆ 'ਤੇ ਦਬਾਅ ਦੀ ਨੀਤੀ ਬਰਦਾਸ਼ਤਯੋਗ ਨਹੀਂ: ਪ੍ਰੈਸ ਕਲੱਬ




ਬਠਿੰਡਾ, 19 ਜਨਵਰੀ (ਜਗਸੀਰ ਭੁੱਲਰ):ਪੰਜਾਬ ਸਰਕਾਰ ਵੱਲੋਂ ਅਖ਼ਬਾਰਾਂ ਨਾਲ ਜੁੜੇ ਵੱਡੇ ਮੀਡੀਆ ਗਰੁੱਪ ਪੰਜਾਬ ਕੇਸਰੀ ਨੂੰ ਨਿਸ਼ਾਨਾ ਬਣਾਉਂਦਿਆਂ ਦਬਾਅ ਅਤੇ ਦਮਨ ਦੀ ਨੀਤੀ ਅਪਣਾਉਣ ਦੇ ਦੋਸ਼ਾਂ ਨੇ ਤੂਲ ਫੜ ਲਿਆ ਹੈ। ਇਸ ਮਾਮਲੇ ਨੂੰ ਲੈ ਕੇ ਅੱਜ ਬਠਿੰਡਾ ਪ੍ਰੈਸ ਕਲੱਬ ਵੱਲੋਂ ਪੰਜਾਬ ਸਰਕਾਰ ਖਿਲਾਫ ਸਖ਼ਤ ਨਿੰਦਾ ਪ੍ਰਸਤਾਵ ਪੇਸ਼ ਕਰਦੇ ਹੋਏ ਮੀਡੀਆ ਦੀ ਆਜ਼ਾਦੀ 'ਤੇ ਹੋ ਰਹੇ ਹਮਲਿਆਂ ਖਿਲਾਫ ਚਿਤਾਵਨੀ ਦਿੱਤੀ ਗਈ।ਪ੍ਰੈਸ ਕਲੱਬ ਵਿਖੇ ਸਰਪਰਸਤ ਬਖਤੌਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ ਵਿਸ਼ੇਸ਼ ਮੀਟਿੰਗ ਵਿੱਚ ਸੀਨੀਅਰ ਪੱਤਰਕਾਰਾਂ ਸਮੇਤ ਵੱਖ-ਵੱਖ ਟੀਵੀ ਚੈਨਲਾਂ ਦੇ ਪੱਤਰਕਾਰ ਸ਼ਾਮਿਲ ਹੋਏ। ਮੀਟਿੰਗ ਦੌਰਾਨ ਇਕਸੁਰ ਵਿੱਚ ਕਿਹਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਜਾਣਬੁੱਝ ਕੇ ਪੰਜਾਬ ਕੇਸਰੀ ਗਰੁੱਪ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਪੱਤਰਕਾਰਾਂ ਨੇ ਦੋਸ਼ ਲਗਾਇਆ ਕਿ ਪੰਜਾਬ ਕੇਸਰੀ ਦੇ ਕਰਮਚਾਰੀਆਂ 'ਤੇ ਗੈਰ-ਜ਼ਿੰਮੇਵਾਰਾਨਾ ਹਮਲੇ ਕੀਤੇ ਗਏ, ਉਨ੍ਹਾਂ ਨੂੰ ਸੱਟਾਂ ਮਾਰੀਆਂ ਗਈਆਂ ਅਤੇ ਨਾਜਾਇਜ਼ ਤੌਰ 'ਤੇ ਗ੍ਰਿਫ਼ਤਾਰ ਕੀਤਾ ਗਿਆ। ਇੱਥੋਂ ਤੱਕ ਕਿ ਪ੍ਰੈਸ ਦਫ਼ਤਰ ਵਿੱਚ ਕੰਧਾਂ ਟੱਪ ਕੇ ਬਿਨਾਂ ਕਿਸੇ ਕਾਨੂੰਨੀ ਇਜਾਜ਼ਤ ਦੇ ਦਾਖ਼ਲ ਹੋਣਾ ਅਤੇ ਕਰਮਚਾਰੀਆਂ ਨੂੰ ਬੇਵਜ੍ਹਾ ਤੰਗ ਪ੍ਰੇਸ਼ਾਨ ਕਰਨਾ ਲੋਕਤੰਤਰਿਕ ਪ੍ਰਣਾਲੀ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਗਿਆ।ਮੀਟਿੰਗ ਦੌਰਾਨ ਸਪੱਸ਼ਟ ਕੀਤਾ ਗਿਆ ਕਿ ਪੰਜਾਬ ਭਰ ਦਾ ਮੀਡੀਆ ਭਾਈਚਾਰਾ ਪੰਜਾਬ ਕੇਸਰੀ ਗਰੁੱਪ ਦੇ ਨਾਲ ਪੂਰੀ ਤਰ੍ਹਾਂ ਖੜ੍ਹਾ ਹੈ ਅਤੇ ਪ੍ਰੈਸ ਦੀ ਆਜ਼ਾਦੀ ਨਾਲ ਕੋਈ ਵੀ ਸਮਝੌਤਾ ਨਹੀਂ ਕੀਤਾ ਜਾਵੇਗਾ। ਪੱਤਰਕਾਰਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਆਪਣੀ ਨੀਤੀ ਵਿੱਚ ਤਬਦੀਲੀ ਨਾ ਕੀਤੀ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਇੱਥੇ ਹੀ ਬੱਸ ਨਹੀਂ, ਪੰਜਾਬ ਸਰਕਾਰ ਦੇ ਰਵੱਈਏ ਖਿਲਾਫ ਸੂਬੇ ਭਰ ਦੇ ਲੋਕਾਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਵਪਾਰੀ ਵਰਗ, ਕਿਸਾਨ, ਮਜ਼ਦੂਰ ਜਥੇਬੰਦੀਆਂ, ਉਦਯੋਗਪਤੀ, ਕਰਮਚਾਰੀ ਯੂਨੀਅਨਾਂ, ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ ਹਰ ਪਾਸੇ ਤੋਂ ਪੰਜਾਬ ਸਰਕਾਰ ਦੀ ਨੀਤੀ ਦੀ ਸਖ਼ਤ ਨਿੰਦਾ ਕੀਤੀ ਜਾ ਰਹੀ ਹੈ।ਬਠਿੰਡਾ ਪ੍ਰੈਸ ਕਲੱਬ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਮੀਡੀਆ 'ਤੇ ਦਬਾਅ ਲੋਕਤੰਤਰ ਦੀ ਜੜ੍ਹਾਂ 'ਤੇ ਹਮਲਾ ਹੈ, ਜਿਸਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਪ੍ਰਭੂ ਸ੍ਰੀ ਰਾਮ ਜੀ ਦੇ ਅਯੁੱਧਿਆ ਬਿਰਾਜਮਾਨ ਹੋਣ ਦੀ ਤੀਜੀ ਵਰ੍ਹੇਗੰਢ ਮੌਕੇ ਕੱਢੀ ਵਿਸ਼ਾਲ ਸ਼ੋਭਾ ਯਾਤਰਾ

ਸੰਗਰੂਰ, 19 ਜਨਵਰੀ (ਹਰਕੰਵਲ ਸਿੰਘ ਹੈਪੀ) : ਅਯੁੱਧਿਆ ਵਿੱਚ ਭਗਵਾਨ ਸ੍ਰੀ ਰਾਮ ਜੀ ਦੇ 500 ਸਾਲਾਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਵਿਰਾਜਮਾਨ ਹੋਣ ਦੀ ਤੀਜੀ ਵਰ੍ਹੇਗੰਢ ਦੇ ਇਤਿਹਾਸਕ ਅਵਸਰ ਦੇ ਸੰਬੰਧ ਵਿੱਚ ਸੰਗਰੂਰ ਸ਼ਹਿਰ ਪੂਰੀ ਤਰ੍ਹਾਂ ਦੇ ਨਾਲ ਰਾਮ-ਮਈ ਰੰਗ ਵਿੱਚ ਰੰਗਿਆ ਨਜ਼ਰ ਆਇਆ। ਇਸ ਸ਼ੁਭ ਦਿਹਾੜੇ ਨੂੰ ਸਮਰਪਿਤ ਸ਼ਹਿਰ ਦੀਆਂ ਸਮੂਹ ਧਾਰਮਿਕ, ਸਮਾਜਿਕ ਸੰਸਥਾਵਾਂ ਅਤੇ ਮੰਦਰ ਸਭਾਵਾਂ ਦੇ ਸਾਂਝੇ ਸਹਿਯੋਗ ਨਾਲ ਇੱਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਯਾਤਰਾ 'ਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ਼ਮੂਲੀਅਤ ਕਰਕੇ ਪ੍ਰਭੂ ਸ੍ਰੀ ਰਾਮ ਜੀ ਪ੍ਰਤੀ ਆਪਣੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕੀਤਾ। (ਪਟਿਆਲਾ ਗੇਟ ਤੋਂ ਨਾਭਾ ਗੇਟ ਤੱਕ ਬਣਿਆ ਭਗਤੀਮਈ ਮਾਹੌਲ)ਇਹ ਸ਼ੋਭਾ ਯਾਤਰਾ ਸਥਾਨਕ ਮੰਦਰ ਸ੍ਰੀ ਮਹਾਂਕਾਲੀ ਦੇਵੀ ਜੀ ਪਟਿਆਲਾ ਗੇਟ ਤੋਂ ਪੂਰੀ ਸ਼ਰਧਾ ਅਤੇ ਮਰਿਆਦਾ ਨਾਲ ਸ਼ੁਰੂ ਹੋਈ। ਯਾਤਰਾ ਦੌਰਾਨ ਸਜਾਏ ਗਏ ਸੁੰਦਰ ਰਥ ਅਤੇ ਭਗਵਾਨ ਰਾਮ ਦੇ ਜੀਵਨ ਨਾਲ ਸਬੰਧਤ ਝਾਕੀਆਂ ਖਿੱਚ ਦਾ ਕੇਂਦਰ ਰਹੀਆਂ। ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਗੁਜ਼ਰਦੀ ਹੋਈ ਇਹ ਯਾਤਰਾ ਮੰਦਰ ਸ੍ਰੀ ਮੰਗਲਾ ਦੇਵੀ ਜੀ ਨਾਭਾ ਗੇਟ ਵਿਖੇ ਪਹੁੰਚ ਕੇ ਸੰਪੰਨ ਹੋਈ। ਇਸ ਦੌਰਾਨ ਪੂਰੇ ਰਸਤੇ 'ਚ ਸ਼ਰਧਾਲੂਆਂ ਵੱਲੋਂ ਕੀਤੇ ਗਏ ਭਜਨ- ਕੀਰਤਨ ਅਤੇ ਜੈ ਸ੍ਰੀ ਰਾਮ ਦੇ ਜੈਕਾਰਿਆਂ ਨਾਲ ਸ਼ਹਿਰ ਦਾ ਚੱਪਾ-ਚੱਪਾ ਗੂੰਜ ਉੱਠਿਆ।ਇਸ ਸ਼ੋਭਾ ਯਾਤਰਾ ਵਿੱਚ ਪੰਜਾਬ ਇਨਫੋਟੈਕ ਦੇ ਚੇਅਰਮੈਨ ਅਤੇ ਪ੍ਰਸਿੱਧ ਸਮਾਜਿਕ ਨੇਤਾ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਜਵੰਧਾ ਨੇ ਕਿਹਾ ਕਿ ਅੱਜ ਦਾ ਦਿਨ ਸਮੁੱਚੇ ਭਾਰਤ ਅਤੇ ਸਨਾਤਨ ਧਰਮ ਦੇ ਪੈਰੋਕਾਰਾਂ ਲਈ ਬਹੁਤ ਮਹਾਨ ਹੈ। ਉਨ੍ਹਾਂ ਕਿਹਾ ਕਿ ਪ੍ਰਭੂ ਸ੍ਰੀ ਰਾਮ ਜੀ ਕੇਵਲ ਇੱਕ ਧਰਮ ਦੇ ਨਹੀਂ, ਸਗੋਂ ਸੱਚ, ਕਰਤੱਬ, ਮਰਿਆਦਾ ਅਤੇ ਸਮਾਜਿਕ ਏਕਤਾ ਦੇ ਅਲੰਬਰਦਾਰ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨ ਸਮਾਜ ਵਿੱਚ ਆਪਸੀ ਭਾਈਚਾਰੇ ਅਤੇ ਸਾਂਝ ਨੂੰ ਮਜ਼ਬੂਤ ਕਰਦੇ ਹਨ ਅਤੇ ਨਵੀਂ ਪੀੜ੍ਹੀ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਦੇ ਹਨ। ਸ਼ੋਭਾ ਯਾਤਰਾ ਦਾ ਸਭ ਤੋਂ ਵਿਸ਼ੇਸ਼ ਅਤੇ ਖਿੱਚ ਦਾ ਕੇਂਦਰ ਅਯੁੱਧਿਆ ਧਾਮ ਤੋਂ ਲਿਆਂਦੀ ਗਈ ਪਾਵਨ ਜੋਤ ਰਹੀ। ਸ਼ਰਧਾਲੂਆਂ ਵਿੱਚ ਇਸ ਪਵਿੱਤਰ ਜੋਤ ਦੇ ਦਰਸ਼ਨਾਂ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸ਼ਹਿਰ ਵਾਸੀਆਂ ਵੱਲੋਂ ਥਾਂ-ਥਾਂ ਤੇ ਫੁੱਲਾਂ ਦੀ ਵਰਖਾ ਕਰਕੇ ਯਾਤਰਾ ਦਾ ਸਵਾਗਤ ਕੀਤਾ ਗਿਆ ਅਤੇ ਵੱਖ-ਵੱਖ ਸੰਸਥਾਵਾਂ ਵੱਲੋਂ ਸ਼ਰਧਾਲੂਆਂ ਲਈ ਲੰਗਰ ਅਤੇ ਪੀਣ ਵਾਲੇ ਪਦਾਰਥਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ।

# ਬੀ.ਬੀ.ਐੱਸ-ਇੰਡੋ-ਕੈਨੇਡੀਅਨ ਸਕੂਲ ਵਿੱਚ ਮਨਾਇਆ ਲੋਹੜੀ ਦਾ ਤਿਉਹਾਰ



ਭਗਤਾ ਭਾਈ ਕਾ, 19 ਜਨਵਰੀ (ਸਵਰਨ ਸਿੰਘ ਭਗਤਾ) :ਬੀ.ਬੀ.ਐੱਸ ਇੰਡੋ -ਕੈਨੇਡੀਅਨ ਸਕੂਲ ਜੋ ਕਿ ਐਡਵੋਕੇਟ ਬਾਵਾ ਯਸ਼ਪ੍ਰੀਤ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਸੰਸਥਾ ਵਿੱਚ ਪੰਜਾਬੀ ਸਭਿਆਚਾਰ ਦੇ ਪ੍ਰਤੀਕ ਲੋਹੜੀ ਦੇ ਤਿਉਹਾਰ ਨੂੰ ਬੜੀ ਖੁਸ਼ੀ, ਉਤਸ਼ਾਹ ਅਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦਾ ਸਾਰਾ ਪ੍ਰਾਂਗਣ ਰੰਗ-ਬਿਰੰਗੀ ਸਜਾਵਟ ਨਾਲ ਸਜਿਆ ਹੋਇਆ ਸੀ ਅਤੇ ਪੰਜਾਬੀ ਲੋਕਧਾਰਾ ਦੀ ਸੁਗੰਧ ਮਹਿਸੂਸ ਹੋ ਰਹੀ ਸੀ।ਸਮਾਗਮ ਦੀ ਸ਼ੁਰੂਆਤ ਪ੍ਰਿੰਸੀਪਲ ਡਾ.ਧਵਨ ਕੁਮਾਰ ਨੇ ਰਵਾਇਤੀ ਅੱਗ ਜਗਾ ਕੇ ਕੀਤੀ ਗਈ, ਜਿਸ ਦੇ ਆਲੇ-ਦੁਆਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਰੇਵੜੀਆਂ, ਮੂੰਗਫਲੀਆਂ, ਗੱਜਕ ਅਤੇ ਤਿਲ ਦੇ ਲੱਡੂ ਅਰਪਿਤ ਕਰਕੇ ਲੋਹੜੀ ਦੀ ਪਰੰਪਰਾ ਨੂੰ ਨਿਭਾਇਆ। ਵਿਦਿਆਰਥੀਆਂ ਵੱਲੋਂ ਗਿੱਧਾ, ਭੰਗੜਾ ਅਤੇ ਲੋਕਗੀਤ ਪੇਸ਼ ਕਰਕੇ ਸਮਾਗਮ ਨੂੰ ਹੋਰ ਵੀ ਰੰਗੀਨ ਬਣਾਇਆ ਗਿਆ।ਸਕੂਲ ਦੇ ਪ੍ਰਿੰਸੀਪਲ ਡਾ. ਧਵਨ ਕੁਮਾਰ ਨੇ ਲੋਹੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਲੋਹੜੀ ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਇਹ ਕਿਸਾਨੀ ਸਭਿਆਚਾਰ, ਆਪਸੀ ਭਾਈਚਾਰੇ ਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਅਤੇ ਵਿਰਾਸਤ ਨਾਲ ਜੁੜੇ ਰਹਿਣ ਦੀ ਪ੍ਰੇਰਣਨਾ ਦਿੱਤੀ।ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਲੋਹੜੀ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਵੀ ਜਾਣੂੰ ਕਰਵਾਇਆ ਗਿਆ। ਦੱਸਿਆ ਗਿਆ ਕਿ ਲੋਹੜੀ ਪੰਜਾਬ ਦਾ ਇੱਕ ਪ੍ਰਾਚੀਨ ਲੋਕ ਤਿਉਹਾਰ ਹੈ, ਜੋ ਹਰ ਸਾਲ ਮਕਰ ਸੰਕਰਾਂਤੀ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸਰਦੀ ਦੇ ਮੌਸਮ ਦੇ ਅੰਤ ਅਤੇ ਨਵੇਂ ਫਸਲੀ ਚੱਕਰ ਦੀ ਸ਼ੁਰੂਆਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।ਇਤਿਹਾਸਕ ਤੌਰ 'ਤੇ ਲੋਹੜੀ ਨੂੰ ਕਿਸਾਨੀ ਤਿਉਹਾਰ ਵਜੋਂ ਮਨਾਇਆ ਜਾਂਦਾ ਰਿਹਾ ਹੈ। ਇਸ ਦਾ ਸਬੰਧ ਫਸਲਾਂ ਦੀ ਵਾਢੀ, ਖ਼ਾਸ ਕਰਕੇ ਗੰਨੇ ਅਤੇ ਰਬੀ ਦੀ ਫਸਲ ਨਾਲ ਜੋੜਿਆ ਜਾਂਦਾ ਹੈ। ਲੋਕ ਅੱਗ ਜਗਾ ਕੇ ਉਸ ਦੇ ਆਲੇ-ਦੁਆਲੇ ਘੁੰਮਦੇ ਹਨ ਅਤੇ ਰੇਵੜੀਆਂ, ਮੂੰਗਫਲੀਆਂ, ਗੱਜਕ ਆਦਿ ਅੱਗ ਨੂੰ ਅਰਪਿਤ ਕਰਦੇ ਹਨ, ਜੋ ਖੁਸ਼ਹਾਲੀ ਅਤੇ ਸ਼ੁਕਰਾਨੇ ਦਾ ਪ੍ਰਤੀਕ ਹਨ।ਲੋਹੜੀ ਨਾਲ ਜੁੜੀ ਲੋਕਕਥਾ ਦੁੱਲਾ ਭੱਟੀ ਨਾਲ ਵੀ ਸੰਬੰਧਿਤ ਹੈ, ਜੋ ਗਰੀਬ ਧੀਆਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਦੇ ਵਿਆਹ ਕਰਵਾਉਣ ਲਈ ਜਾਣਿਆ ਜਾਂਦਾ ਹੈ। ਇਸ ਕਰਕੇ ਲੋਹੜੀ ਨੂੰ ਧੀਆਂ ਨਾਲ ਜੋੜ ਕੇ ਵੀ ਖਾਸ ਤੌਰ 'ਤੇ ਮਨਾਇਆ ਜਾਂਦਾ ਹੈ।

# ਸਿਹਤਮੰਦ ਮਹਿਲਾ ਹੀ ਨਿਰੋਏ ਸਮਾਜ ਦੀ ਹੁੰਦੀ ਹੈ ਨੀਂਹ : ਡਿਪਟੀ ਕਮਿਸ਼ਨਰ

## ਮਹਿਲਾਵਾਂ ਲਈ ਮੁਫ਼ਤ ਬ੍ਰੈਸਟ ਕੈਂਸਰ ਜਾਂਚ ਕੈਂਪ ਦਾ ਕੀਤਾ ਉਦਘਾਟਨ



ਬਠਿੰਡਾ, 19 ਜਨਵਰੀ (ਜਗਸੀਰ ਭੁੱਲਰ): ਰੁਝੇਵੀਂ ਭਰੀ ਜ਼ਿੰਦਗੀ ਵਿੱਚ ਜਿਥੇ ਤੰਦਰੁਸਤ ਸਰੀਰ ਦਾ ਹੋਣਾ ਅਤਿ ਜ਼ਰੂਰੀ ਹੈ, ਉੱਥੇ ਹੀ ਸਿਹਤਮੰਦ ਮਹਿਲਾ ਹੀ ਨਿਰੋਏ ਸਮਾਜ ਦੀ ਨੀਂਹ ਹੁੰਦੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੰਜਾਬ ਸਰਕਾਰ ਵੱਲੋਂ ਆਯੋਜਿਤ ਮਹਿਲਾਵਾਂ ਲਈ ਬ੍ਰੈਸਟ ਕੈਂਸਰ ਦੀ ਮੁਫ਼ਤ ਸਕਰੀਨਿੰਗ ਲਈ ਵਿਸ਼ੇਸ਼ ਕੈਂਪ ਦਾ ਉਦਘਾਟਨ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸਿਵਲ ਸਰਜਨ ਡਾ. ਤਪਿੰਦਰਜੋਤ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਦੌਰਾਨ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਮਹਿਲਾਵਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਮੁਫਤ ਕੈਂਸਰ ਜਾਂਚ ਕੈਂਪ ਇਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸਮੇਂ-ਸਿਰ ਜਾਂਚ ਨਾਲ ਕੈਂਸਰ ਵਰਗੀ ਗੰਭੀਰ ਬਿਮਾਰੀ ਤੋਂ ਬਚਾਅ ਸੰਭਵ ਹੈ। ਇਸ ਤਰ੍ਹਾਂ ਦੇ ਕੈਂਪ ਮਹਿਲਾਵਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਿਹਤ ਵਿਭਾਗ ਦਾ ਮੁੱਖ ਉਦੇਸ਼ ਹਰ ਮਹਿਲਾ ਤੱਕ ਮੁਫਤ ਅਤੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਪਹੁੰਚਣਾ ਹੈ। ਉਨ੍ਹਾਂ ਮਹਿਲਾਵਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਬਿਨਾਂ ਕਿਸੇ ਹਿਚਕਚਾਹਟ ਦੇ ਅਜਿਹੇ ਕੈਂਪਾਂ ਵਿੱਚ ਸ਼ਾਮਿਲ ਹੋ ਕੇ ਆਪਣੀ ਸਿਹਤ ਦੀ ਜਾਂਚ ਕਰਵਾਉਣ। ਉਨ੍ਹਾਂ ਸਿਹਤ ਵਿਭਾਗ ਦੀ ਟੀਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਕੀਤੀ ਜਾ ਰਹੀ ਇਹ ਕੋਸ਼ਿਸ਼ ਮਹਿਲਾਵਾਂ ਦੀ ਜ਼ਿੰਦਗੀ ਬਚਾਉਣ ਵੱਲ ਇਕ ਮਜ਼ਬੂਤ ਕਦਮ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਹੋਰ ਸਿਹਤ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਔਰਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਸਿਹਤ ਪ੍ਰਤੀ ਸਚੇਤ ਰਹਿਣ ਤੇ ਨਿਯਮਿਤ ਤੌਰ 'ਤੇ ਬ੍ਰੈਸਟ ਕੈਂਸਰ ਸਕਰੀਨਿੰਗ ਕਰਵਾ ਕੇ ਸਰਕਾਰੀ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ। ਇਸ ਦੌਰਾਨ ਸਿਵਲ ਸਰਜਨ ਨੇ ਕਿਹਾ ਕਿ ਬ੍ਰੈਸਟ ਕੈਂਸਰ ਔਰਤਾਂ ਵਿੱਚ ਤੇਜ਼ੀ ਨਾਲ ਵਧ ਰਹੀ ਇੱਕ ਗੰਭੀਰ ਬੀਮਾਰੀ ਹੈ, ਪਰ ਨਿਯਮਿਤ ਸਕਰੀਨਿੰਗ ਅਤੇ ਸਵੈ-ਜਾਂਚ ਰਾਹੀਂ ਇਸ ਨੂੰ ਸ਼ੁਰੂਆਤੀ ਪੜਾਅ 'ਚ ਹੀ ਪਛਾਣਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਥਾਵਾਂ 'ਤੇ ਇਸ ਤਰ੍ਹਾਂ ਦੇ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਔਰਤਾਂ ਨੂੰ ਮੁਫ਼ਤ ਜਾਂਚ ਅਤੇ ਸਹੀ ਮਾਰਗਦਰਸ਼ਨ ਮੁਹੱਈਆ ਕਰਵਾਇਆ ਜਾ ਸਕੇ।

# ਜੇਲ੍ਹ ਵਿੱਚ ਮਜੀਠੀਆ ਨੂੰ ਸੁਰੱਖਿਆ ਦੇਣਾ ਪੰਜਾਬ ਸਰਕਾਰ ਦੀ ਜ਼ਿੰਮੇਦਾਰੀ : ਖੰਡੇਬਾਦ ,ਕੌਹਰੀਆਂ




ਲਹਿਰਾਗਾਗਾ, 19 ਜਨਵਰੀ (ਗੁਰਦੀਪ ਸਿੰਘ) : ਪੰਜਾਬ ਦੇ ਸਾਬਕਾ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਸਰਦਾਰ ਵਿਕਰਮ ਸਿੰਘ ਮਜੀਠੀਆ ਨੂੰ ਜਾਨੋਂ ਮਾਰਨ ਦੀਆਂ ਸਾਜਿਸ਼ਾਂ ਸਾਹਮਣੇ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਵਫਦ ਵੱਲੋਂ ਮਜੀਠੀਆ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਦੇਣਾ, ਆਪ ਸਰਕਾਰ ਦੀ ਲਾਅ ਐਂਡ ਆਰਡਰ ਦੀ ਸਥਿਤੀ 'ਤੇ ਸਵਾਲੀਆ ਨਿਸ਼ਾਨ ਹੈ, ਤੇ ਜੇਲ ਵਿੱਚ ਮਜੀਠੀਆ ਨੂੰ ਸੁਰੱਖਿਆ ਦੇਣਾ ਪੰਜਾਬ ਸਰਕਾਰ ਦੀ ਵੱਡੀ ਜਿੰਮੇਦਾਰੀ ਬਣਦੀ ਹੈ,ਇਸ ਵਿਚ ਅਣਗਹਿਲੀ ਵਰਤਣਾ ਸਰਕਾਰ ਦੇ ਮੱਥੇ 'ਤੇ ਇੱਕ ਵੱਡਾ ਕਲੰਕ ਹੋਵੇਗਾ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਐਡਵੋਕੇਟ ਗਗਨਦੀਪ ਸਿੰਘ ਖੰਡੇਬਾਦ ਹਲਕਾ ਇੰਚਾਰਜ ਲਹਿਰਾਗਾਗਾ ਅਤੇ ਮਾਸਟਰ ਬਲਵਿੰਦਰ ਸਿੰਘ ਕੌਹਰੀਆਂ ਸੀਨੀਅਰ ਅਕਾਲੀ ਆਗੂ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ, ਉਹਨਾਂ ਕਿਹਾ ਕਿ ਪੰਜਾਬ ਭਰ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਵਿਗੜੀ ਹੋਈ ਨਜ਼ਰ ਆ ਰਹੀ ਹੈ, ਥਾਂ ਥਾਂ 'ਤੇ ਲੁੱਟਾਂ ਖੋਹਾਂ ਅਤੇ ਕਤਲੋਗਾਰਦ ਹੋ ਰਹੀ ਹੈ, ਜਦਕਿ ਸੂਬੇ ਦੀਆਂ ਜੇਲਾਂ ਵਿੱਚ ਵੀ ਲੋਕ ਸੁਰੱਖਿਅਤ ਨਹੀਂ ਹਨ,ਐਡਵੋਕੇਟ ਖੰਡੇਬਾਦ ਅਤੇ ਕੌਹਰੀਆਂ ਨੇ ਅੱਗੇ ਕਿਹਾ ਕਿ ਨਾਭਾ ਜੇਲ ਵਿੱਚ ਬੰਦ ਕੀਤੇ ਗਏ ਬਿਕਰਮ ਮਜੀਠੀਆ ਵਰਗੇ ਵੱਡੇ ਲੀਡਰ ਕੋਲੋਂ 'ਆਪ' ਸਰਕਾਰ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀ ਹੈ, ਕਿਉਂਕਿ ਉਹ ਅਕਾਲੀ ਦਲ ਦੇ ਨਿਧੜਕ ਜਰਨੈਲ ਵਜੋਂ ਜਾਣੇ ਜਾਂਦੇ ਹਨ, ਇਸ ਤੋਂ ਇਲਾਵਾ ਆਏ ਦਿਨ ਪੰਜਾਬ ਸਰਕਾਰ ਦੀਆਂ ਪੋਲਾਂ ਖੋਲਣ ਵਿੱਚ ਵੀ ਉਹ ਮੋਹਰੀ ਰੋਲ ਅਦਾ ਕਰਦੇ ਰਹਿੰਦੇ ਹਨ, ਇਸ ਸਭ ਕੁਝ ਤੋਂ ਡਰੀ ਹੋਈ 'ਆਪ' ਸਰਕਾਰ ਨੇ ਪਹਿਲਾਂ ਉਹਨਾਂ ਨੂੰ ਬਿਨਾਂ ਕਿਸੇ ਕਾਰਨ ਤੋਂ ਜੇਲ੍ਹ ਵਿੱਚ ਬੰਦ ਕੀਤਾ ਅਤੇ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੀ ਸੂਬੇ ਵਿੱਚ ਹੋ ਰਹੀ ਚੜਤ ਤੋਂ ਘਬਰਾਈ 'ਆਪ' ਪਾਰਟੀ ਵੱਲੋਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦੇ ਤਹਿਤ ਮਜੀਠੀਆ ਦੀ ਸੁਰੱਖਿਆ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਸਰਦਾਰ ਖੰਡੇਬਾਦ ਅਤੇ ਕੌਹਰੀਆਂ ਨੇ ਅੱਗੇ ਕਿਹਾ ਕਿ ਪਹਿਲਾਂ ਪੰਜਾਬ ਦੇ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਿੱਚ ਕਟੌਤੀ ਕਰਕੇ ਪੰਜਾਬ ਸਰਕਾਰ ਦੀ ਵੱਡੀ ਗਲਤੀ ਕਰਕੇ ਜਿਥੇ ਉਸ ਪਰਿਵਾਰ ਦਾ ਹੋਣਹਾਰ ਪੁੱਤਰ ਖੋਹ ਲਿਆ ਸੀ,ਉਥੇ ਸਰਕਾਰ ਦੀ ਸੂਬੇ ਭਰ ਵਿਚ ਵੱਡੀ ਪੱਧਰ 'ਤੇ ਕਿਰਕਰੀ ਹੋਈ ਸੀ, ਪ੍ਰੰਤੂ ਬਿਕਰਮ ਮਜੀਠੀਆ ਵਰਗੇ ਜਰਨੈਲ ਨਾਲ ਪੂਰੇ ਪੰਜਾਬ ਦੇ ਲੋਕ ਖੜੇ ਹਨ, ਜੋ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਸੁਰੱਖਿਆ ਨਾਲ ਕੀਤੀ ਜਾ ਰਹੀ ਅਣਗਹਿਲੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ, ਉਹਨਾਂ ਪੰਜਾਬ ਸਰਕਾਰ ਨੂੰ ਤਾੜਨਾ ਕਰਦੇ ਹੋਏ ਕਿਹਾ ਕਿ ਜੇਕਰ ਜੇਲ ਵਿੱਚ ਸਰਦਾਰ ਮਜੀਠੀਆ ਦੇ ਨਾਲ ਕੋਈ ਘਟਨਾ ਵਾਪਰਦੀ ਹੈ ਤਾਂ ਸਮੁੱਚਾ ਪੰਜਾਬ ਸੜਕਾਂ 'ਤੇ ਆ ਜਾਵੇਗਾ, ਇਸ ਸਭ ਕੁਝ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ,ਸੋ ਆਪ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਦਾਰ ਮਜੀਠੀਆ ਦੀ ਸੁਰੱਖਿਆ ਨੂੰ ਯਕੀਨੀ ਬਣਾਵੇ।

# ਬਠਿੰਡਾ 'ਚ ਧੁੰਦ ਦਾ ਕਹਿਰ ਜਾਰੀ: ਚਾਰ ਬਸਾਂ ਸਮੇਤ ਕਈ ਵਾਹਨ ਭਿੜੇ

## ਹਾਦਸੇ 'ਚ ਹੋਈਆਂ ਮੌਤਾਂ ਦੇ ਰੋਸ ਵਜੋਂ ਟੋਲ ਪਲਾਜ਼ਾ ਕਰਵਾਇਆ ਮੁਫ਼ਤ




ਬਠਿੰਡਾ, 19 ਜਨਵਰੀ (ਦੀਪਕ ਸ਼ਰਮਾ) :ਜ਼ਿਲ੍ਹੇ ਵਿੱਚ ਸੰਘਣੀ ਧੁੰਦ ਕਾਰਨ ਵਾਪਰ ਰਹੇ ਹਾਦਸਿਆਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਐਤਵਾਰ ਸਵੇਰੇ ਬਠਿੰਡਾ-ਮਾਨਸਾ ਮੁੱਖ ਮਾਰਗ 'ਤੇ ਸਥਿਤ ਮਾਇਸਰਖਾਨਾ ਨੇੜੇ ਭਿਆਨਕ ਹਾਦਸਾ ਵਾਪਰਿਆ, ਜਿੱਥੇ ਧੁੰਦ ਕਾਰਨ ਵਿਜ਼ੀਬਿਲਟੀ ਘੱਟ ਹੋਣ ਕਰਕੇ ਪੀਆਰਟੀਸੀ ਦੀਆਂ ਚਾਰ ਬੱਸਾਂ, ਇੱਕ ਟਰਾਲਾ ਅਤੇ ਹੋਰ ਵਾਹਨ ਆਪਸ ਵਿੱਚ ਬੁਰੀ ਤਰ੍ਹਾਂ ਟਕਰਾ ਗਏ। ਇਸ ਹਾਦਸੇ ਵਿੱਚ ਬੱਸ ਚਾਲਕ ਸਮੇਤ ਕਰੀਬ ਇੱਕ ਦਰਜਨ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਬਠਿੰਡਾ ਅਤੇ ਮੌੜ ਦੇ ਸਰਕਾਰੀ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ।ਪ੍ਰਤੱਖਦਰਸ਼ੀਆਂ ਅਨੁਸਾਰ, ਇੱਕ ਟਰਾਲਾ ਮੋੜ ਕੱਟ ਰਿਹਾ ਸੀ ਕਿ ਸਾਹਮਣੇ ਤੋਂ ਆ ਰਹੀ ਬੱਸ ਉਸ ਵਿੱਚ ਜਾ ਵੱਜੀ, ਜਿਸ ਤੋਂ ਬਾਅਦ ਪਿੱਛੇ ਤੋਂ ਆ ਰਹੇ ਹੋਰ ਵਾਹਨ ਵੀ ਇੱਕ-ਇੱਕ ਕਰਕੇ ਭਿੜਦੇ ਗਏ। ਇਸੇ ਤਰ੍ਹਾਂ ਦੇ ਹਾਦਸੇ ਕੋਟਫੱਤਾ ਅਤੇ ਭੁੱਚੋ ਕੈਂਚੀਆਂ ਕੋਲ ਵੀ ਵਾਪਰੇ, ਜਿੱਥੇ ਗਲਤ ਦਿਸ਼ਾ ਤੋਂ ਆ ਰਹੇ ਵਾਹਨਾਂ ਕਾਰਨ ਕਈ ਸਵਾਰੀਆਂ ਨੂੰ ਸੱਟਾਂ ਲੱਗੀਆਂ। ਪੁਲਿਸ ਅਧਿਕਾਰੀਆਂ ਨੇ ਮੌਕੇ ਤੇ ਪਹੁੰਚ ਕੇ ਕਾਫੀ ਮਸ਼ੱਕਤ ਤੋਂ ਬਾਅਦ ਆਵਾਜਾਈ ਨੂੰ ਬਹਾਲ ਕਰਵਾਇਆ। **ਹਾਦਸੇ ਵਿੱਚ ਹੋਈਆਂ ਪੰਜ ਮੌਤਾਂ ਦੇ ਰੋਸ ਵਜੋਂ ਲੋਕਾਂ ਨੇ ਟੋਲ ਪਲਾਜ਼ਾ ਕਰਵਾਇਆ ਮੁਫਤ** ਦੂਜੇ ਪਾਸੇ, ਬਠਿੰਡਾ-ਡੱਬਵਾਲੀ ਮਾਰਗ 'ਤੇ ਪੈਂਦੇ ਪਿੰਡ ਗੁਰਥੜੀ ਕੋਲ ਬੀਤੇ ਦਿਨੀਂ ਵਾਪਰੇ ਦਰਦਨਾਕ ਹਾਦਸੇ, ਜਿਸ ਵਿੱਚ ਇੱਕ ਮੁਟਿਆਰ ਸਮੇਤ ਪੰਜ ਜਣਿਆਂ ਦੀ ਮੌਤ ਹੋ ਗਈ ਸੀ, ਦੇ ਰੋਸ ਵਜੋਂ ਅੱਜ ਇਲਾਕਾ ਨਿਵਾਸੀਆਂ ਦਾ ਗੁੱਸਾ ਫੁੱਟ ਪਿਆ। ਪਿੰਡ ਵਾਸੀਆਂ ਅਤੇ ਕਿਸਾਨ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਭਾਰਤ ਮਾਲਾ ਸੜਕ ਯੋਜਨਾ ਅਧੀਨ ਬਣ ਰਿਹਾ ਪੁਲ ਲੰਬੇ ਸਮੇਂ ਤੋਂ ਅਧੂਰਾ ਪਿਆ ਹੈ ਅਤੇ ਉੱਥੇ ਕੋਈ ਚੇਤਾਵਨੀ ਬੋਰਡ ਜਾਂ ਸੰਕੇਤ ਨਾ ਹੋਣ ਕਾਰਨ ਨਿੱਤ ਕੀਮਤੀ ਜਾਨਾਂ ਜਾ ਰਹੀਆਂ ਹਨ।ਇਸ ਲਾਪਰਵਾਹੀ ਦੇ ਵਿਰੋਧ ਵਿੱਚ ਲੋਕਾਂ ਨੇ ਜੱਸੀ ਟੋਲ ਪਲਾਜ਼ਾ ਤੇ ਪਹੁੰਚ ਕੇ ਕਰੀਬ ਤਿੰਨ ਘੰਟੇ ਲਈ ਟੋਲ ਮੁਫ਼ਤ ਕਰਵਾ ਦਿੱਤਾ। ਕਿਸਾਨ ਆਗੂਆਂ ਨੇ ਸਾਫ਼ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਜੇਕਰ ਨੈਸ਼ਨਲ ਹਾਈਵੇਅ ਅਥਾਰਟੀ ਨੇ ਪੁਲ ਦਾ ਕੰਮ ਜਲਦ ਮੁਕੰਮਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਪ੍ਰਸ਼ਾਸਨ ਅਤੇ ਸੜਕ ਅਥਾਰਟੀ ਦੇ ਭਰੋਸੇ ਤੋਂ ਬਾਅਦ ਹੀ ਲੋਕਾਂ ਨੇ ਧਰਨਾ ਸਮਾਪਤ ਕੀਤਾ।ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਖ਼ਰਾਬ ਮੌਸਮ ਅਤੇ ਸੰਘਣੀ ਧੁੰਦ ਕਾਰਨ ਵਾਹਨਾਂ ਦੀ ਰਫ਼ਤਾਰ ਮੱਠੀ ਰੱਖੀ ਜਾਵੇ, ਤਾਂ ਜੋ ਅਜਿਹੇ ਮੰਦਭਾਗੇ ਹਾਦਸਿਆਂ ਤੋਂ ਬਚਿਆ ਜਾ ਸਕੇ।

# ਰੋਟਰੀ ਕਲੱਬ ਸੁਨਾਮ ਨੇ ਸਕੂਲਾਂ ਵਿੱਚ ਚਾਰ ਹਜ਼ਾਰ ਜਰਸੀਆਂ ਵੰਡੀਆਂ




ਸੁਨਾਮ ਉਧਮ ਸਿੰਘ ਵਾਲਾ, 19 ਜਨਵਰੀ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਰੋਟਰੀ ਕਲੱਬ ਸੁਨਾਮ ਵੱਲੋਂ ਪ੍ਰਧਾਨ ਜਗਦੀਪ ਭਾਰਦਵਾਜ ਪ੍ਰੋਜੈਕਟ ਇੰਚਾਰਜ ਗੁਰਪ੍ਰੀਤ ਪੱਪੀ ,ਪ੍ਰੋਜੈਕਟ ਚੇਅਰਮੈਨ ਸੰਦੀਪ ਜੈਨ ਅਤੇ ਇੰਜ. ਰਜੇਸ਼ ਗਰਗ ਦੀ ਅਗਵਾਈ ਦੇ ਵਿੱਚ ਇਲਾਕੇ ਦੇ 22 ਸਕੂਲਾਂ ਦੇ ਵਿੱਚ ਇੱਕੋ ਹੀ ਦਿਨ ਦੋ ਦਰਜਨ ਟੀਮਾਂ ਦੇ ਲਗਭਗ 100 ਮੈਂਬਰਾਂ ਨੇ ਚਾਰ ਹਜ਼ਾਰ ਜਰਸੀਆਂ ਵੰਡੀਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਜਗਦੀਪ ਭਾਰਦਵਾਜ ਨੇ ਦੱਸਿਆ ਕਿ ਉਹਨਾਂ ਦੇ ਕਲੱਬ ਦੇ 21 ਸਵਰਗਵਾਸੀ ਮੈਂਬਰਾਂ ਦੀ ਯਾਦ ਵਿੱਚ ਇਹ ਪ੍ਰੋਜੈਕਟ ਲਗਾਇਆ ਗਿਆ। ਉਹਨਾਂ ਕਿਹਾ ਕਿ ਰੋਟਰੀ ਕਲੱਬ ਸੁਨਾਮ ਨੇ ਪਿਛਲੇ ਇੱਕ ਮਹੀਨੇ ਦੀ ਵਿੱਚ 22 ਸਕੂਲਾਂ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਚਿੰਨਹਿਤ ਕੀਤਾ ਉਹਨਾਂ ਦੀਆਂ ਜਰਸੀਆਂ ਦੇ ਸਾਈਜ਼ ਲਏ ਅਤੇ ਉਨ੍ਹਾਂ ਨੂੰ ਬਣਵਾਇਆ ਗਿਆ ਤੇ ਵੱਖ ਵੱਖ ਸਕੂਲਾਂ ਵਿੱਚ ਅੱਜ ਇੱਕੋ ਹੀ ਦਿਨ ਇਹ ਜਰਸੀਆਂ ਵੰਡੀਆਂ ਗਈਆਂ। ਉਹਨਾਂ ਨੇ ਕਿਹਾ ਕਿ ਸਰਕਾਰੀ ਸਕੂਲ ਲੜਕੇ ਵਿੱਚ ਉਹ ਖੁੱਦ ਤੇ ਉਹਨਾਂ ਦੇ ਨਾਲ ਪ੍ਰਭਾਤ ਜਿੰਦਲ ਅਸ਼ਵਨੀ ਬਾਂਸਲ ,ਗੁਰਪ੍ਰੀਤ ਪੱਪੀ ਬਖਸ਼ੀ ਵਾਲਾ ਸਕੂਲ ਦੇ ਵਿੱਚ ਉਹਨਾਂ ਦੇ ਨਾਲ ਅਸ਼ੋਕ ਗੋਇਲ ਕੇਵਲ ਕ੍ਰਿਸ਼ਨ ਸਾਬਕਾ ਐਸਡੀਓ ਬਹਾਲ ਸਿੰਘ ਕਾਲੇਕਾ ਨੀਲੋਵਾਲ ਸਕੂਲ ਵਿੱਚ ਪਰਸ਼ੋਤਮ ਵਿਸ਼ਿਸ਼ਟ ਰਾਧਾ ਵਿਸ਼ਿਸ਼ਟ ਛਾਜਲੀ, ਸੰਦੀਪ ਜੈਨ, ਪ੍ਰਧਾਨ ਖੁਦ, ਪ੍ਰਭਾਤ ਜਿੰਦਲ ਅਸ਼ਵਨੀ ਬਾਂਸਲ ,ਗੁਰਪ੍ਰੀਤ ਪਪੀ, ਨਮੋਲ ਸਕੂਲ ਵਿੱਚ ਦਵਿੰਦਰ ਪਾਲ ਸਿੰਘ ਰਿੰਪੀ, ਨੀਤਨ, ਸਰਕਾਰੀ ਗਰਲ ਸਕੂਲ ਸੁਨਾਮ ਵਿਖੇ ਵੀ ਇਸੇ ਟੀਮ ਨੇ ਜਰਸੀਆਂ ਵੰਡੀਆਂ।

# 86ਵੀਂ ਆਲ ਇੰਡੀਆ ਪ੍ਰੀਜ਼ਾਈਡਿੰਗ ਅਫ਼ਸਰ ਕਾਨਫ਼ਰੰਸ (AIPOC) ਦਾ ਉਦਘਾਟਨ ਲੋਕ ਸਭਾ ਸਪੀਕਰ ਓਮ ਬਿਰਲਾ ਵੱਲੋਂ ਉਦਘਾਟਨੀ ਸੈਸ਼ਨ 'ਚ ਮੁੱਖ ਭਾਸ਼ਣ

ਨਵੀਂ ਦਿੱਲੀ/ਲਖਨਊ, 19 ਜਨਵਰੀ (ਅੰਮ੍ਰਿਤਪਾਲ ਸਿੰਘ) : 86ਵੀਂ ਆਲ ਇੰਡੀਆ ਪ੍ਰੀਜ਼ਾਈਡਿੰਗ ਅਫਸਰਜ਼ ਕਾਨਫਰੰਸ (AIPOC) ਅੱਜ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਸ਼ੁਰੂ ਹੋਈ। ਤਿੰਨ ਦਿਨਾਂ ਕਾਨਫਰੰਸ ਦਾ ਉਦਘਾਟਨ ਉੱਤਰ ਪ੍ਰਦੇਸ਼ ਦੀ ਮਾਣਯੋਗ ਰਾਜਪਾਲ, ਸ਼੍ਰੀਮਤੀ ਆਨੰਦੀਬੇਨ ਪਟੇਲ ਨੇ ਕੀਤਾ।




ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਮੁੱਖ ਭਾਸ਼ਣ ਦਿੱਤਾ। 28 ਰਾਜਾਂ, ਤਿੰਨ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਛੇ ਵਿਧਾਨ ਪ੍ਰੀਸ਼ਦਾਂ ਦੇ ਪ੍ਰਧਾਨ ਅਧਿਕਾਰੀ ਕਾਨਫਰੰਸ ਵਿੱਚ ਹਿੱਸਾ ਲੈ ਰਹੇ ਹਨ। ਇਸ ਮੌਕੇ 'ਤੇ ਉੱਤਰ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ, ਸਤੀਸ਼ ਮਹਾਨਾ ਨੇ ਕਾਨਫਰੰਸ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਪ੍ਰਧਾਨ ਅਧਿਕਾਰੀਆਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਧਾਈ ਸੰਦੇਸ਼ ਪੜ੍ਹ ਕੇ ਸੁਣਾਇਆ।

ਆਪਣੇ ਸੰਬੋਧਨ ਵਿੱਚ, ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਕਿਹਾ ਕਿ ਭਾਵੇਂ ਉਹ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਸਬੰਧਤ ਹੋਣ, ਪ੍ਰਧਾਨ ਅਧਿਕਾਰੀ ਦਾ ਆਚਰਣ ਪੂਰੀ ਤਰ੍ਹਾਂ ਨਿਆਂਪੂਰਨ ਅਤੇ ਨਿਰਪੱਖ ਹੋਣਾ ਚਾਹੀਦਾ ਹੈ, ਪਾਰਟੀ ਰਾਜਨੀਤੀ ਤੋਂ ਸੁਤੰਤਰ ਹੋਣਾ ਚਾਹੀਦਾ ਹੈ, ਅਤੇ ਇਹ ਨਿਆਂਪੂਰਨ ਅਤੇ ਨਿਰਪੱਖ ਵੀ ਦਿਖਾਈ ਦੇਣਾ ਚਾਹੀਦਾ ਹੈ।

ਆਪਣੇ ਸੰਬੋਧਨ ਵਿੱਚ, ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਕਿਹਾ ਕਿ ਵਿਧਾਨ ਸਭਾ ਰਾਹੀਂ, ਲੋਕਾਂ ਦੀਆਂ ਇੱਛਾਵਾਂ ਅਤੇ ਆਵਾਜ਼ਾਂ ਸਰਕਾਰ ਤੱਕ ਪਹੁੰਚਦੀਆਂ ਹਨ ਅਤੇ ਉਨ੍ਹਾਂ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਨਤੀਜੇ ਵਜੋਂ, ਰਾਜ ਵਿਧਾਨ ਸਭਾ ਦੀ ਕਾਰਵਾਈ ਦੀ ਘਟਦੀ ਮਿਆਦ ਹਰ ਕਿਸੇ ਲਈ ਚਿੰਤਾ ਦਾ ਵਿਸ਼ਾ ਹੈ। ਰਾਜ ਵਿਧਾਨ ਸਭਾ ਦੀ ਕਾਰਵਾਈ ਲਈ ਇੱਕ ਨਿਸ਼ਚਿਤ ਅਤੇ ਢੁਕਵਾਂ ਸਮਾਂ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਸਦਨ ਜਿੰਨਾ ਲੰਬਾ ਸਮਾਂ ਬੈਠੇਗਾ, ਓਨਾ ਹੀ ਜ਼ਿਆਦਾ ਅਰਥਪੂਰਨ, ਗੰਭੀਰ ਅਤੇ ਨਤੀਜਾ-ਮੁਖੀ ਵਿਚਾਰ-ਵਟਾਂਦਰਾ ਸੰਭਵ ਹੋਵੇਗਾ।

ਸ਼੍ਰੀ ਬਿਰਲਾ ਨੇ ਕਿਹਾ ਕਿ ਆਧੁਨਿਕ ਸੂਚਨਾ ਅਤੇ ਸੰਚਾਰ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ, ਜਨਤਾ ਜਨਤਕ ਪ੍ਰਤੀਨਿਧੀਆਂ ਦੀ ਹਰ ਕਾਰਵਾਈ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ, ਜਿਸ ਨਾਲ ਸੰਸਦੀ ਸ਼ਿਸ਼ਟਾਚਾਰ ਅਤੇ ਅਨੁਸ਼ਾਸਨ ਨੂੰ ਬਣਾਈ ਰੱਖਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਤਕਨੀਕੀ ਯੁੱਗ ਵਿੱਚ, ਜਦੋਂ ਜਾਣਕਾਰੀ ਹਰ ਦਿਸ਼ਾ ਤੋਂ ਆਉਂਦੀ ਹੈ, ਸਦਨ ਦੀ ਅਖੰਡਤਾ ਨੂੰ ਬਣਾਈ ਰੱਖਣਾ ਸਾਡੇ ਸਾਰਿਆਂ ਲਈ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ ਕਿ ਆਲ ਇੰਡੀਆ ਪ੍ਰੀਜ਼ਾਈਡਿੰਗ ਅਫਸਰਜ਼ ਕਾਨਫਰੰਸ ਵਰਗੇ ਪਲੇਟਫਾਰਮ ਲੋਕਤੰਤਰੀ ਸੰਸਥਾਵਾਂ ਵਿੱਚ ਸਹਿਯੋਗ ਨੂੰ ਉਤਸ਼ਾਹਿਤ ਕਰਦੇ ਹਨ, ਤਾਲਮੇਲ ਨੂੰ ਮਜ਼ਬੂਤ ਕਰਦੇ ਹਨ ਅਤੇ ਸ਼ਾਸਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਇਹ ਕਾਨਫਰੰਸਾਂ ਦੇਸ਼ ਭਰ ਵਿੱਚ ਨੀਤੀਆਂ ਅਤੇ ਭਲਾਈ ਉਪਾਵਾਂ ਨੂੰ ਸੁਮੇਲ ਬਣਾਉਣ ਵਿੱਚ ਵੀ ਮੱਦਦ ਕਰਦੀਆਂ ਹਨ।

ਸ਼੍ਰੀ ਬਿਰਲਾ ਨੇ ਕਿਹਾ ਕਿ ਪ੍ਰੀਜ਼ਾਈਡਿੰਗ ਅਫਸਰਾਂ ਦੇ ਤੌਰ 'ਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਦਨ ਦੇ ਸਾਰੇ ਮੈਂਬਰਾਂ, ਖਾਸ ਕਰਕੇ ਨਵੇਂ ਅਤੇ ਨੌਜਵਾਨ ਮੈਂਬਰਾਂ ਨੂੰ ਢੁਕਵੇਂ ਮੌਕੇ ਪ੍ਰਦਾਨ ਕਰੀਏ, ਤਾਂ ਜੋ ਵਿਧਾਨ ਸਭਾ ਜਨਤਕ ਚਿੰਤਾਵਾਂ ਨੂੰ ਉਠਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਪਲੇਟਫਾਰਮ ਬਣੀ ਰਹੇ।

ਕੁੱਲ ਮਿਲਾ ਕੇ, ਤਿੰਨ ਦਿਨਾਂ ਕਾਨਫਰੰਸ ਵਿੱਚ ਅਗਲੇ ਦੋ ਪੂਰਨ ਸੈਸ਼ਨਾਂ ਦੌਰਾਨ ਵਿਧਾਨਕ ਪ੍ਰਕਿਰਿਆਵਾਂ ਵਿੱਚ ਤਕਨਾਲੋਜੀ ਦੀ ਵਰਤੋਂ, ਵਿਧਾਇਕਾਂ ਦੀ ਸਮਰੱਥਾ ਨਿਰਮਾਣ ਅਤੇ ਜਨਤਾ ਪ੍ਰਤੀ ਵਿਧਾਨ ਸਭਾ ਦੀ ਜਵਾਬਦੇਹੀ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਵਿਸਤ੍ਰਿਤ ਚਰਚਾ ਕੀਤੀ ਜਾਵੇਗੀ।

ਇਹ ਚੌਥਾ ਮੌਕਾ ਹੈ ਜਦੋਂ ਉੱਤਰ ਪ੍ਰਦੇਸ਼ ਇਸ ਵੱਕਾਰੀ ਰਾਸ਼ਟਰੀ ਕਾਨਫਰੰਸ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸ ਤੋਂ ਪਹਿਲਾਂ, ਰਾਜ ਨੇ ਦਸੰਬਰ 1961, ਅਕਤੂਬਰ 1985 ਅਤੇ ਜਨਵਰੀ-ਫਰਵਰੀ 2015 ਵਿੱਚ ਕਾਨਫਰੰਸ ਦੀ ਮੇਜ਼ਬਾਨੀ ਕੀਤੀ ਸੀ।

86ਵੀਂ ਆਲ ਇੰਡੀਆ ਪ੍ਰੀਜ਼ਾਈਡਿੰਗ ਅਫਸਰਾਂ ਦੀ ਕਾਨਫਰੰਸ 21 ਜਨਵਰੀ, 2026 ਨੂੰ ਸਮਾਪਤ ਹੋਵੇਗੀ। ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਨਗੇ। ਕਾਨਫਰੰਸ ਤੋਂ ਬਾਅਦ, ਸ਼੍ਰੀ ਬਿਰਲਾ ਇੱਕ ਪ੍ਰੈਸ ਕਾਨਫਰੰਸ ਵਿੱਚ ਮੀਡੀਆ ਨੂੰ ਵੀ ਸੰਬੋਧਨ ਕਰਨਗੇ।

ਉੱਤਰ ਪ੍ਰਦੇਸ਼ ਆਜ਼ਾਦੀ ਸੰਗਰਾਮ ਤੋਂ ਹੀ ਦੇਸ਼ ਦੀ ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਚੇਤਨਾ ਦੀ ਧਰਤੀ ਰਿਹਾ ਹੈ।

ਵਿਧਾਨ ਸਭਾ ਜਨਤਕ ਮੁੱਦਿਆਂ ਨੂੰ ਹੱਲ ਕਰਨ ਅਤੇ ਉਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਇੱਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਪਲੇਟਫਾਰਮ ਹੈ।

ਇਹ ਵਿਧਾਨ ਸਭਾ ਰਾਹੀਂ ਹੀ ਹੈ ਕਿ ਲੋਕਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਦੀ ਹੈ ਅਤੇ ਜਨਤਕ ਹਿੱਤਾਂ ਦੇ ਮੁੱਦੇ ਹੱਲ ਕੀਤੇ ਜਾਂਦੇ ਹਨ।

ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਅਤੇ ਗੱਲਬਾਤ ਅਤੇ ਬਹਿਸ ਰਾਹੀਂ, ਅਸੀਂ ਸਾਬਤ ਕੀਤਾ ਹੈ ਕਿ ਸੰਸਦੀ ਲੋਕਤੰਤਰ ਲੋਕਤੰਤਰ ਦੀ ਸਭ ਤੋਂ ਵਧੀਆ ਪਰੰਪਰਾ ਹੈ।

ਦੇਸ਼ ਇੱਕ ਵਿਕਸਤ ਭਾਰਤ ਦੇ ਸੰਕਲਪ ਨਾਲ ਲਗਾਤਾਰ ਅੱਗੇ ਵੱਧ ਰਿਹਾ ਹੈ, ਅਤੇ 2047 ਤੱਕ ਇੱਕ ਵਿਕਸਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਾਰੀਆਂ ਲੋਕਤੰਤਰੀ ਸੰਸਥਾਵਾਂ ਲਈ ਇੱਕ ਮਜ਼ਬੂਤ ਭੂਮਿਕਾ ਦੀ ਲੋੜ ਹੈ।

ਸਹਿਮਤੀ ਅਤੇ ਅਸਹਿਮਤੀ ਲੋਕਤੰਤਰ ਦੀਆਂ ਅਸਲ ਤਾਕਤਾਂ ਹਨ; ਵਿਭਿੰਨ ਵਿਚਾਰਾਂ ਅਤੇ ਵਿਚਾਰਾਂ ਰਾਹੀਂ ਹੀ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।

ਸੰਸਦੀ ਸੰਸਥਾਵਾਂ ਵਿੱਚ ਜਨਤਾ ਦਾ ਵਿਸ਼ਵਾਸ ਵਧਾਉਣਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ, ਅਤੇ ਇਸਦੇ ਲਈ, ਸਾਡੀ ਕਾਰਜ ਸੱਭਿਆਚਾਰ ਲੋਕਤੰਤਰੀ ਕਦਰਾਂ-ਕੀਮਤਾਂ 'ਤੇ ਅਧਾਰਤ ਹੋਣਾ ਚਾਹੀਦਾ ਹੈ।

ਸੰਸਦ ਅਤੇ ਰਾਜ ਵਿਧਾਨ ਸਭਾਵਾਂ ਰਾਸ਼ਟਰੀ ਹਿੱਤ ਦੇ ਮਾਮਲਿਆਂ 'ਤੇ ਇੱਕ ਸਾਂਝੇ ਦ੍ਰਿਸ਼ਟੀਕੋਣ ਅਤੇ ਭਾਵਨਾ ਨਾਲ ਕੰਮ ਕਰਦੀਆਂ ਹਨ।

ਰਾਜ ਵਿਧਾਨ ਸਭਾਵਾਂ ਦੀ ਕਾਰਵਾਈ ਲਈ ਇੱਕ ਨਿਸ਼ਚਿਤ ਅਤੇ ਢੁਕਵਾਂ ਸਮਾਂ ਯਕੀਨੀ ਬਣਾਉਣਾ ਜ਼ਰੂਰੀ ਹੈ।

ਸਦਨ ਜਿੰਨਾ ਲੰਬਾ ਸਮਾਂ ਕੰਮ ਕਰੇਗਾ, ਓਨੀ ਹੀ ਜ਼ਿਆਦਾ ਅਰਥਪੂਰਨ, ਗੰਭੀਰ ਅਤੇ ਨਤੀਜਾ-ਮੁਖੀ ਚਰਚਾਵਾਂ ਸੰਭਵ ਹੋਣਗੀਆਂ।

ਸਦਨ ਦਾ ਸਪੀਕਰ ਭਾਵੇਂ ਕਿਸੇ ਵੀ ਰਾਜਨੀਤਿਕ ਪਾਰਟੀ ਤੋਂ ਚੁਣਿਆ ਗਿਆ ਹੋਵੇ, ਪ੍ਰਧਾਨ ਵਜੋਂ ਉਸਦਾ ਆਚਰਣ ਪੂਰੀ ਤਰ੍ਹਾਂ ਨਿਆਂਪੂਰਨ ਅਤੇ ਨਿਰਪੱਖ ਹੋਣਾ ਚਾਹੀਦਾ ਹੈ।

ਸਾਰੇ ਵਿਚਾਰਾਂ ਅਤੇ ਵਿਚਾਰਾਂ ਨੂੰ ਜਗ੍ਹਾ ਦੇ ਕੇ ਹੀ ਅਸੀਂ ਵਿਧਾਨ ਸਭਾ ਨੂੰ ਇੱਕ ਵਧੇਰੇ ਜਵਾਬਦੇਹ, ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਸੰਸਥਾ ਬਣਾ ਸਕਦੇ ਹਾਂ।



ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਚੇਅਰਮੈਨ ਚੜ੍ਹਦੀਕਲਾ ਗਰੁੱਪ ਨੂੰ ਉਹਨਾਂ ਦੇ ਜਨਮਦਿਨ 'ਤੇ ਵਿਸ਼ੇਸ਼ ਤੌਰ 'ਤੇ ਵਧਾਈ ਦੇਣ ਪੁੱਜੇ ਉੱਤਰਾਖੰਡ ਦੇ ਉੱਘੇ ਰਾਜਨੀਤਿਕ ਨੇਤਾ ਅਤੇ ਸੋਸ਼ਲ ਵਰਕਰ ਸ੍ਰੀ ਜੁਪਿੰਦਰ ਸਿੰਘ, ਉੱਘੇ ਲੇਖਕ ਸ੍. ਹਰੀ ਸਿੰਘ ਚਮਕ ਅਤੇ ਉਹਨਾਂ ਦੇ ਸਾਥੀ ਨੂੰ ਨਵੇਂ ਸਾਲ ਦੀ ਚੜ੍ਹਦੀਕਲਾ ਦੀ ਡੇਅਰੀ ਭੇਟ ਕੀਤੀ ਗਈ ਨਾਲ ਖੜ੍ਹੇ ਹਨ ਸ੍. ਹਰਪ੍ਰੀਤ ਸਿੰਘ ਦਰਦੀ

# ਪੀ.ਪੀ.ਸੀ.ਬੀ., ਨਗਰ ਕੌਂਸਲ ਜ਼ੀਰਕਪੁਰ ਅਤੇ ਪੰਜਾਬ ਪੁਲਿਸ ਦੀ ਵਿਸ਼ੇਸ਼ ਇਨਫੋਰਸਮੈਂਟ ਕਾਰਵਾਈ ਤਹਿਤ ਪਾਬੰਦੀਸ਼ੁਦਾ ਚਾਈਨਾ ਡੋਰ ਜ਼ਬਤ




ਜ਼ੀਰਕਪੁਰ, 19 ਜਨਵਰੀ (ਚ.ਨ.ਸ.) : ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਅਗਵਾਈ ਵਿਚ ਜ਼ੀਰਕਪੁਰ ਦੇ ਭਬਾਤ ਖੇਤਰ ਵਿੱਚ ਚਾਈਨਾ ਡੋਰ ਦੀ ਵਿਕਰੀ ਅਤੇ ਸਟੋਰੇਜ ਵਿਰੁੱਧ ਇੱਕ ਵਿਸ਼ੇਸ਼ ਇਨਫੋਰਸਮੈਂਟ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੌਰਾਨ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਨਗਰ ਕੌਂਸਲ ਜ਼ੀਰਕਪੁਰ ਅਤੇ ਪੰਜਾਬ ਪੁਲਿਸ ਵੱਲੋਂ ਇੱਕ ਸਾਂਝਾ ਨਿਰੀਖਣ ਕੀਤਾ ਗਿਆ। ਇਸ ਕਾਰਵਾਈ ਤਹਿਤ ਦੋ ਵੱਖ-ਵੱਖ ਦੁਕਾਨਾਂ ਤੋਂ ਪਾਬੰਦੀਸ਼ੁਦਾ ਚਾਈਨਾ ਡੋਰ ਦੇ ਕੁੱਲ ਨੌਂ (9) ਰੋਲ ਜ਼ਬਤ ਕੀਤੇ ਗਏ ਜੋ ਲਾਗੂ ਹੁਕਮਾਂ ਅਤੇ ਨਿਯਮਾਂ ਦੀ ਉਲੰਘਣਾ ਕਰਦੇ ਪਾਏ ਗਏ। ਜ਼ਬਤ ਕੀਤੀ ਗਈ ਸਮੱਗਰੀ ਨੂੰ ਨਿਰਧਾਰਤ ਪ੍ਰਕਿਰਿਆ ਅਨੁਸਾਰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਸ ਮਾਮਲੇ ਵਿੱਚ ਪੰਜਾਬ ਪੁਲਿਸ ਵੱਲੋਂ ਕਾਨੂੰਨ ਦੇ ਉਪਬੰਧਾਂ ਅਨੁਸਾਰ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

# ਬੈਂਕ ਆਫ਼ ਬੜੌਦਾ ਵੱਲੋਂ ਆਪਣੀ ਚੰਡੀਗੜ੍ਹ ਸੈਕਟਰ 22 ਅਤੇ ਸੈਕਟਰ 11 ਪੰਚਕੂਲਾ ਸ਼ਾਖਾ ਦਾ ਉਦਘਾਟਨ



ਚੰਡੀਗੜ੍ਹ, 19 ਜਨਵਰੀ (ਚ.ਨ.ਸ.) : ਬੈਂਕ ਆਫ਼ ਬੜੌਦਾ ਨੇ ਆਪਣੀ ਚੰਡੀਗੜ੍ਹ ਸੈਕਟਰ 22 ਸ਼ਾਖਾ (ਭੌਤਿਕ ਸ਼ਾਖਾ), ਚੰਡੀਗੜ੍ਹ ਦਾ ਉਦਘਾਟਨ ਬੈਂਕ ਆਫ਼ ਬੜੌਦਾ ਦੇ ਕਾਰਜਕਾਰੀ ਨਿਰਦੇਸ਼ਕ ਸ੍ਰੀ ਲਲਿਤ ਤਿਆਗੀ ਅਤੇ ਚੰਡੀਗੜ੍ਹ ਜ਼ੋਨ ਦੇ ਜਨਰਲ ਮੈਨੇਜਰ ਅਤੇ ਜ਼ੋਨਲ ਮੁਖੀ ਸ੍ਰੀ ਸਬਾਇਕ ਸਿੰਘ ਦੀ ਮੌਜੂਦਗੀ ਵਿੱਚ ਕੀਤਾ।

ਆਪਣੇ ਸੰਬੋਧਨ ਵਿੱਚ, ਸ੍ਰੀ ਤਿਆਗੀ ਨੇ ਕਿਹਾ ਕਿ ਚੰਡੀਗੜ੍ਹ ਸੈਕਟਰ 22 ਸ਼ਾਖਾ (ਭੌਤਿਕ ਸ਼ਾਖਾ) ਦਾ ਉਦਘਾਟਨ ਇੱਕ ਮਹੱਤਵਪੂਰਨ ਮੌਕਾ ਹੈ, ਜੋ ਚੰਡੀਗੜ੍ਹ ਵਿੱਚ ਬੈਂਕ ਦੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰਦਾ ਹੈ। ਅਸੀਂ ਆਪਣੇ ਗਾਹਕਾਂ ਨੂੰ ਆਧੁਨਿਕ ਬੈਂਕਿੰਗ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਇਹ ਸ਼ਾਖਾ ਡਿਜੀਟਲ ਬੈਂਕਿੰਗ, ਭੁਗਤਾਨ ਹੱਲ ਅਤੇ ਵਿਅਕਤੀਗਤ ਬੈਂਕਿੰਗ ਸੇਵਾਵਾਂ ਸਮੇਤ ਕਈ ਤਰ੍ਹਾਂ ਦੀਆਂ ਬੈਂਕਿੰਗ ਸੇਵਾਵਾਂ ਪ੍ਰਦਾਨ ਕਰੇਗੀ। ਇਸ ਸ਼ਾਖਾ ਰਾਹੀਂ, ਬੈਂਕ ਗਾਹਕਾਂ ਨੂੰ ਇੱਕ ਉੱਤਮ ਡਿਜੀਟਲ ਬੈਂਕਿੰਗ ਅਨੁਭਵ ਪ੍ਰਦਾਨ ਕਰੇਗਾ; ਉਨ੍ਹਾਂ ਕਿਹਾ। ਬੈਂਕ ਆਫ਼ ਬੜੌਦਾ ਦੇ ਚੰਡੀਗੜ੍ਹ ਜ਼ੋਨ ਦੇ ਜਨਰਲ ਮੈਨੇਜਰ ਸ੍ਰੀ ਸਬਾਇਕ ਸਿੰਘ ਨੇ ਦਰਸ਼ਕਾਂ ਨੂੰ ਬੈਂਕ ਵਿੱਚ ਸ਼ਾਮਲ ਹੋਣ ਅਤੇ ਉਨ੍ਹਾਂ ਨੂੰ ਤੁਹਾਡੀ ਵੱਧ ਤੋਂ ਵੱਧ ਸੇਵਾ ਕਰਨ ਦਾ ਮੌਕਾ ਦੇਣ ਦੀ ਅਪੀਲ ਕੀਤੀ। ਇਸ ਮੌਕੇ 'ਤੇ ਵਪਾਰ ਵਿਕਾਸ ਦੇ ਡਿਪਟੀ ਜਨਰਲ ਮੈਨੇਜਰ ਸ੍ਰੀ ਰਾਜੇਸ਼ ਕੁਮਾਰ ਸ਼ਰਮਾ; ਚੰਡੀਗੜ੍ਹ ਖੇਤਰ ਦੇ ਖੇਤਰੀ ਮੁਖੀ ਸ੍ਰੀ ਦੇਵ ਰਾਜ ਬਾਂਸਲ ਮੌਜੂਦ ਸਨ। ਸ੍ਰੀ ਕੈਲਾਸ਼ ਰਾਵਤ, ਡਿਪਟੀ ਰੀਜਨਲ ਹੈੱਡ; ਸ੍ਰੀ ਅਭਿਨਵ ਸ਼ਰਮਾ, ਬ੍ਰਾਂਚ ਹੈੱਡ; ਅਤੇ ਸਤਿਕਾਰਯੋਗ ਗਾਹਕ ਅਤੇ ਸਟਾਫ ਮੈਂਬਰ।

**ਬੈਂਕ ਆਫ ਬੜੌਦਾ ਸੈਕਟਰ 11 ਪੰਚਕੂਲਾ ਬ੍ਰਾਂਚ, ਚੰਡੀਗੜ੍ਹ ਦਾ ਉਦਘਾਟਨ**

ਬੈਂਕ ਆਫ ਬੜੌਦਾ ਨੇ ਆਪਣੀ ਸੈਕਟਰ 11 ਪੰਚਕੂਲਾ ਬ੍ਰਾਂਚ, ਚੰਡੀਗੜ੍ਹ ਦਾ ਉਦਘਾਟਨ ਬੈਂਕ ਆਫ ਬੜੌਦਾ ਦੇ ਕਾਰਜਕਾਰੀ ਨਿਰਦੇਸ਼ਕ ਸ੍ਰੀ ਲਲਿਤ ਤਿਆਗੀ ਅਤੇ ਚੰਡੀਗੜ੍ਹ ਜ਼ੋਨ ਦੇ ਜਨਰਲ ਮੈਨੇਜਰ ਅਤੇ ਜ਼ੋਨਲ ਹੈੱਡ ਸ੍ਰੀ ਸਬਿਕ ਸਿੰਘ ਦੀ ਮੌਜੂਦਗੀ ਵਿੱਚ ਕੀਤਾ।

ਇਹ ਨਵਾਂ ਕੈਂਪਸ ਸੰਗਠਨ ਦੇ ਨਿਰੰਤਰ ਵਿਕਾਸ, ਵਿਸਥਾਰ ਅਤੇ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਉਦਘਾਟਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ, ਕਾਰਜਕਾਰੀ ਨਿਰਦੇਸ਼ਕ ਸ੍ਰੀ ਲਲਿਤ ਤਿਆਗੀ ਨੇ ਕਿਹਾ ਕਿ ਨਵਾਂ ਕੈਂਪਸ ਕਰਮਚਾਰੀਆਂ ਲਈ ਇੱਕ ਬਿਹਤਰ ਕੰਮ ਦਾ ਮਾਹੌਲ ਪ੍ਰਦਾਨ ਕਰੇਗਾ ਅਤੇ ਸੰਗਠਨ ਦੇ ਉਦੇਸ਼ਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਪਤ ਕਰਨ ਵਿੱਚ ਮੱਦਦ ਕਰੇਗਾ। ਉਨ੍ਹਾਂ ਨੇ ਟੀਮ ਦੇ ਸਮਰਪਣ ਅਤੇ ਸਹਿਯੋਗ ਦੀ ਸ਼ਲਾਘਾ ਕੀਤੀ, ਇਸਨੂੰ ਖੇਤਰ ਲਈ ਇੱਕ ਸਮੂਹਿਕ ਸਫਲਤਾ ਕਿਹਾ।

ਨਵਾਂ ਅਹਾਤਾ ਆਧੁਨਿਕ ਸਹੂਲਤਾਂ ਨਾਲ ਲੈਸ ਹੈ, ਜੋ ਕਾਰਜਾਂ ਵਿੱਚ ਕੁਸ਼ਲਤਾ ਵਧਾਏਗਾ ਅਤੇ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰੇਗਾ। ਇਸ ਮੌਕੇ 'ਤੇ ਸ੍ਰੀ ਰਾਜੇਸ਼ ਕੁਮਾਰ ਸ਼ਰਮਾ, ਡਿਪਟੀ ਜਨਰਲ ਮੈਨੇਜਰ, ਬਿਜ਼ਨਸ ਡਿਵੈਲਪਮੈਂਟ; ਸ੍ਰੀ ਦੇਵ ਰਾਜ ਬਾਂਸਲ, ਰੀਜਨਲ ਹੈੱਡ, ਚੰਡੀਗੜ੍ਹ ਖੇਤਰ ਮੌਜੂਦ ਸਨ। ਸ੍ਰੀ ਕੈਲਾਸ਼ ਰਾਵਤ, ਡਿਪਟੀ ਰੀਜਨਲ ਹੈੱਡ; ਸ੍ਰੀ ਰਾਕੇਸ਼ ਕੁਮਾਰ, ਬ੍ਰਾਂਚ ਹੈੱਡ; ਸਾਰੇ ਸਟਾਫ਼ ਮੈਂਬਰ ਅਤੇ ਹੋਰ ਸੱਦੇ ਗਏ ਮਹਿਮਾਨ। ਇਹ ਉਦਘਾਟਨ ਬੈਂਕ ਦੀਆਂ ਭਵਿੱਖੀ ਯੋਜਨਾਵਾਂ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ ਅਤੇ ਵਿਕਾਸ ਲਈ ਨਵੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹਦਾ ਹੈ।

# ਆਈ.ਆਈ.ਟੀ. ਰੋਪੜ ਅਤੇ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਵੱਲੋਂ ਵਿੱਦਿਅਕ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਸਮਝੌਤੇ 'ਤੇ ਦਸਤਖ਼ਤ

ਰੋਪੜ, 19 ਜਨਵਰੀ: ਭਾਰਤੀ ਤਕਨਾਲੋਜੀ ਸੰਸਥਾਨ, ਰੋਪੜ (ਆਈਆਈਟੀ ਰੋਪੜ) ਅਤੇ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ (ਐਸਬੀਐਸਐਸਯੂ) ਨੇ ਅੱਜ ਦੋਵਾਂ ਸੰਸਥਾਵਾਂ ਵਿਚਕਾਰ ਵਿਦਿਅਕ ਸਹਿਯੋਗ ਅਤੇ ਖੋਜ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਸਮਝੌਤਾ ਪੱਤਰ 'ਤੇ ਦਸਤਖਤ ਕਰਕੇ ਇੱਕ ਰਣਨੀਤਕ ਸਾਂਝੇਦਾਰੀ ਨੂੰ ਰਸਮੀ ਰੂਪ ਦਿੱਤਾ।



ਇਸ ਸਮਝੌਤਾ ਪੱਤਰ 'ਤੇ ਪ੍ਰੋਫੈਸਰ ਰਾਜੀਵ ਆਹੂਜਾ, ਨਿਰਦੇਸ਼ਕ, ਆਈਆਈਟੀ ਰੋਪੜ, ਅਤੇ ਪ੍ਰੋਫੈਸਰ ਸੁਸ਼ੇਂਦਰ ਕੁਮਾਰ ਮਿਸ਼ਰਾ, ਵਾਈਸ-ਚਾਂਸਲਰ, ਐਸਬੀਐਸਐਸਯੂ ਗੁਰਦਾਸਪੁਰ ਦੁਆਰਾ ਦਸਤਖਤ ਕੀਤੇ ਗਏ, ਜੋ ਗਿਆਨ ਦੇ ਆਦਾਨ-ਪ੍ਰਦਾਨ, ਗਲੋਬਲ ਵਿੱਦਿਅਕ ਅਨੁਭਵ ਪ੍ਰਦਾਨ ਕਰਨ ਅਤੇ ਖੋਜ ਉੱਨਤੀ ਨੂੰ ਸੁਵਿਧਾਜਨਕ ਬਣਾਉਣ ਲਈ ਤਿਆਰ ਕੀਤੇ ਗਏ ਪੰਜ ਸਾਲ ਦੇ ਸਹਿਯੋਗੀ ਢਾਂਚੇ ਦੀ ਸ਼ੁਰੂਆਤ ਦਾ ਪ੍ਰਤੀਕ ਹੈ।

ਇਸ ਸਾਂਝੇਦਾਰੀ ਦੇ ਤਹਿਤ, ਦੋਵੇਂ ਸੰਸਥਾਵਾਂ ਵਿਗਿਆਨ, ਇੰਜੀਨੀਅਰਿੰਗ, ਪ੍ਰਬੰਧਨ ਅਤੇ ਸਮਾਜਿਕ ਵਿਗਿਆਨ ਵਿੱਚ ਵਿਆਪਕ ਵਿਦਿਅਕ ਸਹਿਯੋਗ ਵਿੱਚ ਸ਼ਾਮਲ ਹੋਣਗੀਆਂ। ਇਸ ਸਹਿਯੋਗ ਵਿੱਚ ਵਿਦਿਅਕ ਅਤੇ ਖੋਜ ਉਦੇਸ਼ਾਂ ਲਈ ਅੰਡਰਗਰੈਜੂਏਟ, ਗ੍ਰੈਜੂਏਟ ਅਤੇ ਡਾਕਟਰੇਟ ਪੱਧਰਾਂ 'ਤੇ ਫੈਕਲਟੀ, ਵਿਗਿਆਨੀਆਂ ਅਤੇ ਵਿਦਿਆਰਥੀਆਂ ਦਾ ਆਦਾਨ-ਪ੍ਰਦਾਨ ਸ਼ਾਮਲ ਹੈ। ਐਸਬੀਐਸਐਸਯੂ ਦੇ ਵਿਦਿਆਰਥੀਆਂ ਨੂੰ ਆਈਆਈਟੀ ਰੋਪੜ ਵਿਖੇ ਸਮੈਸਟਰ-ਲੰਬੇ ਸਿਖਲਾਈ ਪ੍ਰੋਗਰਾਮ ਕਰਨ ਦਾ ਮੌਕਾ ਮਿਲੇਗਾ, ਜਦਕਿ ਦੋਵੇਂ ਸੰਸਥਾਵਾਂ ਅਧਿਆਪਨ ਅਤੇ ਖੋਜ ਗਤੀਵਿਧੀਆਂ ਲਈ ਪ੍ਰਯੋਗਸ਼ਾਲਾ ਬੁਨਿਆਦੀ ਢਾਂਚੇ ਦੀ ਸਾਂਝ ਨੂੰ ਸੁਵਿਧਾਜਨਕ ਬਣਾਉਣਗੀਆਂ।

ਇਹ ਸਮਝੌਤਾ ਪੱਤਰ ਸੰਯੁਕਤ ਖੋਜ ਅਤੇ ਵਿਕਾਸ ਪਹਿਲਕਦਮੀਆਂ ਦਾ ਪ੍ਰਬੰਧ ਕਰਦਾ ਹੈ, ਦੋਵੇਂ ਸੰਸਥਾਵਾਂ ਸਪਾਂਸਰ ਕੀਤੇ ਖੋਜ ਪ੍ਰੋਗਰਾਮਾਂ ਅਤੇ ਸਲਾਹਕਾਰ ਪ੍ਰੋਜੈਕਟਾਂ ਵਿੱਚ ਹਿੱਸਾ ਲੈਣ ਲਈ ਫੈਕਲਟੀ ਮੈਂਬਰਾਂ ਨੂੰ ਸੱਦਾ ਦੇਣ ਲਈ ਵਚਨਬੱਧਹਨ। ਇਸ ਤੋਂ ਇਲਾਵਾ, ਇਹ ਸਾਂਝੇਦਾਰੀ ਆਪਸੀ ਦਿਲਚਸਪੀ ਦੇ ਵਿਸ਼ਿਆਂ 'ਤੇ ਸੈਮੀਨਾਰਾਂ, ਕਾਨਫਰੰਸਾਂ, ਵਰਕਸ਼ਾਪਾਂ ਅਤੇ ਫੈਕਲਟੀ ਵਿਕਾਸ ਪ੍ਰੋਗਰਾਮਾਂ ਦੇ ਆਯੋਜਨ ਨੂੰ ਉਤਸ਼ਾਹਿਤ ਕਰੇਗੀ, ਜਿਸ ਨਾਲ ਵਿੱਦਿਅਕ ਵਿਚਾਰ-ਵਟਾਂਦਰੇ ਅਤੇ ਪੇਸ਼ੇਵਰ ਵਿਕਾਸ ਲਈ ਮੰਚ ਤਿਆਰ ਹੋਣਗੇ।

ਸਹਿਯੋਗ ਦੀ ਇੱਕ ਮੁੱਖ ਵਿਸ਼ੇਸ਼ਤਾ ਸੰਰਚਿਤ ਵਿਦਿਆਰਥੀ ਵਟਾਂਦਰਾ ਪ੍ਰੋਗਰਾਮ ਹੈ, ਜਿੱਥੇ ਹਿੱਸਾ ਲੈਣ ਵਾਲੇ ਵਿਦਿਆਰਥੀ ਮੇਜ਼ਬਾਨ ਸੰਸਥਾ ਵਿਖੇ ਅਧਿਐਨ ਜਾਂ ਖੋਜ ਦੇ ਪਹਿਲਾਂ ਤੋਂ ਨਿਰਧਾਰਤ ਪ੍ਰੋਗਰਾਮ ਕਰਦੇ ਹੋਏ ਆਪਣੀ ਘਰੇਲੂ ਸੰਸਥਾ ਵਿੱਚ ਫੁੱਲ-ਟਾਈਮ ਸਥਿਤੀ ਬਣਾਈ ਰੱਖਣਗੇ। ਇਹਨਾਂ ਵਟਾਂਦਰਿਆਂ ਦੌਰਾਨ ਪ੍ਰਾਪਤ ਕੀਤੇ ਵਿਦਿਅਕ ਕ੍ਰੈਡਿਟਾਂ ਨੂੰ ਸੰਸਥਾਗਤ ਨੀਤੀਆਂ ਦੇ ਅਧੀਨ ਮਾਨਤਾ ਦਿੱਤੀ ਜਾਵੇਗੀ, ਜਿਸ ਨਾਲ ਵਿਦਿਆਰਥੀਆਂ ਦੇ ਵਿੱਦਿਅਕ ਮਾਰਗ ਵਿੱਚ ਸੁਚਾਰੂ ਏਕੀਕਰਨ ਯਕੀਨੀ ਬਣਾਇਆ ਜਾਵੇਗਾ।

ਇਹ ਸਹਿਯੋਗ ਦੋਵਾਂ ਸੰਸਥਾਵਾਂ ਵਿਚਕਾਰ ਤਾਲਮੇਲ ਬਣਾਉਣ, ਵਿਦਿਅਕ ਗੁਣਵੱਤਾ ਵਧਾਉਣ, ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਖੇਤਰ ਅਤੇ ਇਸ ਤੋਂ ਪਰੇ ਗਿਆਨ ਦੀ ਉੱਨਤੀ ਵਿੱਚ ਯੋਗਦਾਨ ਪਾਉਣ ਲਈ ਉਹਨਾਂ ਦੀਆਂ ਸਬੰਧਿਤ ਤਾਕਤਾਂ ਦਾ ਲਾਭ ਉਠਾਉਣ ਵੱਲ ਇੱਕ ਮਹੱਤਵਪੂਰਨ ਕਦਮ ਦੀ ਨੁਮਾਇੰਦਗੀ ਕਰਦਾ ਹੈ।

## ਵਿਆਹ ਦੀ ਵਰ੍ਹੇਗੰਢ ਮੁਬਾਰਕ



ਵਿਸ਼ਾਲ ਸ਼ਰਮਾ, ਪੂਨਮ ਸ਼ਰਮਾ

# ਚੀਨ ਨੂੰ ਜਾਣਕਾਰੀ ਭੇਜਣ ਦੇ ਦੋਸ਼ 'ਚ ਤਾਈਵਾਨੀ ਪੱਤਰਕਾਰ ਗ੍ਰਿਫਤਾਰ



ਤਾਈਪੇਈ, 19 ਜਨਵਰੀ (ਚ.ਨ.ਸ.) : ਇਕ ਤਾਈਵਾਨੀ ਪੱਤਰਕਾਰ ਨੂੰ ਨੂੰ ਮੁੱਖ ਭੂਮੀ ਚੀਨ ਨੂੰ ਫੌਜੀ ਜਾਣਕਾਰੀ ਪ੍ਰਦਾਨ ਕਰਨ ਲਈ ਫੌਜੀ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੇ ਦੋਸ਼ ਵਿਚ ਹਿਰਾਸਤ ਵਿਚ ਲਿਆ ਗਿਆ ਸੀ। ਇਹ ਕਾਰਵਾਈ ਉਦੋਂ ਕੀਤੀ ਗਈ ਹੈ ਜਦੋਂ ਸਵੈ-ਸ਼ਾਸਨ ਵਾਲਾ ਟਾਪੂ ਸੰਭਾਵੀ ਚੀਨੀ ਘੁਸਪੈਠਾਂ ਵਿਰੁੱਧ ਆਪਣੀ ਕਾਰਵਾਈ ਤੇਜ਼ ਕਰ ਰਿਹਾ ਹੈ। ਤਾਈਵਾਨ ਦੇ ਕਿਆਓਟੋ ਜ਼ਿਲ੍ਹਾ ਵਕੀਲ ਦਫ਼ਤਰ ਨੇ ਇਕ ਬਿਆਨ ਵਿਚ ਕਿਹਾ ਕਿ ਇਕ ਜ਼ਿਲ੍ਹਾ ਅਦਾਲਤ ਨੇ ਇਕ ਟੈਲੀਵਿਜ਼ਨ ਰਿਪੋਰਟਰ ਅਤੇ ਪੰਜ ਸੇਵਾਮੁਕਤ ਅਤੇ ਸੇਵਾਮੁਕਤ ਫੌਜੀ ਅਧਿਕਾਰੀਆਂ ਨੂੰ ਹਿਰਾਸਤ ਵਿਚ ਲੈਣ ਦਾ ਹੁਕਮ ਦਿੱਤਾ ਹੈ।ਹਾਲਾਂਕਿ, ਬਿਆਨ ਵਿਚ ਪੱਤਰਕਾਰ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ, ਪਰ ਸੀ.ਟੀ.ਆਈ. ਟੀਵੀ ਨੇ ਆਪਣੇ ਰਿਪੋਰਟਰ, ਲਿਨ ਚੇਨ-ਯੂ ਦੀ ਹਿਰਾਸਤ ਦੀ ਪੁਸ਼ਟੀ ਕੀਤੀ ਹੈ। ਇਲ ਦੌਰਾਨ ਚੈਨਲ ਨੇ ਕਿਹਾ ਕਿ ਉਸ ਨੂੰ ਮਾਮਲੇ ਦੇ ਵੇਰਵੇ ਨਹੀਂ ਪਤਾ ਸਨ ਪਰ ਇਕ ਨਿਰਪੱਖ ਨਿਆਂਇਕ ਪ੍ਰਕਿਰਿਆ ਦੀ ਮੰਗ ਕੀਤੀ। ਤਾਈਵਾਨ ਵਿਚ ਸਰਕਾਰ ਅਤੇ ਫੌਜ ਦੇ ਅੰਦਰ ਜਾਸੂਸੀ ਮਾਮਲਿਆਂ ਦੀ ਜਾਂਚ ਆਮ ਹੈ, ਪਰ ਪੱਤਰਕਾਰਾਂ ਵਿਰੁੱਧ ਅਜਿਹੇ ਦੋਸ਼ ਬਹੁਤ ਘੱਟ ਮੰਨੇ ਜਾਂਦੇ ਹਨ। ਵਕੀਲਾਂ ਦਾ ਦੋਸ਼ ਹੈ ਕਿ ਲਿਨ ਨੇ ਚੀਨੀ ਵਿਅਕਤੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਦੇ ਬਦਲੇ ਸੇਵਾ ਕਰ ਰਹੇ ਫੌਜੀ ਅਧਿਕਾਰੀਆਂ ਨੂੰ ਕੁਝ ਹਜ਼ਾਰ ਤੋਂ ਲੈ ਕੇ ਦਸ ਹਜ਼ਾਰ ਤਾਈਵਾਨੀ ਡਾਲਰ ਤੱਕ ਦੇ ਕਈ ਭੁਗਤਾਨ ਕੀਤੇ।

# ਸਰਬੱਤ ਦੇ ਭਲੇ ਦੀ ਮਿਸਾਲ: ਕਲਗੀਧਰ ਟਰੱਸਟ ਵੱਲੋਂ ਗੁਰਦਾਸਪੁਰ ਦੇ ਹੜ੍ਹ ਪੀੜਤਾਂ ਲਈ 10 ਮਕਾਨ ਤਿਆਰ

ਗੁਰਦਾਸਪੁਰ, 19 ਜਨਵਰੀ, (ਅੰਮ੍ਰਿਤਪਾਲ ਸਿੰਘ) : ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ।

ਟਰੱਸਟ ਦੇ ਪ੍ਰਧਾਨ ਡਾ. ਦਵਿੰਦਰ ਸਿੰਘ ਨੇ ਪਹਿਲਾਂ ਹੀ ਭਰੋਸਾ ਦਿਵਾਇਆ ਸੀ ਕਿ ਸੰਗਤ ਵੱਲੋਂ ਦਿੱਤਾ ਗਿਆ ਦਾਨ ਪੂਰੀ ਪਾਰਦਰਸ਼ਤਾ ਨਾਲ ਹੜ੍ਹ ਪੀੜਤਾਂ ਦੀਆਂ ਬੁਨਿਆਦੀ ਲੋੜਾਂ ਲਈ ਵਰਤਿਆ ਜਾਵੇਗਾ। ਰਾਹਤ ਕਾਰਜਾਂ ਦੇ ਚੌਥੇ ਚਰਨ ਤਹਿਤ ਪੂਰੀ ਤਰ੍ਹਾਂ ਨੁਕਸਾਨੀ ਹੋਏ ਘਰਾਂ ਵਾਲੇ ਪਰਿਵਾਰਾਂ ਲਈ ਨਵੇਂ ਮਕਾਨ ਤਿਆਰ ਕਰਨ ਦਾ ਫੈਸਲਾ ਲਿਆ ਗਿਆ।

ਇਸ ਕੜੀ ਤਹਿਤ ਟਰੱਸਟ ਦੇ ਉਪ-ਪ੍ਰਧਾਨ ਜਗਜੀਤ ਸਿੰਘ (ਕਾਕਾ ਵੀਰ ਜੀ) ਦੀ ਅਗਵਾਈ ਹੇਠ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਰਾਮਪੁਰ (5), ਅਦੀਆ (1), ਸਕਰੀ (3) ਅਤੇ ਸੁਲਤਾਨੀ (1) ਵਿੱਚ ਕੁੱਲ 10 ਪ੍ਰੀ-ਫੈਬ੍ਰਿਕੇਟਡ ਮਕਾਨ ਤਿਆਰ ਕਰਕੇ ਹੜ੍ਹ ਪੀੜਤ ਪਰਿਵਾਰਾਂ ਨੂੰ ਸੌਂਪੇ ਗਏ। ਇਹ ਮਕਾਨ ਸਿਰਫ਼ 24 ਘੰਟਿਆਂ ਵਿੱਚ ਤਿਆਰ ਕੀਤੇ ਗਏ।




ਹਰ ਮਕਾਨ ਨਾਲ ਰਸੋਈ ਦਾ ਰਾਸ਼ਨ, ਬੈੱਡ, ਗੱਦੇ, ਪੱਖੇ ਅਤੇ ਹੋਰ ਜ਼ਰੂਰੀ ਸਮਾਨ ਵੀ ਦਿੱਤਾ ਗਿਆ। ਮਕਾਨਾਂ ਦੀਆਂ ਚਾਬੀਆਂ ਸੌਂਪਣ ਸਮੇਂ ਏ.ਡੀ.ਸੀ. ਗੁਰਦਾਸਪੁਰ ਗੁਰਸਿਮਰਨ ਸਿੰਘ ਢਿੱਲੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਟਰੱਸਟ ਦੇ ਉੱਦਮ ਦੀ ਸ਼ਲਾਘਾ ਕੀਤੀ। ਇਸ ਮੌਕੇ ਟਰੱਸਟ ਦੇ ਸੇਵਾਦਾਰ, ਭਾਈ ਲਖਵਿੰਦਰ ਸਿੰਘ ਜੀ (ਦਮਦਮੀ ਟਕਸਾਲ), ਖੁਸੀਪੁਰ ਤੋਂ ਸਰਪੰਚ ਨਿਸ਼ਾਨ ਸਿੰਘ, ਤਲਵੰਡੀ ਬਾਜਵਾ ਤੋਂ ਮੁਖਤਿਆਰ ਸਿੰਘ ਬਾਜਵਾ, ਗਾਜ਼ੀ ਤੋਂ ਸਰਪੰਚ ਗੁਰਜਿੰਦਰ ਸਿੰਘ, ਆਦੀ ਪਿੰਡ ਦੇ ਸਰਪੰਚ, ਤਹਿਸੀਲਦਾਰ, ਪਟਵਾਰੀ ਅਤੇ ਸਥਾਨਕ ਪਤਵੰਤੇ ਵੀ ਮੌਜੂਦ ਸਨ।

ਟਰੱਸਟ ਵੱਲੋਂ ਦੱਸਿਆ ਗਿਆ ਕਿ ਸੰਗਤ ਦੇ ਸਹਿਯੋਗ ਨਾਲ ਹੁਣ ਤੱਕ ਲਗਭਗ 100 ਪ੍ਰੀ-ਫੈਬ੍ਰਿਕੇਟਡ ਮਕਾਨ (400 ਤੋਂ 900 ਸਕੇਅਰ ਫੁੱਟ) ਹੜ੍ਹ ਪੀੜਤ ਲੋੜਵੰਦ ਪਰਿਵਾਰਾਂ ਨੂੰ ਸੌਂਪੇ ਜਾ ਚੁੱਕੇ ਹਨ। ਇਹ ਮਕਾਨ ਪ੍ਰਭਾਵਿਤ ਪਰਿਵਾਰਾਂ ਦੀ ਮੁੜ ਵਸਾਹੀ ਵੱਲ ਇਕ ਵੱਡਾ ਕਦਮ ਹਨ।

ਟਰੱਸਟ ਨੇ ਸੰਗਤ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਭਵਿੱਖ ਵਿੱਚ ਵੀ ਦਸਵੰਧ ਰਾਹੀਂ ਇਸ ਤਰ੍ਹਾਂ ਦੀਆਂ ਮਨੁੱਖਤਾ ਭਰੀਆਂ ਸੇਵਾਵਾਂ ਲਈ ਸਹਿਯੋਗ ਜਾਰੀ ਰੱਖਿਆ ਜਾਵੇ। ਜ਼ਿਕਰਯੋਗ ਹੈ ਕਿ ਟਰੱਸਟ ਵੱਲੋਂ 153 ਪਿੰਡਾਂ ਵਿੱਚੋਂ 5,500 ਤੋਂ ਵੱਧ ਲੋਕਾਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ।

ਕਲਗੀਧਰ ਟਰੱਸਟ ਦੀ ਅਕਾਲ ਸੇਵਾ ਟੀਮ ਹਰ ਆਫ਼ਤ ਦੌਰਾਨ ਨਿਡਰਤਾ ਨਾਲ ਪੀੜਤਾਂ ਦੀ ਸੇਵਾ ਲਈ ਅੱਗੇ ਰਹੀ ਹੈ।

## ਜਨਮ ਦਿਨ ਮੁਬਾਰਕ



ਜੈਦੀਪ ਸਿੰਘ




ਏਕਮਜੀਤ ਸਿੰਘ

# ਵੈਨੇਜ਼ੁਏਲਾ ਤੋਂ ਬਾਅਦ ਹੁਣ ਮੈਕਸੀਕੋ ਦੀ ਵਾਰੀ?

## ਅਮਰੀਕਾ ਨੇ ਏਅਰਲਾਈਨਜ਼ ਲਈ ਜਾਰੀ ਕੀਤੀ ਹਾਈ-ਅਲਰਟ ਐਡਵਾਈਜ਼ਰੀ



ਨਵੀਂ ਦਿੱਲੀ, 19 ਜਨਵਰੀ, (ਚ.ਨ.ਸ.) : ਅਮਰੀਕਾ ਵਿੱਚ ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ ਦੇ ਅਧਿਕਾਰੀਆਂ ਨੇ ਏਅਰਲਾਈਨਜ਼ ਲਈ ਚਿਤਾਵਨੀ ਜਾਰੀ ਕੀਤੀ ਹੈ। ਅਧਿਕਾਰੀਆਂ ਨੇ ਮੈਕਸੀਕੋ ਅਤੇ ਮੱਧ ਅਮਰੀਕਾ ਦੇ ਹਵਾਈ ਖੇਤਰ ਵਿੱਚ ਫੌਜੀ ਗਤੀਵਿਧੀਆਂ ਕਾਰਨ ਸਾਵਧਾਨੀ ਵਰਤਣ ਦੇ ਨਿਰਦੇਸ਼ ਦਿੱਤੇ ਹਨ। ਇਹ ਐਡਵਾਈਜ਼ਰੀ ਅਗਲੇ 60 ਦਿਨਾਂ ਲਈ ਜਾਰੀ ਕੀਤੀ ਗਈ ਹੈ।ਅਮਰੀਕਾ ਨੇ ਇਹ ਚੇਤਾਵਨੀ ਅਜਿਹੇ ਸਮੇਂ ਜਾਰੀ ਕੀਤੀ ਹੈ, ਜਦੋਂ 3 ਜਨਵਰੀ ਨੂੰ ਅਮਰੀਕੀ ਵਿਸ਼ੇਸ਼ ਬਲਾਂ ਨੇ ਵੈਨੇਜ਼ੁਏਲਾ 'ਤੇ ਹਮਲਾ ਕਰਕੇ ਉਸ ਦੇਸ਼ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿੱਚ ਗ੍ਰਿਫਤਾਰ ਕਰ ਲਿਆ ਸੀ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੈਨੇਜ਼ੁਏਲਾ 'ਤੇ ਹਮਲੇ ਤੋਂ ਬਾਅਦ ਮੈਕਸੀਕੋ ਵਿੱਚ ਨਸ਼ੀਲੇ ਪਦਾਰਥਾਂ ਦੇ ਗਿਰੋਹਾਂ (ਡਰੱਗ ਕਾਰਟੇਲ) 'ਤੇ ਹਮਲਾ ਕਰਨ ਦੀ ਧਮਕੀ ਦੇ ਚੁੱਕੇ ਹਨ। ਅਮਰੀਕਾ ਕਾਫੀ ਸਮੇਂ ਤੋਂ ਇਨ੍ਹਾਂ ਗਿਰੋਹਾਂ 'ਤੇ ਜ਼ਮੀਨੀ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਹੈ। ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ ਦੇ ਇੱਕ ਬੁਲਾਰੇ ਨੇ ਦੱਸਿਆ, ਨੇ ਮੈਕਸੀਕੋ, ਮੱਧ ਅਮਰੀਕਾ, ਪਨਾਮਾ, ਬੋਗੋਟਾ, ਗੁਆਇਕਿਲ ਅਤੇ ਮਾਜ਼ਾਤਲਾਨ ਦੇ ਨਿਰਧਾਰਤ ਸਮੁੰਦਰੀ ਉਡਾਣ ਖੇਤਰਾਂ ਅਤੇ ਪੂਰਬੀ ਪ੍ਰਸ਼ਾਂਤ ਮਹਾਂਸਾਗਰ ਦੇ ਹਵਾਈ ਖੇਤਰ ਲਈ ਪਾਇਲਟਾਂ ਨੂੰ ਉਡਾਣ ਸੰਬੰਧੀ ਐਡਵਾਈਜ਼ਰੀ ਜਾਰੀ ਕੀਤੀ ਹੈ। ਟਰੰਪ ਨੇ ਪਿਛਲੇ ਹਫਤੇ ਨਿਊਜ਼ ਨਾਲ ਗੱਲਬਾਤ ਕਰਦਿਆਂ ਕਿਹਾ, 'ਹੁਣ ਅਸੀਂ ਕਾਰਟੇਲਾਂ ਵਿਰੁੱਧ ਜ਼ਮੀਨੀ ਕਾਰਵਾਈ ਸ਼ੁਰੂ ਕਰਨ ਜਾ ਰਹੇ ਹਾਂ। ਮੈਕਸੀਕੋ 'ਤੇ ਕਾਰਟੇਲਾਂ ਦਾ ਰਾਜ ਹੈ।

# ਬ੍ਰਿਟੇਨ ਦੇ ਗੁਰਦੁਆਰਾ ਸਾਹਿਬ 'ਚ ਸੁੱਟਿਆ ਮਾਸ, ਪੁਲਿਸ ਨੇ ਫੜ ਲਿਆ ਬੰਦਾ



ਵੈਸਟ ਬਰੌਮਵਿਚ, 19 ਜਨਵਰੀ, (ਚ.ਨ.ਸ.) : ਬ੍ਰਿਟੇਨ ਦੇ ਵੈਸਟ ਬਰੌਮਵਿਚ ਵਿੱਚ ਸਥਿਤ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਬਾਹਰ ਕੱਚਾ ਮਾਸ ਸੁੱਟਣ ਦੀ ਘਿਨਾਉਣੀ ਹਰਕਤ ਕਰਨ ਵਾਲੇ ਇੱਕ 42 ਸਾਲਾ ਵਿਅਕਤੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਟੌਮਾਜ ਬ੍ਰਚ ਵਜੋਂ ਹੋਈ ਹੈ, ਜਿਸ ਦਾ ਕੋਈ ਪੱਕਾ ਰਿਹਾਇਸ਼ੀ ਪਤਾ ਨਹੀਂ ਮਿਲਿਆ ਹੈ। ਪੁਲਸ ਨੇ ਇਸ ਕਾਰਵਾਈ ਨੂੰ ਸਿੱਖ ਧਰਮ ਦੀਆਂ ਮਾਨਤਾਵਾਂ ਦੇ ਖਿਲਾਫ਼ ਮੰਨਦਿਆਂ ਇਸ ਨੂੰ 'ਹੇਟ ਕ੍ਰਾਈਮ' (ਨਫ਼ਰਤ ਅਧਾਰਤ ਅਪਰਾਧ) ਵਜੋਂ ਦਰਜ ਕੀਤਾ ਹੈ।ਇਹ ਵਾਰਦਾਤ 22 ਦਸੰਬਰ 2025 ਨੂੰ ਅੰਜ਼ਾਮ ਦਿੱਤੀ ਗਈ ਸੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦੀ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ, ਜਿਸ ਵਿੱਚ ਮੁਲਜ਼ਮ ਨੂੰ ਗੁਰਦੁਆਰਾ ਸਾਹਿਬ ਦੇ ਗੇਟ 'ਤੇ ਇੱਕ ਥੈਲੇ ਵਿੱਚੋਂ ਕੱਚਾ ਮਾਸ ਸੁੱਟਦੇ ਹੋਏ ਸਾਫ਼ ਦੇਖਿਆ ਗਿਆ। ਇਸੇ ਫੁਟੇਜ ਦੇ ਅਧਾਰ 'ਤੇ ਪੁਲਸ ਨੇ ਮੁਲਜ਼ਮ ਦੀ ਪਛਾਣ ਕਰਕੇ ਉਸ ਨੂੰ ਕਾਬੂ ਕੀਤਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਲੱਖਾਂ ਅਮਰੀਕੀਆਂ ਨੂੰ ਵੱਡੀ ਰਾਹਤ

## ਪ੍ਰਸ਼ਾਸਨ ਨੇ ਡਿਫਾਲਟਰਾਂ ਦੀਆਂ ਤਨਖ਼ਾਹਾਂ ਵਿੱਚੋਂ ਪੈਸੇ ਕੱਟਣ ਦੀ ਆਪਣੀ ਯੋਜਨਾ ਫਿਲਹਾਲ ਮੁਲਤਵੀ ਕੀਤੀ

ਵਾਸ਼ਿੰਗਟਨ, 19 ਜਨਵਰੀ, (ਚ.ਨ.ਸ.) : ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਉਹਨਾਂ ਲੱਖਾਂ ਅਮਰੀਕੀਆਂ ਨੂੰ ਵੱਡੀ ਰਾਹਤ ਦਿੱਤੀ ਹੈ ਜੋ ਆਪਣੇ ਸਟੂਡੈਂਟ ਲੋਨ (ਵਿਦਿਆਰਥੀ ਕਰਜ਼ੇ) ਦੀਆਂ ਕਿਸ਼ਤਾਂ ਭਰਨ ਵਿੱਚ ਅਸਫਲ ਰਹੇ ਸਨ। ਪ੍ਰਸ਼ਾਸਨ ਨੇ ਡਿਫਾਲਟਰਾਂ ਦੀਆਂ ਤਨਖਾਹਾਂ ਵਿੱਚੋਂ ਪੈਸੇ ਕੱਟਣ ਦੀ ਆਪਣੀ ਯੋਜਨਾ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ।ਸਿੱਖਿਆ ਵਿਭਾਗ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਸੰਘੀ ਵਿਦਿਆਰਥੀ ਕਰਜ਼ਿਆਂ ਦੀ ਜਬਰੀ ਵਸੂਲੀ 'ਤੇ ਉਦੋਂ ਤੱਕ ਰੋਕ ਰਹੇਗੀ, ਜਦੋਂ ਤੱਕ ਏਜੰਸੀ ਨਵੀਂ ਅਦਾਇਗੀ ਯੋਜਨਾਵਾਂ ਨੂੰ ਅੰਤਿਮ ਰੂਪ ਨਹੀਂ ਦੇ ਦਿੰਦੀ। ਇਹ ਫੈਸਲਾ ਉਸ ਪੁਰਾਣੀ ਯੋਜਨਾ ਨੂੰ ਉਲਟਾਉਂਦਾ ਹੈ, ਜਿਸ ਤਹਿਤ ਇਸ ਮਹੀਨੇ ਤੋਂ ਤਨਖਾਹਾਂ ਵਿੱਚੋਂ ਕਟੌਤੀ ਸ਼ੁਰੂ ਕੀਤੀ ਜਾਣੀ ਸੀ।ਵਿਭਾਗ ਦੇ ਉੱਚ ਸਿੱਖਿਆ ਮੁਖੀ ਨਿਕੋਲਸ ਕੈਂਟ ਨੇ ਕਿਹਾ ਕਿ ਪ੍ਰਸ਼ਾਸਨ ਵਿਦਿਆਰਥੀਆਂ ਅਤੇ ਮਾਪਿਆਂ ਦੀ ਮੱਦਦ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਬਰੀ ਵਸੂਲੀ ਵਰਗੇ ਕਦਮ ਉਦੋਂ ਹੀ ਪ੍ਰਭਾਵਸ਼ਾਲੀ ਹੋਣਗੇ, ਜਦੋਂ ਮੌਜੂਦਾ ਸਟੂਡੈਂਟ ਲੋਨ ਸਿਸਟਮ ਵਿੱਚ ਸੁਧਾਰ ਕਰਕੇ ਇਸਨੂੰ ਹੋਰ ਪਾਰਦਰਸ਼ੀ ਅਤੇ ਕਿਫਾਇਤੀ ਬਣਾਇਆ ਜਾਵੇਗਾ। ਨਿਯਮਾਂ ਅਨੁਸਾਰ, ਜੇਕਰ ਕੋਈ ਕਰਜ਼ਦਾਰ 270 ਦਿਨਾਂ ਤੱਕ ਕਿਸ਼ਤ ਨਹੀਂ ਭਰਦਾ, ਤਾਂ ਉਸਨੂੰ 'ਡਿਫਾਲਟਰ' ਮੰਨਿਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਕੋਲ ਉਸਦੀ ਤਨਖਾਹ ਰੋਕਣ ਅਤੇ ਟੈਕਸ ਰਿਫੰਡ ਜ਼ਬਤ ਕਰਨ ਦਾ ਅਧਿਕਾਰ ਹੁੰਦਾ ਹੈ। ਕੋਰੋਨਾ ਕਾਲ ਦੌਰਾਨ ਇਸ 'ਤੇ ਰੋਕ ਲਗਾਈ ਗਈ ਸੀ, ਜਿਸਨੂੰ ਹੁਣ ਦੁਬਾਰਾ ਸ਼ੁਰੂ ਕਰਨ ਦੀ ਤਿਆਰੀ ਸੀ, ਪਰ ਹੁਣ ਇਸਨੂੰ ਫਿਲਹਾਲ ਟਾਲ ਦਿੱਤਾ ਗਿਆ ਹੈ।ਵਿਭਾਗ ਦੇ ਅੰਕੜਿਆਂ ਅਨੁਸਾਰ ਸਤੰਬਰ ਤੱਕ 50 ਲੱਖ ਤੋਂ ਵੱਧ ਅਮਰੀਕੀ ਆਪਣੇ ਸਟੂਡੈਂਟ ਲੋਨ ਵਿੱਚ ਡਿਫਾਲਟਰ ਪਾਏ ਗਏ ਸਨ। ਲੱਖਾਂ ਹੋਰ ਅਜਿਹੇ ਲੋਕ ਹਨ ਜੋ ਕਰਜ਼ਾ ਮੋੜਨ ਵਿੱਚ ਪਿੱਛੇ ਹਨ ਅਤੇ ਇਸ ਸਾਲ ਡਿਫਾਲਟਰ ਹੋਣ ਦੀ ਕਗਾਰ 'ਤੇ ਹਨ। ਸਿੱਖਿਆ ਮਾਹਿਰਾਂ ਅਤੇ ਐਡਵੋਕੇਟਾਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। 'ਪ੍ਰੋਟੈਕਟ ਬੋਰੋਅਰਜ਼' (Protect Borrowers) ਸੰਸਥਾ ਦੀ ਪਾਲਿਸੀ ਡਾਇਰੈਕਟਰ ਆਇਸਾ ਕੈਂਚੋਲਾ ਬਾਨੇਜ਼ ਨੇ ਕਿਹਾ ਕਿ ਤਨਖਾਹਾਂ ਦੀ ਕਟੌਤੀ ਨਾਲ ਲੱਗਭੱਗ 90 ਲੱਖ ਡਿਫਾਲਟਰਾਂ ਦੀ ਆਰਥਿਕ ਹਾਲਤ ਹੋਰ ਵੀ ਖਰਾਬ ਹੋ ਸਕਦੀ ਸੀ।

# ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਵੱਲੋਂ ਸਰਕਾਰ ਵਿਰੁੱਧ ਧਰਨਾ



ਅਜਨਾਲਾ, 19 ਜਨਵਰੀ (ਸੁਖਦੇਵ ਸਿੰਘ ਖਾਲਸਾ): ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਵੱਲੋਂ ਅੱਜ ਪਲਵਿੰਦਰ ਸਿੰਘ ਮਾਹਲ ਪ੍ਰਧਾਨ ਦੀ ਅਗਵਾਈ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਰੇਬਾਜੀ ਕੀਤੀ ਕਿਉਂਕਿ ਪਿਛਲੇ ਦਿਨਾਂ ਵਿੱਚ ਜੋ ਕੁਦਰਤੀ ਮਾਰ ਹੜਾਂ ਦੌਰਾਨ ਕਿਸਾਨਾਂ ਦੀਆਂ ਫਸਲਾਂ ਅਤੇ ਘਰਾਂ ਦਾ ਨੁਕਸਾਨ ਹੋਇਆ ਸੀ ਉਸਦੇ ਮੁਆਵਜੇ ਵਜੋਂ ਜੋ ਪੰਜਾਬ ਸਰਕਾਰ ਵੱਲੋਂ ਹਾਸੋਹੀਣਾ ਮਜ਼ਾਕ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਕੀਤਾ ਗਿਆ ਇਸ ਸਬੰਧ ਵਿੱਚ ਅੱਜ ਸੀਐਮ ਭਗਵੰਤ ਸਿੰਘ ਮਾਨ ਨਾਲ ਅੱਜ ਸਵਾਲ ਕਰਨੇ ਸੀ ਪ੍ਰਸ਼ਾਸਨ ਨੇ ਨਹੀਂ ਕਰਨ ਦਿੱਤੇ ਅਤੇ ਕਿਸਾਨਾਂ ਨੂੰ ਵਾਲੀ ਵਾਲ ਰੋਕ ਦਿੱਤਾ ਗਿਆ ਕਿਸਾਨਾਂ ਵੱਲੋਂ ਸਟੀਲ ਲਗਾ ਕੇ ਉਥੇ ਧਰਨਾ ਦਿੱਤਾ ਗਿਆ ਅਤੇ ਫਿਰ ਪ੍ਰਸ਼ਾਸਨ ਵੱਲੋਂ ਇਹ ਅਸ਼ਵਾਸਨ ਦਵਾਇਆ ਗਿਆ ਕਿ ਤੁਹਾਨੂੰ ਸੀਐਮ ਭਗਵੰਤ ਮਾਨ ਨਾਲ ਮਿਲਾਇਆ ਜਾਵੇਗਾ। ਜਿੰਮੇਵਾਰ ਪ੍ਰਸ਼ਾਸਨ ਇੱਕ ਅਧਿਕਾਰੀਆਂ ਦੇ ਵਿਸ਼ਵਾਸ ਨੂੰ ਤੋਂ ਬਾਅਦ ਇਹ ਧਰਨਾ ਉਠਾਇਆ ਗਿਆ. ਇਸ ਮੌਕੇ ਮਾਲ ਸਾਹਿਬ ਪ੍ਰਧਾਨ ਤੋਂ ਇਲਾਵਾ ਮਲਕੀਤ ਸਿੰਘ ਵਡਾਲਾ ਸਵਿੰਦਰ ਸਿੰਘ ਕਲੇਰ ਜ਼ਿਲਾ ਪ੍ਰਧਾਨ ਜਗਤਾਰ ਸਿੰਘ ਭੰਜੋਟੀ ਜਨਰਲ ਸਕੱਤਰ ਜਿਹੜਾ ਆਗੂ ਸੁਵਿੰਦਰ ਸਿੰਘ ਚਾੜਪੁਰ ਜਿਲਾ ਆਗੂ ਨਿਰਮਲ ਸਿੰਘ ਕਲੇਰ ਜਿਲਾ ਆਗੂ ਰੇਸ਼ਮ ਸਿੰਘ ਨੰਬਰਦਾਰ ਜਿਲਾ ਆਗੂ ਸਾਹਿਬ ਸਿੰਘ ਚੈਨਪੁਰ ਅਵਤਾਰ ਸਿੰਘ ਕਲੇਰ ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਪਸ਼ੀਆ ਜਨਰਲ ਸਕੱਤਰ ਮੇਜਰ ਸਿੰਘ ਗਿੱਲਾਂਵਾਲੀ ਬਲਾਕ ਪ੍ਰਧਾਨ ਅਜਨਾਲਾ ਗੁਰਜੰਟ ਸਿੰਘ ਮਾਹਲ ਜਰਨਲ ਸਕੱਤਰ ਮੰਗਲ ਸਿੰਘ ਗੱਗੋ ਮਾਲ ਬਲਵਿੰਦਰ ਸਿੰਘ ਅਲੀ ਬਾਲ ਲਖਵਿੰਦਰ ਸਿੰਘ ਹਰੜ ਚਰਨਜੀਤ ਸਿੰਘ ਕੋਡਰ ਜਾਦਾ ਬਲਾਕ ਪ੍ਰਧਾਨ ਬਚਿੱਤਰ ਸਿੰਘ ਬਲਵੀਰ ਸਿੰਘ ਬੋਪਾਰਾਏ ਦਿਲਬਾਗ ਸਿੰਘ ਬੋਪਾ ਰਾਏ ਸੰਤੋਖ ਸਿੰਘ ਕਲੇਰ ਲਵ ਸਿੰਘ ਖਿਆਲਾ ਹਰਦੀਪ ਸਿੰਘ ਖਿਆਲਾ ਬਿੱਟੂ ਗੱਗੋਮਾਲ ਪਾਲ ਸਿੰਘ ਗੱਗੋ ਮਾਹਲ ਸਰਵਨ ਸਿੰਘ ਅੱਗੋ ਮਾਲ ਸੂਬਾ ਸਿੰਘ ਚੰਡੇ ਬਲਾਕ ਪ੍ਰਧਾਨ ਮਜੀਠਾ ਹਰਪ੍ਰੀਤ ਸਿੰਘ ਬਲਾਕ ਪ੍ਰਧਾਨ ਭਿੰਡੀਆਂ ਚਰਨ ਸਿੰਘ ਜਨਰਲ ਸਕੱਤਰ ਗੁਰੂ ਕਾ ਬਾਗ ਗੁਰਵਿੰਦਰ ਸਿੰਘ ਜਸਰਾ ਹੂਰ ਉਂਕਾਰ ਸਿੰਘ ਚੱਕ ਮਿਸ਼ਰੀ ਖਾਂ ਸਰਵਣ ਸਿੰਘ ਅੱਗੋ ਮਾਲ ਗੁਰਪ੍ਰੀਤ ਸਿੰਘ ਥੋਬਾ ਹਰਮਣ ਸਿੰਘ ਕੋਟਲੀ ਜਗਮੀਤ ਸਿੰਘ ਰਣਜੀਤ ਸਿੰਘ ਬਾਜਵਾ ਅਤੇ ਹੋਰ ਕਿਸਾਨ ਆਗੂ ਹਾਜ਼ਰ ਸਨ।

# ਨਗਰ ਪੰਚਾਇਤ ਬਾਬਾ ਬਕਾਲਾ ਵਿਖੇ ਬੇਭਰੋਸਗੀ ਮਤਾ ਰੱਦ



ਬਾਬਾ ਬਕਾਲਾ ਸਾਹਿਬ, 19 ਜਨਵਰੀ (ਬਲਰਾਜ ਸਿੰਘ ਰਾਜਾ) ਗੁਰੂ ਨਗਰੀ ਬਾਬਾ ਬਕਾਲਾ ਸਾਹਿਬ ਵਿੱਚ ਕਮੇਟੀ ਤੋੜਨ ਲਈ ਅਕਾਲੀਦਲ, ਕਾਂਗਰਸ, ਅਜਾਦ ਅਤੇ ਆਪ ਦੇ ਕੁਝ ਐਮ.ਸੀਆ ਨੇ ਮਿਲੀਭੁੱਗਤ ਕੀਤੀ, ਪ੍ਰੰਤੂ ਫਿਰ ਵੀ ਕਮੇਟੀ ਤੋੜਨ ਵਿੱਚ ਅਸਫਲ ਰਹੇ ਝਾੜੂ ਚੋਣ ਨਿਸ਼ਾਨ ਤੇ ਐਮ.ਸੀ. ਬਣੇ ਗੁਰਮੀਤ ਸਿੰਘ ਪਨੇਸਰ ਵਾਰਡ ਨੰਬਰ 6, ਜੈਮਲ ਸਿੰਘ ਵਾਰਡ ਨੰਬਰ 2, ਅਤੇ ਗੁਰਮੀਤ ਕੌਰ ਵਾਰਡ ਨੰਬਰ 3 ਵੱਲੋਂ ਅਕਾਲੀਦਲ ਨਾਲ ਮਿਲ ਕੇ ਆਪ ਦੀ ਕਮੇਟੀ ਤੋਂ ਦਾ ਯਤਨ ਹੋਇਆ ਨਕਾਮ ਅੱਜ ਦਫਤਰ ਨਗਰ ਪੰਚਾਇਤ ਬਾਬਾ ਬਕਾਲਾ ਸਾਹਿਬ ਵਿਖੇ ਪ੍ਰਧਾਨ ਸੁਰਜੀਤ ਸਿੰਘ ਕੰਗ ਦੀ ਪ੍ਰਧਾਨੀ ਹੇਠ ਸਮੂਹ ਮੈਬਰ ਸਾਹਿਬਾਨ ਦੀ ਮੀਟਿੰਗ ਹੋਈ। ਜਿਸ ਵਿੱਚ ਵਾਰਡ 1 ਵਾਇਸ ਪ੍ਰਧਾਨ ਸੁਖਵਿੰਦਰ ਕੌਰ ਪਤਨੀ ਸ੍: ਪਰਮਜੀਤ ਸਿੰਘ, ਵਾਰਡ ਨੰਬਰ 8 ਮਨਜਿੰਦਰ ਸਿੰਘ ਭੁੱਲਰ, ਵਾਰਡ ਨੰਬਰ 1 ਰਵੀ ਸਿੰਘ ਸੱਬਰਵਾਲ, ਵਾਰਡ ਨੰਬਰ 12 ਸੁਖਜੀਤ ਕੌਰ ਕੰਗ, ਵਾਰਡ ਨੰਬਰ 13 ਸੁਰਜੀਤ ਸਿੰਘ ਕੰਗ, ਵਾਰਡ ਨੰਬਰ 5 ਮਨਜੀਤ ਕੌਰ ਨੇ ਪ੍ਰਧਾਨ ਸੁਰਜੀਤ ਸਿੰਘ ਕੰਗ ਦੇ ਹੱਕ ਵਿੱਚ ਵੋਟ ਪਾਈ ਅਤੇ ਵਾਰਡ ਨੰਬਰ 2,3,4,6,7,9,10 ਨੇ ਪ੍ਰਧਾਨ ਦੇ ਖਿਲਾਫ ਵੋਟ ਪਾਈ । ਬੇਭਰੋਸਗੀ ਮਤੇ ਵਾਸਤੇ 9 ਮੈਬਰਾਂ ਦੀ ਜਰੂਰਤ ਸੀ, ਪ੍ਰੰਤੂ ਸਿਰ 7 ਮੈਬਰ ਹੋਣ ਕਾਰਨ ਬੇਭਰੋਸਗੀ ਮਤਾ ਪੂਰਨ ਤੌਰ ਤੇ ਰੱਦ ਹੋ ਗਿਆ। ਜਦ ਕਿ ਵਿਰੋਧੀ ਧਿਰ ਵਿੱਚ ਖੜੇ ਤਿੰਨ ਮੈਂਬਰ ਅਕਾਲੀਦਲ ਰਮਨਦੀਪ ਕੌਰ ਪਤਨੀ ਕੁਲਵੰਤ ਸਿੰਘ ਰੰਧਾਵਾ, ਵਾਰਡ ਨੰਬਰ 7 ਸਰਬਜੀਤ ਕੌਰ, ਵਾਰਡ ਨੰਬਰ 10 ਰਣਜੀਤ ਕੌਰ, ਇੱਕ ਮੈਂਬਰ ਅਜਾਦ ਐਮ.ਸੀ. ਜਿੱਤੇ ਬਲਜੀਤ ਕੌਰ ਪਤਨੀ ਸੁਖਚੈਨ ਸਿੰਘ, ਤਿੰਨ ਮੈਂਬਰ ਝਾੜੂ ਨਿਸ਼ਾਨ ਤੇ ਜਿੱਤੇ ਗੁਰਮੀਤ ਸਿੰਘ ਪਨੇਸਰ ਵਾਰਡ ਨੰਬਰ 6, ਜੈਮਲ ਸਿੰਘ ਵਾਰਡ ਨੰਬਰ 2, ਗੁਰਮੀਤ ਕੌਰ ਵਾਰਡ ਨੰਬਰ 3 ਵੱਲੋਂ ਮਿੱਲੀਭੁਗਤ ਕਰਕੇ ਕਮੇਟੀ ਤੋੜਨ ਦਾ ਅਸਫਲ ਯਤਨ ਕੀਤਾ ਗਿਆ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਝਾੜੂ ਚੋਣ ਨਿਸ਼ਾਨ ਤੇ ਜਿੱਤੇ ਹੋਏ ਤਿੰਨ ਉਮੀਦਵਾਰ ਅਕਾਲੀਦਲ ਅਤੇ ਕਾਂਗਰਸ ਦੇ ਨੁਮਾਇੰਦਿਆ ਨਾਲ ਰਲ ਕੇ ਆਪਣੀ ਪਾਰਟੀ ਦੀ ਕਮੇਟੀ ਹੀ ਤੋੜ ਦਾ ਯਤਨ ਕਰ ਰਹੇ ਹਨ । ਜਿਸ ਸਬੰਧੀ ਪਾਰਟੀ ਨੂੰ ਇਹਨਾਂ ਦੀ ਕਾਰਗੁਜਾਰੀ ਪ੍ਰਤੀ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਬਹੁਤ ਜਲਦ ਇਹਨਾਂ ਖਿਲਾਫ ਪਾਰਟੀ ਵੱਲੋਂ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਸੁਰਜੀਤ ਸਿੰਘ ਕੰਗ ਨੇ ਸਮੂਹ ਐਮ.ਸੀ. ਸਾਹਿਬਾਨਾਂ ਦਾ ਧੰਨਵਾਦ ਕੀਤਾ ਅਤੇ ਵਿਰੋਧੀ ਧਿਰ ਵੱਲੋਂ ਪ੍ਰਧਾਨ ਸੁਰਜੀਤ ਸਿੰਘ ਕੰਗ ਦੇ ਖਿਲਾਫ ਪਾਇਆ ਗਿਆ ਬੇਭਰੋਸਗੀ ਦਾ ਮਤਾ ਪੂਰਨ ਤੌਰ ਤੇ ਰੱਦ ਹੋ ਗਿਆ। ਪ੍ਰਧਾਨ ਕੰਗ ਨੇ ਕਿਹਾ ਕਿ ਵਿਰੋਧੀ ਧਿਰ ਦੇ ਸਮੂਹ ਐਮ.ਸੀਆਂ ਵੱਲੋਂ ਮਿਲੀਭੁਗਤ ਕਰਕੇ ਪ੍ਰਧਾਨਗੀ ਦੇ ਲਾਲਚ ਹੇਠ ਗੁਰੂ ਨਗਰੀ ਬਾਬਾ ਬਕਾਲਾ ਸਾਹਿਬ ਦੇ ਵਿਕਾਸ ਕਾਰਜਾਂ ਨੂੰ ਰੋਕਿਆ ਜਾ ਰਿਹਾ ਹੈ ਅਤੇ ਨਗਰ ਦੇ ਵਿਕਾਸ ਲਈ ਜਰੂਰੀ ਕੰਮਾਂ ਦੇ ਮਤਿਆ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾ ਰਹੀ ਜੋ ਕਿ ਬਹੁਤ ਹੀ ਗਲਤ ਗੱਲ ਹੈ। ਗੁਰੂ ਨਗਰੀ ਬਾਬਾ ਬਕਾਲਾ ਸਾਹਿਬ ਦੇ ਕੰਮਾਂ ਪ੍ਰਤੀ ਇਹਨਾਂ ਦੀਆਂ ਵਾਰਡਾਂ ਦੇ ਆਮ ਲੋਕ ਇਹਨਾਂ ਨੂੰ ਜਰੂਰ ਪੁੱਛਣਗੇ ਕਿ ਵਿਕਾਸ ਕਾਰਜਾਂ ਨੂੰ ਰੋਕਿਆ ਕਿਉ ਜਾ ਰਿਹਾ ਹੈ। ਅਸੀ ਇਹਨਾਂ ਨੂੰ ਅੱਜ ਵੀ ਬੇਨਤੀ ਕਰਦੇ ਹਾਂ ਕਿ ਆਪਣੇ ਨਿੱਜੀ ਹਿੱਤਾ ਲਈ ਵਿਕਾਸ ਕਾਰਜਾਂ ਨੂੰ ਰੋਕਿਆ ਨਾ ਜਾਵੇ । ਇਸ ਮੌਕੇ ਬਲਸ਼ਰਨ ਸਿੰਘ, ਸੁਖਦੇਵ ਸਿੰਘ, ਜਥੇਦਾਰ ਰੇਸ਼ਮ ਸਿੰਘ, ਪ੍ਰਦੀਪ ਕੁਮਾਰ ਲਹੋਰੀਆ, ਗੁਰਦਿਆਲ ਸਿੰਘ, ਜਤਿੰਦਰ ਸਿੰਘ, ਸਰਤਾਜ ਸਿੰਘ, ਸੂਬੇਦਾਰ ਹਰਜੀਤ ਸਿੰਘ, ਅਮਾਨਦੀਪ ਸਿੰਘ, ਸਰਬਜੀਤ ਸਿੰਘ ਫੌਜੀ, ਮਲਕੀਤ ਸਿੰਘ, ਬਲਕਾਰ ਸਿੰਘ, ਰਣਜੀਤ ਸਿੰਘ ਫੌਜੀ, ਨਿੰਦਰ ਸਿੰਘ, ਸ੍ਰੀ ਮਤੀ ਗੁਰਮੀਤ ਕੌਰ ਕੰਗ ਆਦਿ ਆਗੂ ਹਾਜਰ ਸਨ ।

# ਪੱਤਰਕਾਰ ਐਸੋ. ਨੇ ਪੰਜਾਬ ਕੇਸਰੀ ਸਮੂਹ 'ਤੇ ਦਰਜ ਕੀਤੇ ਮੁਕੱਦਮੇ ਤੁਰੰਤ ਰੱਦ ਕਰਨ ਦੀ ਕੀਤੀ ਮੰਗ

ਅੰਮ੍ਰਿਤਸਰ 19 ਜਨਵਰੀ (ਗੁਰਦਿਆਲ ਸਿੰਘ/ ਬਬਲੂ ਮਹਾਜਨ) ਚੰਡੀਗੜ੍ਹ ਪੰਜਾਬ ਜਰਨਲਿਸਟਸ ਐਸੋਸੀਏਸ਼ਨ ਨੇ ਪੰਜਾਬ ਕੇਸਰੀ ਗਰੁੱਪ ਦੇ ਮਾਲਕਾਂ ਤੇ ਕਰਮਚਾਰੀਆਂ ਵਿਰੁੱਧ ਦਰਜ ਕੀਤੇ ਗਏ ਝੂਠੇ ਮੁਕੱਦਮਿਆਂ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਮੁਕੱਦਮੇ ਤੁਰੰਤ ਰੱਦ ਨਾ ਕੀਤੇ ਗਏ ਤਾਂ ਪੰਜਾਬ ਪੱਧਰ ਦਾ ਸੰਘਰਸ਼ ਵਿੱਢ ਦਿੱਤਾ ਜਾਵੇਗਾ ਤੇ ਇਸ ਤੋਂ ਨਿਕਲਣ ਵਾਲੇ ਸਿੱਟਿਆ ਲਈ ਸਰਕਾਰ ਜਿੰਮੇਵਾਰ ਹੋਵੇਗੀ। ਜਾਰੀ ਇੱਕ ਬਿਆਨ ਰਾਹੀ ਚੰਡੀਗੜ੍ਹ ਪੰਜਾਬ ਜਰਨਲਿਸਟਸ ਐਸੋਸੀਏਸ਼ਨ ਦੇ ਪ੍ਰਧਾਨ ਸ੍ ਜਸਬੀਰ ਸਿੰਘ ਪੱਟੀ ਨੇ ਕਿਹਾ ਕਿ ਪੰਜਾਬ ਕੇਸਰੀ ਦੇਸ਼ ਦੀ ਅਖੰਡਤਾ ਤੇ ਏਕਤਾ ਨੂੰ ਬਣਾਈ ਰੱਖਣ ਵਾਲਾ ਸਮੂਹ ਹੈ ਜਿਸਦੇ ਬਾਨੀ ਮਾਨਯੋਗ ਲਾਲਾ ਜਗਤ ਨਰੈਣ ਜੀ, ਸ੍ਰੀ ਰਮੇਸ਼ ਜੀ ਸਮੇਤ 62 ਹੋਰ ਕਰਮਚਾਰੀਆਂ, ਪੱਤਰਕਾਰਾਂ ਤੇ ਏਜੰਟਾਂ ਦੀਆਂ ਪਿਛਲੇ ਪੰਜਾਬ ਦੇ ਕਾਲੇ ਦੌਰ ਦੌਰਾਨ ਕੁਰਬਾਨੀਆਂ ਹੋ ਚੁੱਕੀਆਂ ਹਨ ਪਰ ਉਹਨਾਂ ਨੇ ਦੇਸ਼ ਵਿਰੋਧੀ ਤਾਕਤਾਂ ਅੱਗੇ ਕਦੇ ਵੀ ਗੋਡੇ ਨਹੀ ਟੇਕੇ।ਪੰਜਾਬ ਸਰਕਾਰ ਨੂੰ ਇਹ ਵੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਹਰ ਵਿਅਕਤੀ ਨੂੰ ਬੋਲਣ ਦਾ ਮੌਲਿਕ ਅਧਿਕਾਰ ਮਿਲਿਆ ਹੋਇਆ ਹੈ ਤੇ ਬੋਲਣ ਤੇ ਲਿਖਣ ਦੀ ਮਿਲੀ ਅਜ਼ਾਦੀ ਨੂੰ ਕੁਚਲਿਆ ਨਹੀਂ ਜਾ ਸਕਦਾ। ਉਹਨਾਂ ਕਿਹਾ ਕਿ ਕਦੇ ਪੁਲ਼ੀਸ ਕਰਮਚਾਰੀ ਸਮੂਹ ਦੀ ਪ੍ਰਿੰਟਿੰਗ ਪ੍ਰੈਸ ਦੀਆਂ ਕੰਧਾਂ ਟੱਪ ਕੇ ਧਾੜਵੀਆਂ ਵਾਂਗ ਹਮਲੇ ਕਰਦੀ ਹੈ ਤੇ ਕਦੇ ਸਮੂਹ ਨਾਲ ਸਬੰਧਿਤ ਸੰਸਥਾਵਾਂ ਤੇ ਹਮਲੇ ਕੀਤੇ ਜਾਂਦੇ ਹਨ। ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਇਹ ਨਾਦਰਸ਼ਾਹੀ ਬੰਦ ਨਾ ਕੀਤੀ ਤਾਂ ਐਸੋਸੀਏਸ਼ਨ ਵੱਲੋ ਸੂਬਾ ਪੱਧਰੀ ਸੰਘਰਸ਼ ਛੇੜ ਦਿੱਤਾ ਜਾਵੇਗਾ।ਸਰਕਾਰ ਤਾਂ ਪਹਿਲਾਂ ਹੀ ਪੱਤਰਕਾਰਾਂ ਵਿਰੁੱਧ ਪਰਚਾ ਦਰਜ ਕਰਕੇ ਸਕਤੇ ਵਿੱਚ ਹੈ ਤੇ ਹੁਣ ਅਖਬਾਰ ਸਮੂਹ ਨਾਲ ਦਸਤ ਪੰਜਾ ਲੈ ਕੇ ਸੱਪ ਦੀ ਖੁੱਡ ਵਿੱਚ ਹੱਥ ਪਾ ਰਹੀ ਹੈ।ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਤੁਰੰਤ ਮੁਕੱਦਮੇ ਰੱਦ ਕੀਤੇ ਜਾਣ ਤੇ ਸਰਕਾਰ ਬਿਨਾਂ ਦੇਰੀ ਕੀਤੀ ਵਧੀਕੀ ਦੀ ਮੁਆਫੀ ਮੰਗੇ।

# ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਪੰਜ ਰੋਜ਼ਾ ਅੰਮ੍ਰਿਤ ਵੇਲਾ ਅੱਜ ਤੋਂ ਆਰੰਭ



ਅੰਮ੍ਰਿਤਸਰ: 19 ਜਨਵਰੀ (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਾਵਨ ਜਨਮ ਦਿਹਾੜੇ ਦੇ ਆਗਮਨ ਮੌਕੇ ਪੰਜ ਰੋਜ਼ਾ ਵਿਸ਼ੇਸ਼ ਅੰਮ੍ਰਿਤ ਵੇਲਾ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਗਮ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਜੀ 'ਲਿਟਲ ਵੀਰ' ਦੀ ਅਗਵਾਈ ਹੇਠ ਕਰਵਾਏ ਜਾ ਰਹੇ ਹਨ।ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਜੀ ਲਿਟਲ ਵੀਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਅੰਮ੍ਰਿਤ ਵੇਲਾ ਸਮਾਗਮ 20 ਜਨਵਰੀ ਤੋਂ 24 ਜਨਵਰੀ ਤੱਕ ਸ਼ਾਮ 5 ਤੋਂ 7 ਵਜੇ ਤੱਕ ਵੱਖ-ਵੱਖ ਸਥਾਨਾਂ 'ਤੇ ਹੋਣਗੇ। ਸਮਾਗਮਾਂ ਦੀ ਸ਼ੁਰੂਆਤ 20 ਜਨਵਰੀ ਦਿਨ ਮੰਗਲਵਾਰ ਨੂੰ ਸਰਦਾਰ ਸਵਰਾਜ ਸਿੰਘ, ਗਰੀਨ ਐਵਨਿਊ ਵਿਖੇ ਕੀਤੀ ਜਾਵੇਗੀ। 21 ਜਨਵਰੀ ਨੂੰ ਸਰਦਾਰ ਸਰਬਜੀਤ ਸਿੰਘ, ਸ਼ਾਸਤਰੀ ਨਗਰ, ਲਾਰੇਂਸ ਰੋਡ ਵਿਖੇ ਅੰਮ੍ਰਿਤ ਵੇਲਾ ਸਮਾਗਮ ਹੋਵੇਗਾ।ਉਨ੍ਹਾਂ ਅੱਗੇ ਦੱਸਿਆ ਕਿ 22 ਜਨਵਰੀ ਨੂੰ ਸਰਦਾਰ ਜਗਮੋਹਨ ਸਿੰਘ ਅਤੇ ਸਰਦਾਰ ਮਨਜੀਤ ਸਿੰਘ ਦੀ ਰਹਾਇਸ਼, ਗਲੀ ਹੀਰਾ ਚੌਧਰੀ, ਗੁਰਦੁਆਰਾ ਸ਼ਹੀਦਾ ਸਾਹਿਬ ਦੇ ਨੇੜੇ ਸਮਾਗਮ ਕਰਵਾਇਆ ਜਾਵੇਗਾ। 23 ਜਨਵਰੀ ਨੂੰ ਬਾਬਾ ਦੀਪ ਸਿੰਘ ਐਜੂਕੇਸ਼ਨ ਸੋਸਾਇਟੀ ਵੱਲੋਂ ਗੁਰਦੁਆਰਾ ਛੇਵੀਂ ਪਾਤਸ਼ਾਹੀ, ਰਣਜੀਤ ਐਵਨਿਊ ਵਿਖੇ ਵਿਸ਼ੇਸ਼ ਅੰਮ੍ਰਿਤ ਵੇਲਾ ਸਮਾਗਮ ਹੋਵੇਗਾ। ਪੰਜ ਰੋਜ਼ਾ ਸਮਾਗਮਾਂ ਦੀ ਸਮਾਪਤੀ 24 ਜਨਵਰੀ ਨੂੰ ਡਾਕਟਰ ਸਰਦਾਰ ਕਰਤਾਰ ਸਿੰਘ, 485 ਈਸਟ ਮੋਹਨ ਨਗਰ ਵਿਖੇ ਕੀਤੀ ਜਾਵੇਗੀ।ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ ਕਰਕੇ ਬਾਬਾ ਦੀਪ ਸਿੰਘ ਜੀ ਦੀ ਬਖ਼ਸ਼ਿਸ਼ ਅਤੇ ਖੁਸ਼ੀਆਂ ਪ੍ਰਾਪਤ ਕਰਨ।

# ਸ੍ਰੀ ਰਾਮ ਆਸ਼ਰਮ ਮੰਦਿਰ ਦੇ ਵਿੱਚ ਪਹੁੰਚੀ 108 ਸੁਹਾਗਣਾਂ ਦੀ ਕਲਸ਼ ਯਾਤਰਾ



ਸੁਨਾਮ ਊਧਮ ਸਿੰਘ ਵਾਲਾ 19 ਜਨਵਰੀ (ਮੋਹਣ ਸ਼ਰਮਾ/ਰਾਊਵਿੰਦਰ ਮਠਾੜੂ) ਸ਼੍ਰੀ ਰਾਮੇਸ਼ਵਰ ਸ਼ਿਵ ਮੰਦਿਰ ਅਤੇ ਧਰਮਸ਼ਾਲਾ ਪ੍ਰਬੰਧਕ ਕਮੇਟੀ ਵੱਲੋਂ 20 ਜਨਵਰੀ ਨੂੰ ਸ਼੍ਰੀ ਮਦ ਭਾਗਵਤ ਕਥਾ ਅਤੇ ਗਿਆਨ ਯੱਗ ਸਮਾਰੋਹ ਆਯੋਜਿਤ ਕਰਵਾਇਆ ਜਾ ਰਿਹਾ ਹੈ। ਜਿਸ ਦੇ ਤਹਿਤ 108 ਸੁਹਾਗਣਾਂ ਵੱਲੋਂ ਕੱਲਸ਼ ਯਾਤਰਾ ਕੱਢੀ ਗਈ ਇਹ ਕਲਸ਼ ਯਾਤਰਾ ਸ੍ਰੀ ਰਾਮ ਆਸ਼ਰਮ ਮੰਦਿਰ ਦੇ ਵਿੱਚ ਪਹੁੰਚੀ ਅਤੇ ਦੋਨੇ ਸੰਸਥਾਵਾਂ ਦੀ ਕੀਰਤਨ ਮੰਡਲੀਆਂ ਨੇ ਭਗਵਾਨ ਦਾ ਕੀਰਤਨਾ ਰਾਹੀਂ ਗੁਣਗਾਨ ਕੀਤਾ ਸ੍ਰੀ ਰਾਮ ਆਸ਼ਰਮ ਮੰਦਰ ਕਮੇਟੀ ਨੇ ਪ੍ਰਬੰਧਾਂ ਦੇ ਨਾਲ ਨਾਲ ਸਾਰੇ ਸ਼ਰਧਾਲੂਆਂ ਨੂੰ ਜੀ ਆਇਆ ਕਿਹਾ ਸ੍ਰੀ ਰਾਮੇਸ਼ਵਰ ਸ਼ਿਵ ਮੰਦਿਰ ਅਤੇ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਸ਼ਰਮਾ ਨੇ ਕਿਹਾ ਕਿ ਉਹ ਹਰ ਸਾਲ ਸ੍ਰੀ ਰਾਮ ਆਸ਼ਰਮ ਮੰਦਿਰ ਵਿੱਚ ਕਲਸ਼ ਯਾਤਰਾ ਲੈ ਕੇ ਪਹੁੰਚਦੇ ਹਨ ਅਤੇ ਉਹਨਾਂ ਦੀ ਕਮੇਟੀ ਦੇ ਅਸੀਂ ਧੰਨਵਾਦੀ ਹਾਂ ਸ਼੍ਰੀ ਰਾਮ ਆਸ਼ਰਮ ਮੰਦਿਰ ਕਮੇਟੀ ਦੇ ਪ੍ਰਧਾਨ ਤਰੁਨ ਬਾਂਸਲ ਨੇ ਕਿਹਾ ਸੁਨਾਮ ਸ਼ਹਿਰ ਇੱਕ ਸ਼ਰਧਾਲੂਆਂ ਦਾ ਸ਼ਹਿਰ ਹੈ ਇੱਥੇ ਦੇ ਲੋਕ ਬੜੀ ਹੀ ਸ਼ਰਧਾ ਦੇ ਨਾਲ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਂਦੇ ਹਨ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਮਨੀਸ਼ ਸੋਨੀ ਅਤੇ ਦੀਪਿਕਾ ਗੋਇਲ ਨੇ ਕਿਹਾ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਸਮਾਜਿਕ ਬੁਰਾਈਆਂ ਨੂੰ ਦੂਰ ਕਰਦੇ ਹਨ

ਇਸ ਮੌਕੇ ਬਲਵਿੰਦਰ ਸ਼ਰਮਾ, ਤਰੁਣ ਬਾਂਸਲ, ਸੋਨੀ ਖੜਿਆਲੀਆ, ਨਰੇਸ਼ ਭੋਲਾ, ਮਾਸਟਰ ਰਾਜੀਵ, ਕੇਸਰ ਚੰਦ,ਗੁਰਮੀਤ ਸ਼ਰਮਾ, ਨਿਤਿਨ ਕੁਮਾਰ,ਪਰਮ ਅਗਰਵਾਲ,ਸ਼ਾਮ ਲਾਲ ਗਰਗ,ਪਰਮਾਨੰਦ,ਰਮਣ ਕੁਮਾਰ, ਵਿਨੋਦ ਗਰਗ, ਵਿਨਾਇਕ, ਬਾਸਦੇਵ, ਮਾਸਟਰ ਰਜੀਵ ਬਿੰਦਲ, ਰਿੰਕੂ ਕਾਂਸਲ ਆਲਮਪੁਰੀਆ, ਭੂਸ਼ਣ ਜਿੰਦਲ,ਰਮੇਸ਼ ਸ਼ਰਮਾ, ਪੰਡਿਤ ਮੇਘਰਾਜ, ਨਿਰਮਲਾ ਦੇਵੀ, ਸ਼ਸ਼ੀ ਵਾਲਾ, ਹਨੀ, ਯਾਦਵਿੰਦਰ,,ਸੰਤੋਸ਼,ਕਮਲੇਸ਼, ਕਾਨਤਾ ਕੁਲਾਰ,ਅੰਜੂ ਬੰਸਲ, ਬੀਨਾ ਬੰਸਲ, ਕ੍ਰਿਸ਼ਨਾ ਦੇਵੀ, ਰੋਮੀਲਾ, ਸਮ੍ਰਿਤੀ, ਬੀਨਾ ਹੇਮਾ ਪੰਡਿਤ ਸੁਨੀਲ ਜੋਸ਼ੀ, ਗਗਨਦੀਪ ਗਰਗ, ਕ੍ਰਿਸ਼ਨ ਸਿੰਗਲਾ,ਟੋਨੀ ਗੋਇਲ, ਜਤਿੰਦਰ ਕਾਕਾ,ਗੁਰਦਿਆਲ ਗਰਗ, ਸੌਰਵ ਜੈਨ, ਇੰਦੂ ਸਾਹਨੀ,ਸਵਿਤਾ ਗੋਇਲ, ਮੀਰਾ ਗੋਇਲ, ਬਿੰਦੂ ਰਾਣੀ, ਅੰਜੂ ਕਾਂਸਲ, ਅਤੇ ਸਸ਼ੀ ਵਾਲਾ, ਅਤੇ ਹੋਰ ਸ਼ਰਧਾਲੂ ਮੌਜੂਦ ਸਨ।

# ਨਸ਼ਾ ਮੁਕਤੀ ਯਾਤਰਾਵਾਂ ਕੱਢ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ

ਪੱਟੀ/ਤਰਨ ਤਾਰਨ, 19 ਜਨਵਰੀ (ਗੁਰਦਿਆਲ ਸਿੰਘ) – ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਦੇ ਦੂਜੇ ਪੜਾਅ ਤਹਿਤ ਵਿਧਾਨ ਸਭਾ ਹਲਕਾ ਪੱਟੀ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਯਾਤਰਾਵਾਂ ਕੱਢੀਆਂ ਜਾ ਰਹੀਆਂ ਹਨ। ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਚੀਮਾਂ ਕਲਾਂ, ਬਰਵਾਲਾ, ਦੁੱਬਲੀ, ਸੀਤੋ ਨੋਬਾਦ, ਚੰਬਲ, ਸ਼ੇਰੋਂ, ਕਲੇਰ ਅਤੇ ਬਨਵਾਲੀਪੁਰ ਵਿਖੇ ਨਸ਼ਾ ਮੁਕਤੀ ਮੋਰਚਾ ਦੇ ਮੈਂਬਰਾਂ ਵੱਲੋਂ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਲੋਕਾਂ ਦੇ ਸਹਿਯੋਗ ਨਾਲ ਪੈਦਲ ਯਾਤਰਾਵਾਂ ਕੱਢੀਆਂ ਗਈਆਂ।ਇਸ ਮੌਕੇ ਨਸ਼ਾ ਮੁਕਤੀ ਮੋਰਚਾ ਦੇ ਮੈਂਬਰਾਂ ਅਤੇ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਨਸ਼ਿਆਂ ਦੀ ਰੋਕਥਾਮ ਲਈ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਨਸ਼ਾ ਮੁਕਤੀ ਮੁਹਿੰਮ ਵਿੱਚ ਪੰਜਾਬ ਸਰਕਾਰ ਦਾ ਖੁੱਲ੍ਹ ਕੇ ਸਾਥ ਦੇਣ ਤਾਂ ਜੋ ਨਸ਼ਾ ਤਸਕਰਾਂ ਉੱਪਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਇਸ ਉਪਰੰਤ ਸਾਰੇ ਪਿੰਡਾਂ ਵਿੱਚ ਪੈਦਲ ਜਾਗਰੂਕਤਾ ਰੈਲੀਆਂ ਕੱਢ ਕੇ ਨਸ਼ਿਆਂ ਖਿਲਾਫ਼ ਹੋਕਾ ਦਿੱਤਾ ਗਿਆ। ਇਸ ਮੌਕੇ ਹਾਜ਼ਰੀਨ ਨੂੰ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ ਗਈ।ਇਸ ਮੌਕੇ ਸੂਬੇ ਦੇ ਟਰਾਂਸਪੋਰਟ ਅਤੇ ਜੇਲ੍ਹਾਂ ਬਾਰੇ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਨੂੰ ਨਸ਼ਾ ਮੁਕਤ ਕਰਨ ਦਾ ਜੋ ਤਹੱਈਆ ਕੀਤਾ ਗਿਆ ਹੈ ਉਸ ਨੂੰ ਅਵਾਮ ਦੇ ਸਹਿਯੋਗ ਨਾਲ ਹਰ ਹੀਲੇ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਦੇ ਪਹਿਲੇ ਪੜਾਅ ਦੌਰਾਨ ਨਸ਼ਾ ਤਸਕਰਾਂ ਉੱਪਰ ਵੱਡੀ ਕਾਰਵਾਈ ਕੀਤੀ ਗਈ ਹੈ ਅਤੇ ਦੂਜੇ ਪੜਾਅ ਤਹਿਤ ਨਸ਼ੇ ਦੀਆਂ ਜੜ੍ਹਾਂ ਨੂੰ ਪੁੱਟ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਮੁਹਿੰਮ ਵਿੱਚ ਵਿਧਾਨ ਸਭਾ ਹਲਕਾ ਪੱਟੀ ਅਤੇ ਸਮੁੱਚਾ ਜ਼ਿਲ੍ਹਾ ਤਰਨ ਤਾਰਨ ਆਪਣਾ ਮੋਹਰੀ ਰੋਲ ਅਦਾ ਕਰੇਗਾ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਮੁਹਿੰਮ ਤਹਿਤ ਇਹ ਜਾਗਰੂਕਤਾ ਲਹਿਰ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹੇਗੀ।

# ਅਗਰਵਾਲ ਸਭਾ ਨੇ ਏਕਮ ਦਾ ਦਿਹਾੜਾ ਮਨਾਇਆ



ਪੂਜਾ ਤੇ ਭੋਗ ਪ੍ਰਸਾਦ ਦੀ ਸੇਵਾ ਸ੍ਰੀ ਮੇਘ ਰਾਜ ਗੁਪਤਾ ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਵਿਜੇ ਰਾਣੀ ਗੁਪਤਾ ਪ੍ਰੀਵਾਰ ਵੱਲੋਂ ਕੀਤੀ ਗਈ।

ਸੁਨਾਮ 19 ਜਨਵਰੀ (ਮੋਹਣ ਸ਼ਰਮਾ/ਰਾਊਵਿੰਦਰ ਮਠਾੜੂ) ਅਗਰਵਾਲ ਸਭਾ ਰਜਿ, ਸੁਨਾਮ ਵੱਲੋਂ ਹਰ ਮਹੀਨੇ ਦੀ ਤਰਾਂ ਇਸ ਵਾਰ ਵੀ ਦੇਸੀ ਮਹੀਨੇ ਦੀ ਪਹਿਲੀ ਤਾਰੀਖ ਏਕਮ ਦਾ ਦਿਹਾੜਾ ਭਾਰੀ ਠੰਢ ਦੇ ਬਾਵਜੂਦ ਬੜੀ ਧੂੰਮਧਾਮ ਨਾਲ ਮਨਾਇਆ ਗਿਆ। ਮਹਾਰਾਜਾ ਅਗਰਸੇਨ ਚੌਂਕ ਵਿੱਖੇ ਪਹੁੰਚ ਕੇ ਮਹਾਰਾਜਾ ਅਗਰਸੇਨ ਜੀ ਦੀ ਪੂਜਾ ਅਰਚਣਾ ਕੀਤੀ ਗਈ ਤੇ ਆਰਤੀ ਦਾ ਗਾਇਨ ਕੀਤਾ ਗਿਆ। ਇਸ ਮਹੀਨੇ ਦੀ ਪੂਜਾ ਤੇ ਭੋਗ ਪ੍ਰਸਾਦ ਦੀ ਸੇਵਾ ਸ੍ਰੀ ਮੇਘ ਰਾਜ ਗੁਪਤਾ ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਵਿਜੇ ਰਾਣੀ ਗੁਪਤਾ ਪ੍ਰੀਵਾਰ ਵੱਲੋਂ ਕੀਤੀ ਗਈ। ਇਸ ਮੌਕੇ ਤੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ, ਸਰਪ੍ਰਸਤ ਅਗਰ ਰਤਨ ਕ੍ਰਿਸ਼ਨ ਸੰਦੋਹਾ ਨੇ ਗੁਪਤਾ ਪ੍ਰੀਵਾਰ ਦਾ ਧੰਨਵਾਦ ਕੀਤਾ ਤੇ ਮਹਾਰਾਜਾ ਅਗਰਸੇਨ ਜੀ ਦੇ ਚਰਨਾਂ ਚ ਅਰਦਾਸ ਕੀਤੀ ਕੇ ਉਹ ਗੁਪਤਾ ਪ੍ਰੀਵਾਰ ਵਿੱਚ ਏਕਤਾ, ਆਪਸੀ ਪਿਆਰ ਤੇ ਤੰਦਰੁਸਤੀਆਂ ਬਣਾਈ ਰੱਖੇ ਤੇ ਪ੍ਰੀਵਾਰ ਨੂੰ ਤਰੱਕੀਆਂ ਬਖਸ਼ੇ।ਇਸ ਮੌਕੇ ਤੇ ਟਰੇਡਰ ਕਮਿਸ਼ਨ ਦੇ ਹਲਕਾ ਸੁਨਾਮ ਦੇ ਚੇਅਰਮੈਨ ਰਾਮ ਕੁਮਾਰ ਭੁਟਾਲੀਆ ਤੇ ਮੈਂਬਰ ਅਜੈ ਮਸਤਾਨੀ ਜਿੰਦਲ, ਨਰੇਸ਼ ਭੋਲਾ ਕੁਲਾਰ ਤੇ ਪ੍ਰਭਜੋਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਤੇ ਵਿਕਰਮ ਗਰਗ ਵਿੱਕੀ, ਰਵੀ ਕਮਲ ਗੋਇਲ, ਕ੍ਰਿਸ਼ਨ ਸੰਦੋਹਾ, ਰਾਮ ਲਾਲ ਰਾਮਾ, ਹਰੀ ਦੇਵ ਗੋਇਲ, ਪ੍ਰਭਾਤ ਜਿੰਦਲ, ਸਿਵ ਜਿੰਦਲ, ਮਾਸਟਰ ਰਾਜੀਵ ਬਿੰਦਲ, ਮੇਘ ਰਾਜ ਗੁਪਤਾ, ਸ੍ਰੀਮਤੀ ਵਿਜੇ ਰਾਣੀ ਗੁਪਤਾ, ਅਜੈ ਮਸਤਾਨੀ ਜਿੰਦਲ, ਮੁਨੀਸ਼ ਮੋਨੂੰ ਗਰਗ, ਚਿਰਾਗ ਗਰਗ, ਰਾਕੇਸ਼ ਜਿੰਦਲ, ਮੱਖਣ ਲਾਲ ਗੰਢੂਆਂ, ਪ੍ਰਵੇਸ਼ ਕਾਂਸਲ, ਗੌਰਵ ਜਨਾਲੀਆ, ਕੇਵਲ ਕ੍ਰਿਸ਼ਨ ਮੈਨੇਜਰ, ਡਾ, ਸੱਤਪਾਲ ਗਰਗ, ਨਰੇਸ਼ ਸਿੰਗਲਾ ਭੁਟਾਲੀਆ, ਸੰਜੀਵ ਜਿੰਦਲ, ਗਿਆਨ ਚੰਦ ਗੁਪਤਾ, ਰਾਮ ਕੁਮਾਰ ਭੁਟਾਲੀਆ, ਐਡਵੋਕੇਟ ਸਾਮ ਲਾਲ, ਐਡਵੋਕੇਟ ਸੁਰੇਸ਼ ਜਿੰਦਲ, ਗਿਰਧਾਰੀ ਲਾਲ ਜਿੰਦਲ, ਮੁਕੇਸ਼ ਗਰਗ, ਵਿਮਲ ਜੈਨ, ਮਹਿੰਦਰ ਜੈਨ, ਬਿੰਦਰ ਪਾਲ, ਕਾਲਾ ਨਾਗਰਾ, ਪ੍ਰਭਜੋਤ ਸਿੰਘ, ਨਰੇਸ਼ ਭੋਲਾ ਕੁਲਾਰ ਤੇ ਰਾਕੇਸ਼ ਗਾਗੀ ਸਮੇਤ ਅਗਰਵਾਲ ਸਮਾਜ ਦੇ ਲੋਕ ਹਾਜਰ ਸਨ।

# ਗਵਾਂਢੀ ਸੂਬੇ ਹਰਿਆਣਾ ਵਿੱਚੋਂ ਪੰਜਾਬ ਖੇਡਣ ਆਉਂਦੇ ਸਨ ਜੂਆ

ਲਹਿਰਾਗਾਗਾ, 19 ਜਨਵਰੀ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ (ਆਈਪੀਐਸ) ਵੱਲੋਂ ਸਮੁੱਚੇ ਜ਼ਿਲ੍ਹੇ ਅੰਦਰ ਸਮਾਜ ਵਿਰੋਧੀ ਅਤੇ ਨਸ਼ਾ ਸਮਗਲਰਾਂ ਵਿਰੁੱਧ ਚਲਾਈ ਗਈ ਮੁਹਿੰਮ ਦੇ ਤਹਿਤ ਸਬ ਡਿਵੀਜ਼ਨ ਲਹਿਰਾਂ ਦੇ ਡੀਐਸਪੀ ਰਣਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਥਾਣਾ ਸਦਰ ਦੇ ਇੰਚਾਰਜ ਮਨਪ੍ਰੀਤ ਸਿੰਘ ਦੀ ਯੋਗ ਅਗਵਾਈ 'ਚ ਪੁਲਿਸ ਨੇ ਗੁਆਂਢੀ ਸੂਬੇ ਹਰਿਆਣਾ ਦੇ ਨਾਲ ਲੱਗਦੇ ਪਿੰਡ ਗੁਰੂ ਨਾਨਕ ਨਗਰ ਚੂੜਲ ਕਲਾਂ ਵਿਖੇ ਰੇਡ ਕਰਦਿਆਂ 27 ਵਿਅਕਤੀਆਂ ਨੂੰ 7 ਲੱਖ ਤੋਂ ਵੱਧ ਰੁਪਏ ਦੀ ਰਾਸ਼ੀ ਸਮੇਤ ਜੂਆ ਖੇਡਦੇ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਰਣਵੀਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਗੁਰੂ ਨਾਨਕ ਨਗਰ ਚੂੜਲ ਵਿਖੇ ਇੱਕ ਗੈਂਗ ਵੱਡੇ ਪੱਧਰ ਤੇ ਜੂਆ ਖੇਡਣ ਤੇ ਖਿਡਾਉਣ ਦਾ ਕੰਮ ਕਰਦਾ ਹੈ। ਜਿਸ ਦੇ ਚਲਦੇ ਥਾਣਾ ਸਦਰ ਦੇ ਇੰਚਾਰਜ ਮਨਪ੍ਰੀਤ ਸਿੰਘ, ਸਿਟੀ ਚੋਟੀਆਂ ਦੇ ਇੰਚਾਰਜ ਰਣਜੀਤ ਸਿੰਘ ਦੀ ਅਗਵਾਈ 'ਚ ਪੁਲਿਸ ਪਾਰਟੀ ਵੱਲੋਂ ਮੌਕੇ ਤੇ ਰੇਡ ਕਰਦਿਆਂ 27 ਵਿਅਕਤੀਆਂ ਨੂੰ 7 ਲੱਖ 23 ਹਜਰ ਰੁਪਏ ਦੀ ਨਗਦ ਰਾਸ਼ੀ ਸਮੇਤ ਜੂਆ ਖੇਡਦੇ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਹਨਾਂ 27 ਵਿਅਕਤੀਆਂ ਵਿੱਚੋਂ ਪੰਜਾਬ ਦੇ ਸਿਰਫ ਪੰਜ ਹਨ ਬਾਕੀ ਵਿਅਕਤੀ ਹਰਿਆਣਾ ਨਾਲ ਸੰਬੰਧਿਤ ਹਨ। ਕਾਬੂ ਕੀਤੇ ਗਏ ਵਿਅਕਤੀਆਂ ਵਿੱਚ ਪ੍ਰਮੋਦ ਕੁਮਾਰ ਸੰਗਰੂਰ, ਮਨੋਜ ਕੁਮਾਰ ਪਾਤੜਾਂ, ਮਹੇਸ਼ ਕੁਮਾਰ ਪਟਿਆਲਾ, ਤਲਵਿੰਦਰ ਸਿੰਘ ਪਟਿਆਲਾ, ਸ਼ੈਪੀ ਸੰਗਰੂਰ ਤੋਂ ਇਲਾਵਾ ਹਰਿਆਣਾ ਨਾਲ ਸਬੰਧਿਤ ਮਹਿੰਦਰਪਾਲ ਉਰਫ ਚਿੜੀਆ ਰਤੀਆ, ਸੁਖਪਾਲ ਸਿੰਘ ਵਾਸੀ ਰਤੀਆ, ਸੰਦੀਪ ਸਿੰਘ ਟੋਹਾਣਾ ,ਭੁਵਨੇਸ਼ ਕੁਮਾਰ ਰਤੀਆ, ਰਘਬੀਰ ਸਿੰਘ ਉਕਲਾਣਾ, ਵਰਿੰਦਰ ਸਿੰਘ ਉਕਲਾਣਾ, ਪ੍ਰਵੀਨ ਕੁਮਾਰ ਟੋਹਾਣਾ, ਡਿੰਪਲ ਕੁਮਾਰ ਰਤੀਆ, ਅੰਚਿਤ ਕੁਮਾਰ ਟੋਹਾਣਾ, ਦਲੀਪ ਸਿੰਘ ਟੋਹਾਣਾ, ਕੁਲਦੀਪ ਸਿੰਗਲਾ ਟੋਹਾਣਾ, ਵਿਨੋਦ ਕੁਮਾਰ ਭੂੰਨਾ, ਸੁਰਿੰਦਰ ਸਿੰਘ ਹਿਸਾਰ, ਸੋਨੂ ਉਰਫ ਬਾਗੜੀ ਭੂਨਾ , ਸੁਨੀਲ ਕੁਮਾਰ ਭੂਨਾ, ਅਨਿਲ ਸੈਣੀ ਟੋਹਾਣਾ , ਦਿਲਬਾਗ ਸਿੰਘ ਟੋਹਾਣਾ, ਰਵੀ ਹਿਸਾਰ ,ਪ੍ਰਦੀਪ ਉਰਫ ਤੋਤਾ ਹਿਸਾਰ ,ਰਜੇਸ਼ ਹਿਸਾਰ, ਮਿੰਟੂ ਹਿਸਾਰ ਅਤੇ ਰਮੇਸ਼ ਕੁਮਾਰ ਟੋਹਾਣਾ ਸ਼ਾਮਲ ਹਨ। ਉਹਨਾਂ ਕਿਹਾ ਕਿ ਦੋਸ਼ੀਆਂ ਵਿਰੁੱਧ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਿਆ ਜਾਵੇਗਾ। ਡੀਐਸਪੀ ਨੇ ਸਪਸ਼ਟ ਕੀਤਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਲੈ ਕੇ ਪੁਲਿਸ ਪੂਰੀ ਤਰ੍ਹਾਂ ਗੰਭੀਰ ਹੈ। ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ, ਉਨ੍ਹਾਂ ਕਿਹਾ ਕਿ ਗਵਾਂਢੀ ਸੂਬਾ ਹਰਿਆਣਾ ਦੇ ਨਾਲ ਇਲਾਕਾ ਲੱਗਦਾ ਹੋਣ ਦੇ ਕਾਰਨ ਸਮੇਂ-ਸਮੇਂ ਤੇ ਇੰਟਰਸਟੇਟ ਨਾਕੇਬੰਦੀ ਵੀ ਕੀਤੀ ਜਾਂਦੀ ਹੈ, ਪਰ ਉਕਤ ਘਟਨਾ ਤੋਂ ਬਾਅਦ ਪੁਲਿਸ ਪੂਰੀ ਮੁਸਤੈਦੀ ਵਰਤੇਗੀ। ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ।

# 46 ਸਾਲ ਪੁਰਾਣੇ ਆਰ.ਐੱਸ.ਐੱਸ. ਮੈਂਬਰ ਤੇ ਭਾਜਪਾ ਆਗੂ ਸਾਬਕਾ ਕੌਂਸਲਰ ਲਕਸ਼ਮਣ ਰੈਗਰ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ



ਸੁਨਾਮ ਊਧਮ ਸਿੰਘ ਵਾਲਾ, 19 ਜਨਵਰੀ (ਮੋਹਣ ਸ਼ਰਮਾ/ਰਾਊਵਿੰਦਰ ਮਠਾੜੂ): ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਆਰ.ਐੱਸ.ਐੱਸ. ਤੇ ਭਾਜਪਾ ਵਿੱਚ ਵੱਡੀ ਸੰਨ੍ਹ ਮਾਰਦੇ ਹੋਏ 46 ਸਾਲਾਂ ਤੋਂ ਆਰ.ਐੱਸ.ਐੱਸ. ਨਾਲ ਜੁੜੇ ਰਹੇ ਭਾਜਪਾ ਆਗੂ ਤੇ ਸਾਬਕਾ ਕੌਂਸਲਰ ਲਕਸ਼ਮਣ ਰੈਗਰ ਨੂੰ ਉਹਨਾਂ ਦੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਪੁਰਾਣੀਆਂ ਪਾਰਟੀਆਂ ਦੀਆਂ ਲੋਕ-ਵਿਰੋਧੀ ਨੀਤੀਆਂ ਤੋਂ ਉਕਤਾ ਚੁੱਕੇ ਹਨ ਤੇ ਆਮ ਆਦਮੀ ਪਾਰਟੀ ਦੀ ਇਮਾਨਦਾਰ, ਪਾਰਦਰਸ਼ੀ ਤੇ ਲੋਕ-ਹਿੱਤਕਾਰੀ ਨੀਤੀਆਂ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਕਲਿਆਣਕ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਰਾਜਨੀਤਿਕ ਧਾਰਾਵਾਂ ਨਾਲ ਜੁੜੇ ਆਗੂ ਲਗਾਤਾਰ 'ਆਪ' ਵਿੱਚ ਸ਼ਾਮਲ ਹੋ ਰਹੇ ਹਨ।

ਅਮਨ ਅਰੋੜਾ ਨੇ ਲਕਸ਼ਮਣ ਰੈਗਰ ਅਤੇ ਉਨ੍ਹਾਂ ਦੇ ਸਾਥੀਆਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਲੰਬਾ ਸਮਾਜਿਕ ਤੇ ਰਾਜਨੀਤਿਕ ਤਜਰਬਾ ਆਮ ਆਦਮੀ ਪਾਰਟੀ ਦੀ ਸੰਸਥਾ ਨੂੰ ਮਜ਼ਬੂਤੀ ਪ੍ਰਦਾਨ ਕਰੇਗਾ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਇਸ ਮੌਕੇ ਲਕਸ਼ਮਣ ਰੈਗਰ ਨੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ 'ਤੇ ਭਰੋਸਾ ਜ਼ਾਹਰ ਕਰਦਿਆਂ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਅਤੇ ਪੰਜਾਬ ਸਰਕਾਰ ਦੇ ਲੋਕ-ਪੱਖੀ ਫ਼ੈਸਲਿਆਂ ਤੋਂ ਪ੍ਰਭਾਵਿਤ ਹੋ ਕੇ ਉਹ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਤੇ ਪੰਜਾਬ ਦੀ ਤਰੱਕੀ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ। ਇਸ ਮੌਕੇ ਪਾਰਟੀ ਦੇ ਹੋਰ ਆਗੂ ਅਤੇ ਵਰਕਰ ਵੀ ਮੌਜੂਦ ਰਹੇ।

# ਵਿਧਾਇਕ ਬਲਕਾਰ ਸਿੱਧੂ ਨੇ ਸਪੁੱਤਰੀ ਦੇ ਵਿਆਹ ਦੀ ਖੁਸ਼ੀ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ



ਭਗਤਾ ਭਾਈ ਕਾ, 19 ਜਨਵਰੀ (ਸਵਰਨ ਸਿੰਘ ਭਗਤਾ): ਜ਼ਿਲ੍ਹੇ ਅਧੀਨ ਪੈਂਦੇ ਪਿੰਡ ਪੂਹਲਾ ਵਿਖੇ ਵਿਧਾਇਕ ਰਾਮਪੁਰਾ ਫੂਲ ਬਲਕਾਰ ਸਿੰਘ ਸਿੱਧੂ ਦੀ ਸਪੁੱਤਰੀ ਦੇ ਵਿਆਹ ਦੀ ਖੁਸ਼ੀ ਵਿੱਚ, ਨਵੀਂ ਵਿਆਹੀ ਜੋੜੀ ਦੀ ਸੁਖੀ, ਸਫ਼ਲ ਅਤੇ ਖੁਸ਼ਹਾਲ ਜ਼ਿੰਦਗੀ ਦੀ ਕਾਮਨਾ ਲਈ ਗੁਰਦੁਆਰਾ ਸਾਹਿਬ ਵਿੱਚ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੂਰਨ ਸ਼ਰਧਾ ਅਤੇ ਗੁਰਮਤਿ ਮਰਿਆਦਾ ਅਨੁਸਾਰ ਪਾਏ ਗਏ।ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ ਨੇ ਜਿੱਥੇ ਇਸ ਧਾਰਮਿਕ ਸਮਾਗਮ ਦੇ ਵਿੱਚ ਸ਼ਿਰਕਤ ਕੀਤੀ ਉੱਥੇ ਹੀ ਉਹਨਾਂ ਵਿਧਾਇਕ ਬਲਕਾਰ ਸਿੰਘ ਸਿੱਧੂ ਨੂੰ ਸਪੁੱਤਰੀ ਦੇ ਵਿਆਹ ਦੀਆਂ ਮੁਬਾਰਕਾਂ ਵੀ ਦਿੱਤੀਆਂ।ਇਸ ਮੌਕੇ ਰਾਗੀ ਜੱਥੇ ਵੱਲੋਂ ਰਸਭਿੰਨਾ ਗੁਰਬਾਣੀ ਕੀਰਤਨ ਕਰਕੇ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ ਉੱਥੇ ਹੀ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਐਸਐਸਪੀ ਡਾ ਜੋਯਤੀ ਯਾਦਵ ਬੈਂਸ, ਚੇਅਰਮੈਨ ਸ਼ੂਗਰਫੈੱਡ ਐਡਵੋਕੇਟ ਨਵਦੀਪ ਸਿੰਘ ਜੀਦਾ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ, ਐਸ.ਡੀ.ਐਮ. ਰਾਮਪੁਰਾ ਸ਼੍ਰੀ ਸੁਨੀਲ ਫੋਗਾਟ ਅਤੇ ਸੰਗੀਤ ਜਗਤ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਤੋਂ ਇਲਾਵਾ ਪਿੰਡ ਪੂਹਲਾ ਅਤੇ ਨੇੜਲੇ ਇਲਾਕਿਆਂ ਦੀ ਸੰਗਤ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

# ਘੱਲ ਕਲਾਂ ਸਕੂਲ 'ਚ ਸਰਦੀ ਤੋਂ ਬਚਾਅ ਲਈ ਬੂਟ ਅਤੇ ਸਟਾਕਿੰਗ ਵਾਰਮਰ ਵੰਡੇ



ਕੋਟ ਈਸੇ ਖਾਂ, 19 ਜਨਵਰੀ (ਹਰਜੀਤ ਛਾਬੜਾ/ਗੁਰਦੇਵ ਖੁਰਾਣਾ) ਸਮਾਇਲ ਵੂਮੈਨ ਵੈਲਫੇਅਰ ਸੁਸਾਇਟੀ ਮੋਗਾ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਘੱਲ ਕਲਾਂ (ਲੜਕੇ), ਮੋਗਾ-2 ਵਿਖੇ ਪ੍ਰੀ-ਪ੍ਰਾਇਮਰੀ ਦੇ ਨਿੱਕੇ-ਨਿੱਕੇ ਬੱਚਿਆਂ ਲਈ ਸਰਦੀ ਤੋਂ ਬਚਾਅ ਵਾਸਤੇ ਬੂਟ ਅਤੇ ਸਟਾਕਿੰਗ ਵਾਰਮਰ ਵੰਡਣ ਦਾ ਸਮਾਜ ਸੇਵੀ ਕਾਰਜ ਕੀਤਾ ਗਿਆ। ਕੜਾਕੇ ਦੀ ਠੰਡ ਦੇ ਮੱਦੇਨਜ਼ਰ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਉਪਰਾਲਾ ਕੀਤਾ, ਜਿਸ ਨਾਲ ਬੱਚਿਆਂ ਦੇ ਚਿਹਰਿਆਂ 'ਤੇ ਖੁਸ਼ੀ ਅਤੇ ਰੌਣਕ ਨਜ਼ਰ ਆਈ।ਇਸ ਮੌਕੇ ਸਕੂਲ ਮੁਖੀ ਸ੍ ਗੁਰਪ੍ਰੀਤ ਸਿੰਘ ਵੱਲੋਂ ਆਏ ਹੋਏ ਐਨ.ਜੀ.ਓ. ਮੈਂਬਰਾਂ ਦਾ ਫੁੱਲਾਂ ਨਾਲ ਸਵਾਗਤ ਕੀਤਾ ਗਿਆ ਅਤੇ ਬੱਚਿਆਂ ਦੀ ਭਲਾਈ ਲਈ ਕੀਤੇ ਜਾ ਰਹੇ ਸਮਾਜਿਕ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਨਿੱਕੇ ਬੱਚਿਆਂ ਵਿੱਚ ਸੁਰੱਖਿਆ,ਸਹਿਯੋਗ ਅਤੇ ਮਨੁੱਖੀ ਮੁੱਲਾਂ ਦੀ ਭਾਵਨਾ ਪੈਦਾ ਕਰਦੇ ਹਨ। ਸਕੂਲ ਪ੍ਰਬੰਧਨ ਵੱਲੋਂ ਸੁਸਾਇਟੀ ਦਾ ਧੰਨਵਾਦ ਵੀ ਕੀਤਾ ਗਿਆ।ਸਮਾਗਮ ਦੌਰਾਨ ਸਮਾਇਲ ਵੂਮੈਨ ਵੈਲਫੇਅਰ ਸੁਸਾਇਟੀ ਮੋਗਾ ਦੀ ਚੇਅਰਪਰਸਨ ਬੀਬੀ ਨੀਰੂ ਗੋਇਲ, ਪ੍ਰਧਾਨ ਰਚਿਤਾ, ਵਾਈਸ ਪ੍ਰਧਾਨ ਵੀਨੂ ਗੋਇਲ, ਸੀਨੀਅਰ ਵਾਈਸ ਪ੍ਰਧਾਨ ਨੀਲੂ ਬਾਂਸਲ, ਜੁਆਇੰਟ ਸੈਕਰੇਟਰੀ ਗੀਜੂ ਗੋਇਲ ਅਤੇ ਅਨੀਤਾ ਗੁਪਤਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਨੇ ਕਿਹਾ ਕਿ ਸਮਾਜ ਦੇ ਕਮਜ਼ੋਰ ਵਰਗਾਂ ਦੀ ਸਹਾਇਤਾ ਕਰਨਾ ਹੀ ਸੁਸਾਇਟੀ ਦਾ ਮੁੱਖ ਮਕਸਦ ਹੈ ਅਤੇ ਅਗੇ ਵੀ ਇਸ ਤਰ੍ਹਾਂ ਦੇ ਕਾਰਜ ਜਾਰੀ ਰਹਿਣਗੇ।ਇਸ ਮੌਕੇ ਸਕੂਲ ਸਟਾਫ਼ ਵਿੱਚੋਂ ਸ੍ ਹਰਪ੍ਰੀਤ ਸਿੰਘ, ਬੀਬੀ ਕਮਲਜੀਤ ਕੌਰ, ਲਲਿਤਾ ਗੁਪਤਾ, ਰੇਨੂੰ ਬਾਲਾ ਅਤੇ ਗੁਰਜੀਤ ਕੌਰ ਦੀ ਵੀ ਵਿਸ਼ੇਸ਼ ਮੌਜੂਦਗੀ ਰਹੀ। ਸਮਾਗਮ ਦੇ ਅੰਤ ਵਿੱਚ ਬੱਚਿਆਂ ਨੂੰ ਮਿਠਾਈ ਵੰਡ ਕੇ ਖੁਸ਼ੀਆਂ ਮਨਾਈਆਂ ਗਈਆਂ।

# ਵਧੀਕ ਕਮਿਸ਼ਨਰ ਵੱਲੋਂ ਸੈਂਟਰਾਂ, ਕੰਪੋਸਟ ਪਿੱਟਾਂ ਅਤੇ ਭਗਤਾਂਵਾਲਾ ਡੰਪ ਸਾਈਟ 'ਤੇ ਬਾਇਓ-ਰਿਮੀਡੀਏਸ਼ਨ ਕੰਮ ਦੀ ਜਾਂਚ



ਅੰਮ੍ਰਿਤਸਰ, 19 ਜਨਵਰੀ ( ਬਬਲੂ ਮਹਾਜਨ)ਸਵੱਛ ਭਾਰਤ ਮਿਸ਼ਨ-ਅਰਬਨ ਅਤੇ ਠੋਸ ਕਚਰਾ ਪ੍ਰਬੰਧਨ ਨਿਯਮਾਂ ਅਧੀਨ ਚੱਲ ਰਹੇ ਕੰਮਾਂ ਦੀ ਸਮੀਖਿਆ ਲਈ ਮਿਊਂਸਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੇ ਵਧੀਕ ਕਮਿਸ਼ਨਰ ਸ਼੍ਰੀ ਸੁਰਿੰਦਰ ਸਿੰਘ ਨੇ ਸ਼ਹਿਰ ਦੇ ਵੱਖ ਵੱਖ ਮਟੀਰੀਅਲ ਰਿਕਵਰੀ ਫੈਸਿਲਟੀ ($♣6) ਸੈਂਟਰਾਂ, ਕੰਪੋਸਟ ਪਿੱਟਾਂ ਅਤੇ ਭਗਤਾਂਵਾਲਾ ਪੁਰਾਣੀ ਕਚਰਾ ਡੰਪ ਸਾਈਟ 'ਤੇ ਚੱਲ ਰਹੇ ਬਾਇਓ-ਰਿਮੀਡੀਏਸ਼ਨ ਕੰਮ ਦੀ ਜਾਂਚ ਕੀਤੀ।ਇਹ ਦੌਰਾ ਕਮਿਸ਼ਨਰ ਸ਼੍ਰੀ ਬਿਕਰਮਜੀਤ ਸਿੰਘ ਸ਼ੇਰਗਿੱਲ ਦੇ ਨਿਰਦੇਸ਼ਾਂ ਅਨੁਸਾਰ ਕੀਤਾ ਗਿਆ, ਤਾਂ ਜੋ ਨਿਯਮਾਂ ਦੀ ਪੂਰੀ ਪਾਲਣਾ ਯਕੀਨੀ ਬਣਾਈ ਜਾ ਸਕੇ। ਜਾਂਚ ਦੌਰਾਨ ਵਧੀਕ ਕਮਿਸ਼ਨਰ ਨੇ ਘਰ-ਘਰ ਕਚਰਾ ਇਕੱਠਾ ਕਰਨ, ਗਿੱਲੇ-ਸੁੱਕੇ ਕਚਰੇ ਦੀ ਵੱਖਰੀਕਰਨ, ਪ੍ਰੋਸੈਸਿੰਗ ਅਤੇ ਰੀਸਾਈਕਲਿੰਗ ਪ੍ਰਣਾਲੀ ਦੀ ਵੀ ਸਮੀਖਿਆ ਕੀਤੀ।ਵਧੀਕ ਕਮਿਸ਼ਨਰ ਨੇ ਭਗਤਾਂਵਾਲਾ ਡੰਪ ਸਾਈਟ 'ਤੇ ਚੱਲ ਰਹੇ ਬਾਇਓ-ਰਿਮੀਡੀਏਸ਼ਨ ਕੰਮ ਦੀ ਜਾਂਚ ਕਰਦੇ ਹੋਏ ਸੰਬੰਧਿਤ ਏਜੰਸੀ ਨੂੰ ਕੰਮ ਦੀ ਰਫ਼ਤਾਰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਇਹ ਕੰਮ ਨਿਰਧਾਰਤ ਸਮੇਂ ਅੰਦਰ ਪੂਰਾ ਕੀਤਾ ਜਾ ਸਕੇ।ਅਧਿਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਵਧੀਕ ਕਮਿਸ਼ਨਰ ਸ਼੍ਰੀ ਸੁਰਿੰਦਰ ਸਿੰਘ ਨੇ ਕਿਹਾ ਕਿ ਵਿਗਿਆਨਕ ਕਚਰਾ ਪ੍ਰਬੰਧਨ ਅਤੇ ਬਾਇਓ-ਰਿਮੀਡੀਏਸ਼ਨ ਕੰਮ ਸਮੇਂ ਸਿਰ ਪੂਰਾ ਕਰਨਾ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ। ਸਾਰੀਆਂ ਟੀਮਾਂ ਨੂੰ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਿਹਾ ਗਿਆ ਹੈ।ਉਨ੍ਹਾਂ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸਾਫ਼ ਅੰਮ੍ਰਿਤਸਰ ਲਈ ਨਾਗਰਿਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਹਰ ਨਿਵਾਸੀ ਘਰ 'ਤੇ ਹੀ ਗਿੱਲੇ ਅਤੇ ਸੁੱਕੇ ਕਚਰੇ ਦੀ ਵੱਖਰੀਕਰਨ ਕਰੇ, ਕੂੜਾ ਇੱਧਰ-ਉੱਧਰ ਨਾ ਸੁੱਟੇ ਅਤੇ ਮਿਊਂਸਪਲ ਕਾਰਪੋਰੇਸ਼ਨ ਦੀਆਂ ਸਫ਼ਾਈ ਮੁਹਿੰਮਾਂ ਵਿੱਚ ਸਹਿਯੋਗ ਦੇਵੇ। ਜਨ ਭਾਗੀਦਾਰੀ ਨਾਲ ਹੀ ਸ਼ਹਿਰ ਨੂੰ ਸਾਫ਼, ਸਿਹਤਮੰਦ ਅਤੇ ਟਿਕਾਊ ਬਣਾਇਆ ਜਾ ਸਕਦਾ ਹੈ।ਅਧਿਕਾਰੀਆਂ ਨੇ ਦੱਸਿਆ ਕਿ 1 ਅਕਤੂਬਰ 2025 ਤੋਂ 17 ਜਨਵਰੀ 2026 ਤੱਕ 1,91,719 ਮੈਟ੍ਰਿਕ ਟਨ ਪੁਰਾਣਾ ਕਚਰਾ ਬਾਇਓ-ਰਿਮੀਡੀਏਸ਼ਨ ਰਾਹੀਂ ਨਿਪਟਾਇਆ ਗਿਆ, ਜਿਸਦੀ ਰੋਜ਼ਾਨਾ ਔਸਤ 3,022 ਮੈਟ੍ਰਿਕ ਟਨ ਹੈ।18 ਜਨਵਰੀ 2026 ਨੂੰ 3,428 ਮੈਟ੍ਰਿਕ ਟਨ ਕਚਰਾ ਪ੍ਰੋਸੈਸ ਕੀਤਾ ਗਿਆ, ਜਿਸ ਨਾਲ ਕੁੱਲ ਅੰਕੜਾ 1,95,147 ਮੈਟ੍ਰਿਕ ਟਨ ਤੱਕ ਪਹੁੰਚ ਗਿਆ ਹੈ।ਬਾਇਓ-ਰਿਮੀਡੀਏਸ਼ਨ ਪ੍ਰਕਿਰਿਆ ਰਾਹੀਂ ਪੁਰਾਣੇ ਕਚਰੇ ਨੂੰ ਵਿਗਿਆਨਕ ਤਰੀਕੇ ਨਾਲ ਰੀਸਾਈਕਲਯੋਗ, ਵਰਤੋਂਯੋਗ ਅਤੇ ਨਿਸ਼ਕ੍ਰਿਯ ਸਮੱਗਰੀ ਵਿੱਚ ਬਦਲਿਆ ਜਾ ਰਿਹਾ ਹੈ, ਜਿਸ ਨਾਲ ਪ੍ਰਦੂਸ਼ਣ ਘੱਟ ਹੋ ਰਿਹਾ ਹੈ, ਭੂ-ਜਲ ਸੁਰੱਖਿਅਤ ਰਹਿੰਦਾ ਹੈ ਅਤੇ ਜ਼ਮੀਨ ਮੁੜ ਵਰਤੋਂ ਯੋਗ ਬਣ ਰਹੀ ਹੈ।ਇਸ ਮੌਕੇ 'ਤੇ $®8 ਡਾ. ਕਿਰਨ ਅਤੇ ਮਿਊਂਸਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।ਮਿਊਂਸਪਲ ਕਾਰਪੋਰੇਸ਼ਨ ਅੰਮ੍ਰਿਤਸਰ ਨੇ ਨਾਗਰਿਕਾਂ ਦੇ ਸਹਿਯੋਗ ਨਾਲ ਸਵੱਛ ਸਰਵੇਖਣ 2025-26 ਵਿੱਚ ਬਿਹਤਰ ਪ੍ਰਦਰਸ਼ਨ ਅਤੇ ਸ਼ਹਿਰ ਨੂੰ ਸਾਫ਼ ਬਣਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਵਿਆਹ-ਪੁਰਬ ਦੇ ਸਬੰਧੀ ਨਗਰ ਕੀਰਤਨ ਵਿੱਚ ਸੰਗਤਾਂ ਦੀ ਭਾਰੀ ਸ਼ਮੂਲੀਅਤ



ਅੰਮ੍ਰਿਤਸਰ 19 ਜਨਵਰੀ (ਬਬਲੂ ਮਹਾਜਨ) : ਮੀਰੀ-ਪੀਰੀ ਦੇ ਮਾਲਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਵਿਆਹ-ਪੁਰਬ ਦੇ ਸਬੰਧ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਵਿਆਹ-ਪੁਰਬ ਸੇਵਾ ਸੁਸਾਇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਦੇ ਨਾਲ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਹ ਨਗਰ ਕੀਰਤਨ ਸੁਸਾਇਟੀ ਦੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਪੱਪੀ ਅਤੇ ਸੁਖਰਾਜ ਸਿੰਘ ਦੀ ਦੇਖ-ਰੇਖ ਹੇਠ ਭਗਤੀ ਮਈ ਮਾਹੌਲ ਵਿੱਚ ਸੰਪੰਨ ਹੋਇਆ।ਨਗਰ ਕੀਰਤਨ ਦੀ ਆਰੰਭਤਾ ਗੁਰਦੁਆਰਾ ਗੁਰੂ ਕੇ ਮਹਿਲ ਤੋਂ ਹੋਈ, ਜਿੱਥੋਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਜੀ-ਧਜੀ ਪਾਲਕੀ ਸਾਹਿਬ ਵਿੱਚ ਸ਼ੋਭਾ ਯਾਤਰਾ ਰੂਪ ਵਿੱਚ ਅੱਗੇ ਵਧਾਇਆ ਗਿਆ। ਰਸਤੇ ਵਿੱਚ ਵੱਖ-ਵੱਖ ਬਾਜ਼ਾਰਾਂ ਅਤੇ ਮੁਹੱਲਿਆਂ ਵਿੱਚ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ। ਗਤਕਾ ਪਾਰਟੀਆਂ ਨੇ ਸ਼ੌਰਿਆਮਈ ਪ੍ਰਦਰਸ਼ਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਜਦਕਿ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਦੀ ਰਸਭਿੰਨੀ ਧੁਨ ਨਾਲ ਸਾਰਾ ਮਾਹੌਲ ਭਗਤੀਮਈ ਬਣਿਆ।ਨਗਰ ਕੀਰਤਨ ਗੁਰਦੁਆਰਾ ਅਟਾਰੀ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਇਆ, ਜਿੱਥੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਵਿਕਰਮ ਸਿੰਘ ਵਰਿੰਦਰ ਸਿੰਘ ਸੁਖਰਾਜ ਸਿੰਘ ਗੁਰਵਿੰਦਰ ਸਿੰਘ ਭੁਪਿੰਦਰ ਸਿੰਘ ਰਜਿੰਦਰ ਸਿੰਘ ਸਮੇਤ ਵੱਡੀ ਗਿਣਤੀ ਦੇ ਸੰਗਤਾਂ ਹਾਜ਼ਰ ਸਨ

## ਭਗਵਾਨ ਸ੍ਰੀ ਰਾਮ ਪੂਰੀ ਮਨੁੱਖਤਾ ਦੇ ਰਹਿਬਰ ਸਨ : ਅਰਵਿੰਦ ਖੰਨਾ



ਸੰਗਰੂਰ, 19 ਜਨਵਰੀ (ਹਰਕੰਵਲ ਸਿੰਘ ਹੈਪੀ) : ਭਗਵਾਨ ਸ੍ਰੀ ਰਾਮ ਜੀ ਦੇ ਆਯੁਧਿਆ ਵਿੱਚ ਵਿਰਾਜਮਾਨ ਹੋਣ ਦੀ ਤੀਜੀ ਵਰ੍ਹੇਗੰਢ ਦੇ ਇਤਿਹਾਸਕ ਮੌਕੇ ਤੇ ਅੱਜ ਸ਼ਹਿਰ ਵਿੱਚ ਵਿਸ਼ੇਸ ਪ੍ਰੋਗਰਾਮ ਕਰਵਾਏ ਗਏ ਅਤੇ ਸੋਭਾ ਯਾਤਰਾ ਕੱਢੀ ਗਈ ਜਿਸ ਤਹਿਤ ਅੱਜ ਪੂਰਾ ਸ਼ਹਿਰ ਪੂਰੀ ਤਰ੍ਹਾਂ ਰਾਮਰੰਗ ਵਿੱਚ ਰੰਗਿਆ ਨਜ਼ਰ ਆਇਆ।ਉਮੀਦ ਸੰਸਥਾ ਦੇ ਚੇਅਰਮੈਨ ਸ੍ਰੀ ਅਰਵਿੰਦ ਖੰਨਾ ਨੇ ਇਸ ਮੌਕੇ ਸੋਭਾ ਯਾਤਰਾ ਵਿੱਚ ਪੂਰਨ ਸਰਧਾ ਨਾਲ਼ ਸਿਰਕਤ ਕਰਦਿਆਂ ਦਰਸ਼ਨ ਦੀਦਾਰ ਕੀਤੇ, ਇਸ ਮੌਕੇ ਉਹਨਾਂ ਕਿਹਾ ਕਿ ਅੱਜ ਦਾ ਇਹ ਪਾਵਨ ਦਿਨ ਸਿਰਫ ਹਿੰਦੂ ਧਰਮ ਲਈ ਹੀ ਵਿਸ਼ੇਸ ਨਹੀਂ ਬਲਕਿ ਪੂਰੀ ਮਨੁੱਖਤਾ ਲਈ ਮਹਾਨ ਹੈ ਕਿਉਂਕਿ ਭਗਵਾਨ ਸ੍ਰੀ ਰਾਮ ਪੂਰੀ ਮਨੁੱਖਤਾ ਦੇ ਰਹਿਬਰ ਸਨ। ਇਸ ਮੌਕੇ ਸ਼ਹਿਰ ਦੀਆਂ ਸਮੂਹ ਧਾਰਮਿਕ, ਸਮਾਜਿਕ ਸੰਸਥਾਵਾਂ ਅਤੇ ਮੰਦਰ ਸਭਾਵਾਂ ਦੇ ਸਾਂਝੇ ਸਹਿਯੋਗ ਨਾਲ ਕੱਢੀ ਗਈ ਇਸ ਸ਼ੋਭਾ ਯਾਤਰਾ ਵਿੱਚ ਹਜ਼ਾਰਾਂ ਦੀ ਸੰਖਿਆ ਵਿੱਚ ਸ਼ਰਧਾਲੂਆਂ ਨੇ ਸ਼ਮੂਲੀਅਤ ਕਰਕੇ ਪ੍ਰਭੂ ਸ੍ਰੀ ਰਾਮ ਜੀ ਪ੍ਰਤੀ ਆਪਣੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕੀਤਾ।

## ਕਲਸ਼ ਯਾਤਰਾ 'ਚ ਸੈਂਕੜੇ ਸ਼ਰਧਾਲੂ ਹੋਏ ਸ਼ਾਮਲ

ਬਰਨਾਲਾ, 19 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰਾਚੀਨ ਸ਼ਿਵ ਧਾਮ ਮੰਦਰ 22 ਏਕੜ ਕਲੋਨੀ ਬਰਨਾਲਾ ਸ੍ਰੀ ਸ਼ਾਮ ਖਾਟੂ ਜੀ ਅਤੇ ਮਾਤਾ ਸ਼ੀਤਲਾ ਜੀ ਦੀ ਮੂਰਤੀ ਸਥਾਪਨਾ ਦੇ ਸਬੰਧ ਵਿੱਚ ਵਿਸ਼ਾਲ ਕਲਸ਼ ਅਤੇ ਨਿਸ਼ਾਨ ਯਾਤਰਾ ਸਜਾਈ ਗਈ ਇਸ ਮੌਕੇ ਮੰਦਰ ਬਾਬਾ ਬੰਸੀ ਵਾਲੇ ਜੀ ਨੇੜੇ ਪੁਰਾਣੀ ਗਊਸ਼ਾਲਾ (ਸ਼ਕਤੀ ਕਲਾ ਮੰਦਰ) ਤੋਂ ਪੂਰਨ ਵਿਧੀ ਵਿਧਾਨ ਮੁਤਾਬਕ ਪੂਜਨ ਕਰਨ ਉਪਰੰਤ ਗੁਰਮੀਤ ਸਿੰਘ ਮੀਤ ਹੇਅਰ ਮੈਂਬਰ ਪਾਰਲੀਮੈਂਟ ਨੇ ਮੱਥਾ ਟੇਕ ਕੇ ਆਸ਼ੀਰਵਾਦ ਪ੍ਰਾਪਤ ਕਰਨ ਉਪਰੰਤ ਸ਼ੁਭਕਾਵਨਾਵਾਂ ਦਿੰਦੇ ਹੋਏ ਯਾਤਰਾ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ, ਜਿਸ ਵਿੱਚ ਸੈਂਕੜੇ ਸ਼ਰਧਾਲੂ ਪੁਰਸ਼ ਅਤੇ ਮਹਿਲਾਵਾਂ ਸ਼ਾਮਲ ਹੋਏ।ਇਸ ਮੌਕੇ 108 ਮਹਿਲਾਵਾਂ ਵੱਲੋਂ ਕਲਸ਼ ਸਜਾਏ ਗਏ ਅਤੇ ਸੈਂਕੜੇ ਸ਼ਰਧਾਲੂ ਨਿਸ਼ਾਨ ਸਹਿਤ ਸ਼ਾਮਲ ਹੋਏ। ਇਹ ਯਾਤਰਾ ਰੇਲਵੇ ਸਟੇਸ਼ਨ-ਸਦਰ ਬਜਾਰ-ਭਗਤ ਸਿੰਘ ਚੌਂਕ-ਅਗਰਸੈਨ ਚੌਂਕ ਭਗਵਾਨ ਵਾਲਮੀਕਿ ਚੌਂਕ ਤੋਂ ਹੁੰਦੀ ਹੋਈ ਬਸ ਸਟੈਂਡ ਰੋਡ ਰਾਹੀਂ ਐਂਬੇ ਗਾਰਮੈਂਟਸ ਰੋਡ ਤੋਂ ਹੁੰਦੇ ਹੋਏ ਪ੍ਰਾਚੀਨ ਸ਼ਿਵ ਧਾਮ ਮੰਦਰ 22 ਏਕੜ ਬਰਨਾਲਾ ਵਿਖੇ ਪਹੁੰਚੀ।



ਸ਼ਹਿਰ ਨਿਵਾਸੀਆਂ ਅਤੇ ਦੁਕਾਨਦਾਰ ਵੀਰਾਂ ਵੱਲੋਂ ਬਾਬਾ ਖਾਟੂ ਸ਼ਿਆਮ ਜੀ ਦੀ ਇਸ ਨਿਸ਼ਾਨ ਯਾਤਰਾ ਵਿੱਚ ਸ਼ਾਮਲ ਸ਼ਰਧਾਲੂਆਂ ਦਾ,ਲੱਡੂਆਂ,ਚਾਹ, ਬਿਸਕੁਟ, ਫਲ,ਅਤੇ ਫੁੱਲਾਂ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਮੰਦਰ ਕਮੇਟੀ ਦੇ ਪ$ਧਾਨ ਸੁਰੇਸ਼ ਕੁਮਾਰ ਕਾਲਾ (ਤਪੇ ਵਾਲੇ) ਨੇ ਦੱਸਿਆ ਕਿ ਮਿਤੀ 19 ਜਨਵਰੀ 2026 ਤੋਂ ਸਵੇਰੇ 9-00 ਵਜੇ ਤੋਂ 12-00 ਤੱਕ ਵਜੇ ਤੱਕ ਪੂਜਨ ਅਤੇ ਕੀਰਤਨ ਵਾ ਸ਼ਾਮ 6-00 ਰੋਜ਼ਾਨਾ ਕੀਰਤਨ ਅਤੇ ਆਰਤੀ ਹੋਇਆ ਕਰੇਗੀ। ਮਿਤੀ 23 ਜਨਵਰੀ 2026 ਦਿਨ ਸ਼ੁੱਕਰਵਾਰ 9-00 ਤੋਂ 12-0 ਵਜੇ ਤੱਕ ਪੂਜਨ ਵਾ ਕੀਰਤਨ ਉਪਰੰਤ 12-00 ਤੋਂ 2-00 ਵਜੇ ਤੱਕ ਸਿਆਮ ਬਾਬਾ ਜੀ ਦਾ ਸ਼ਿੰਗਾਰ ਉਪਰੰਤ 2-00 ਵਜੇ ਬਾਬਾ ਖਾਟੂ ਸਿਆਮ ਜੀ ਦੇ ਦਰਸਨਾ ਲਈ ਮੰਦਰ ਦੇ ਕਪਾਟ ਖੋਲੇ ਜਾਣਗੇ। ਸਾਰੀਆਂ ਸੰਗਤਾਂ ਲਈ ਕੜੀ ਚਾਵਲ ਦਾ ਭੰਡਾਰਾ ਅਤੁੱਟ ਵਰਤੇਗਾ।ਅੱਜ ਯਾਤਰਾ ਦੇ ਮੰਦਰ ਪਹੁੰਚਣ ਤੇ ਡਾ ਰਮੇਸ਼ ਕੁਮਾਰ ਗਰਗ ਮੈਸ ਤੋਤਾ ਰਾਮ ਮਿਲਖੀ ਰਾਮ ਵੱਲੋਂ ਸ਼ਰਧਾਲੂਆਂ ਲਈ ਆਲੂ ਟਿੱਕੀ ਦੇ ਲੰਗਰ ਦੀ ਸੇਵਾ ਲਈ ਅਤੇ ਨਗਰ ਨਿਗਮ ਬਰਨਾਲਾ ਦੇ ਸੈਨਟਰੀ ਇੰਸਪੈਕਟਰ ਅੰਕੁਸ਼ ਕੁਮਾਰ ਦਾ ਜਿਨ੍ਹਾਂ ਛੁੱਟੀ ਦੇ ਬਾਵਜੂਦ ਵੀ ਸਦਰ ਬਜਾਰ ਅਤੇ 22 ਏਕੜ ਦੀ ਸਫਾਈ, ਪਾਣੀ ਦਾ ਛਿੜਕਾਅ ਅਤੇ ਕਲੀ ਪੁਆ ਕੇ ਸਵੱਛਤਾ ਲਈ ਸਹਿਯੋਗ ਦਿੱਤਾ ਅਤੇ ਪੰਜਾਬ ਪੁਲਿਸ ਦੇ ਕਰਮਚਾਰੀਆਂ ਵੱਲੋਂ ਦਿੱਤੇ ਸ਼ਾਨਦਾਰ ਸਹਿਯੋਗ ਲਈ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਸ਼ੋਕ ਤਾਇਲ, ਸੁਨੀਲ ਭਾਰਤੀ ਅੰਬੇ ਗਾਰਮੈਂਟਸ, ਜੁਗਨੂੰ,ਵਿਕਾਸ ਸਿੰਗਲਾ, ਵਿਸ਼ਾਲ ਸਿੰਗਲਾ, ਰਾਮ ਲਾਲ, ਪਵਨ ਕੁਮਾਰ ਬਦਰਾ,ਰਜਿੰਦਰ ਕੁਮਾਰ, ਰਕੇਸ਼ ਕੁਮਾਰ, ਮੁਕੇਸ਼ ਰਿੰਕੂ, ਸੋਹਨ ਮਿੱਤਲ ਦੀਪਕ ਮਿੱਤਲ, ਗੌਰਵ ਗੋਇਲ, ਅੰਕੁਰ ਗਰਗ, ਰਜੀਵ ਬਰਨਾਲਾ, ਕ੍ਰਿਸ਼ਨ ਕੁਮਾਰ, ਹੀਰਾ ਲਾਲ, ਵਿੱਕੀ ਕਾਂਸਲ, ਕੁਲਦੀਪ ਸ਼ਰਮਾ, ਮਹਿਦਰ ਪਾਲ, ਮੇਜਰ ਸਿੰਘ, ਸੁਰਿੰਦਰ ਨੰਦਰਾ,ਸੰਦੀਪ ਕੁਮਾਰ, ਸੁਨੀਲ ਬੰਟੀ, ਜਿੰਮੀ ਗਰੋਵਰ, ਮਨੀਸ਼ ਗਰਗ, ਭਾਵਿਕ ਗੋਇਲ, ਪ੍ਰਮੋਦ ਮਿਤਲ, ਸੈਲੀ ਸਿੰਗਲਾ ਸੋਨੀਆਗੋਇਲ, ਬਬੀਤਾ ਮਿੱਤਲ ਰਾਜ ਰਾਣੀ,ਮੀਨੂ, ਨਮੀਸ਼ਾ ਗਰੋਵਰ ਆਦਿ ਹਾਜ਼ਰ ਸਨ।

## ਦੀਵਾਨ ਖਾਨਾ ਮੁੱਦੇ 'ਤੇ ਕਰਮ ਲਹਿਲ ਨੇ ਰਾਜਪਾਲ ਤੱਕ ਪਹੁੰਚਾਇਆ ਸੰਗਰੂਰ ਦਾ ਦਰਦ



ਸੰਗਰੂਰ, 19 ਜਨਵਰੀ (ਹਰਕੰਵਲ ਸਿੰਘ ਹੈਪੀ) : ਸਥਾਨਕ ਬਨਾਸਰ ਬਾਗ ਸੰਗਰੂਰ ਵਿਖੇ ਸਥਿਤ ਇਤਿਹਾਸਕ ਦੀਵਾਨ ਖਾਨਾ ਅਜਾਇਬ ਘਰ, ਜੋ ਕਿ ਪਿਛਲੇ ਕਈ ਸਾਲਾਂ ਤੋਂ ਆਮ ਲੋਕਾਂ ਲਈ ਬੰਦ ਪਿਆ ਹੈ, ਇਕ ਵਾਰ ਫਿਰ ਚਰਚਾ ਦਾ ਵਿਸ਼ਾ ਬਣਿਆ ਹੈ। ਇਸ ਅਜਾਇਬ ਘਰ ਦੀ ਮੁਰੰਮਤ ਪਿਛਲੇ ਸਮੇਂ ਦੌਰਾਨ ਵੱਡੀ ਲਾਗਤ ਨਾਲ ਕੀਤੀ ਗਈ ਸੀ ਅਤੇ ਇਮਾਰਤ ਪੂਰੀ ਤਰ੍ਹਾਂ ਤਿਆਰ ਹੋਣ ਦੇ ਬਾਵਜੂਦ ਇਹ ਅਜੇ ਤੱਕ ਲੋਕਾਂ ਲਈ ਨਹੀਂ ਖੁੱਲ ਸਕੀ।ਇਸ ਮਾਮਲੇ ਨੂੰ ਲੈ ਕੇ ਭਾਜਪਾ ਸੂਬਾ ਸਪੋਰਟਸ ਸੈੱਲ ਦੇ ਇੰਚਾਰਜ ਕਰਮ ਲਹਿਲ ਵੱਲੋਂ ਮਾਨਯੋਗ ਗਵਰਨਰ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ, ਜਿਸ ਦੌਰਾਨ ਉਨ੍ਹਾਂ ਸੰਗਰੂਰ ਨਾਲ ਜੁੜੀ ਇਸ ਇਤਿਹਾਸਕ ਵਿਰਾਸਤ ਦੀ ਮਹੱਤਤਾ ਵੱਲ ਧਿਆਨ ਦਿਵਾਇਆ। ਕਰਮ ਲਹਿਲ ਨੇ ਗਵਰਨਰ ਨੂੰ ਦੱਸਿਆ ਕਿ ਦੀਵਾਨ ਖਾਨਾ ਅਜਾਇਬ ਘਰ ਜੀਂਦ ਰਿਆਸਤ ਦੀ ਇਕਲੌਤੀ ਬਚੀ ਹੋਈ ਇਮਾਰਤ ਹੈ ਅਤੇ ਸੰਗਰੂਰ ਖੁਦ ਵੀ ਕਦੇ ਜੀਂਦ ਰਿਆਸਤ ਦੀ ਰਾਜਧਾਨੀ ਰਹਿ ਚੁੱਕਿਆ ਹੈ। ਅਜਿਹੀ ਅਮੂਲ ਵਿਰਾਸਤ ਦਾ ਸੰਭਾਲਿਆ ਜਾਣਾ ਇਤਿਹਾਸਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ ਬਹੁਤ ਜ਼ਰੂਰੀ ਹੈ।ਕਰਮ ਲਹਿਲ ਨੇ ਇਹ ਵੀ ਕਿਹਾ ਕਿ ਜੇਕਰ ਅਜਾਇਬ ਘਰ ਨੂੰ ਆਮ ਲੋਕਾਂ, ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਖੋਲ੍ਹਿਆ ਜਾਵੇ, ਤਾਂ ਇਹ ਇਤਿਹਾਸ ਨਾਲ ਜੁੜਨ ਦਾ ਇਕ ਮਜ਼ਬੂਤ ਸਾਧਨ ਬਣ ਸਕਦਾ ਹੈ ਅਤੇ ਸੰਗਰੂਰ ਦੀ ਸੱਭਿਆਚਾਰਕ ਪਛਾਣ ਨੂੰ ਹੋਰ ਮਜ਼ਬੂਤੀ ਮਿਲੇਗੀ।ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਮਾਨਯੋਗ ਗਵਰਨਰ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਤੁਰੰਤ ਸੰਗਰੂਰ ਦੇ ਡਿਪਟੀ ਕਮਿਸ਼ਨਰ ਨੂੰ ਅਜਾਇਬ ਘਰ ਦੀ ਮੌਜੂਦਾ ਸਥਿਤੀ ਸਬੰਧੀ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਰਾਜਭਵਨ ਨੂੰ ਭੇਜਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਅਜਾਇਬ ਘਰ ਦੇ ਸੁਚਾਰੂ ਸੰਚਾਲਨ ਲਈ ਕਿਸੇ ਕਿਸਮ ਦੀ ਮਦਦ ਜਾਂ ਫੰਡ ਦੀ ਲੋੜ ਪੈਂਦੀ ਹੈ, ਤਾਂ ਇਸ ਸਬੰਧੀ ਜ਼ਰੂਰੀ ਕਦਮ ਚੁੱਕੇ ਜਾਣਗੇ।ਇਸ ਮੌਕੇ ਭਾਜਪਾ ਯੂਥ ਪ੍ਰਧਾਨ ਬਰਨਾਲਾ ਸ੍ਰੀ ਰਮਨ ਜਵੰਧਾ ਵੀ ਕਰਮ ਲਹਿਲ ਦੇ ਨਾਲ ਮੌਜੂਦ ਰਹੇ। ਉਨ੍ਹਾਂ ਕਿਹਾ ਕਿ ਸੰਗਰੂਰ ਦੀ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਲਈ ਸਮੂਹਕ ਯਤਨ ਬਹੁਤ ਜ਼ਰੂਰੀ ਹਨ ਅਤੇ ਇਸ ਤਰ੍ਹਾਂ ਦੇ ਮਾਮਲੇ ਲੋਕਾਂ ਦੇ ਹਿੱਤ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ

## ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਦੁਕਾਨ ਦੀ ਕੁਰਕੀ ਰੁਕਵਾਈ



ਲਹਿਰਾਗਾਗਾ, 19 ਜਨਵਰੀ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ) : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾ ਗਾਗਾ ਦੀ ਤਰਫੋਂ ਅੱਜ ਲਹਿਰਾ ਵਿਖੇ ਗੁਰੂ ਤੇਗ ਬਹਾਦਰ ਫਰਨੀਚਰ ਵਾਲਿਆਂ ਦੀ ਦੁਕਾਨ ਦੀ ਕੁਰਕੀ ਰੋਕੀ ਗਈ ਕਿਸਾਨ ਆਗੂ ਬਹਾਦਰ ਸਿੰਘ ਭੁਟਾਲ ਖੁਰਦ ਤੇ ਗੁਰਪ੍ਰੀਤ ਸੰਗਤਪੁਰਾ ਨੇ ਪ੍ਰੈਸ ਨਾਲ ਗੱਲਬਾਤ ਕਰਨ ਸਮੇਂ ਦੱਸਿਆ ਕਿ ਪੀੜਿਤ ਧਿਰ ਨੇ ਪੰਜ ਸਾਲ ਪਹਿਲਾਂ ਇਹ 1" ਸਮਾਲ ਬੈਂਕ ਤੋਂ ਲੋਨ ਲਿਆ ਸੀ ਪਰ ਆਰਥਿਕ ਮੰਦੀ ਕਰਕੇ ਲੋਨ ਦੀਆਂ ਕਿਸਤਾਂ ਸਮੇਂ ਸਿਰ ਨਹੀਂ ਭਰੀਆਂ ਗਈਆਂ ਲਹਿਰਾ ਸ਼ਹਿਰ ਦੇ ਪ੍ਰਧਾਨ ਸਰਬਜੀਤ ਸ਼ਰਮਾ ਨੇ ਦੱਸਿਆ ਹੈ ਕਿ ਬੈਂਕ ਦੀ ਤਰਫੋਂ ਪਹਿਲਾਂ ਬਿਨਾਂ ਦੱਸੇ ਹੀ ਦੁਕਾਨ ਕੁਰਕੀ ਕਰ ਲਈ ਗਈ ਹੈ ਅਤੇ ਅੱਜ ਬੈਂਕ ਦੀ ਤਰਫੋਂ ਵਰੰਟ ਕਬਜ਼ਾ ਲਿਆਂਦਾ ਗਿਆ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਪੀੜਿਤ ਧਿਰ ਪੈਸਾ ਭਰਨ ਤੋਂ ਅਸਮਰੱਥ ਹੈ। ਇਸ ਕਰਕੇ ਲੋਨ ਨਹੀਂ ਭਰਿਆ ਜਾ ਸਕਦਾ ਪਰ ਕਾਰਪੋਰੇਟ ਘਰਾਣਿਆਂ ਨੂੰ ਮੋਟਾ ਪੈਸਾ ਹਰ ਸਾਲ ਮਾਫ ਕੀਤਾ ਜਾ ਰਿਹਾ ਹੈ। ਪਰ ਮਿਹਨਤ ਕਰਦੇ ਲੋਕਾਂ ਦੀ ਸਰਕਾਰ ਕਦੇ ਵੀ ਸੁਣਵਾਈ ਨਹੀਂ ਕਰਦੀ 9ਕਿਸਾਨ ਆਗੂ ਨੇ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਦੀ ਰੁਜ਼ਗਾਰ ਦੇ ਵਸੀਲਿਆਂ ਦੇ ਵਰੰਟ ਕਬਜੇ ਨਹੀਂ ਹੋਣ ਦੇਣਗੇ 9 ਪੰਜਾਬ ਅੰਦਰ ਕੁਰਕੀਆਂ ਅਤੇ ਵਾਰੰਟ ਕਬਜ਼ੇ ਰੋਕੇ ਹੋਏ ਹਨ। ਕਿਸੇ ਵੀ ਕੀਮਤ ਕੁਰਕੀ ਅਤੇ ਵਾਰੰਟ ਕਬਜ਼ਾ ਨਹੀਂ ਹੋਣ ਦਿੱਤੇ ਜਾਣਗੇ ਭਾਵੇਂ ਕਿੰਨੀ ਵੀ ਕੀਮਤ ਉਤਾਰਨੀ ਪੈ ਜਾਵੇ ਅੱਜ ਦੇ ਵਰੰਟ ਕਬਜੇ ਨੂੰ ਰੋਕਣ ਵਾਸਤੇ ਕਰਨੈਲ ਸਿੰਘ ਗਾਨੋਟਾ,ਰਾਮ ਚੰਦ ਚੋਟੀਆਂ,ਪ੍ਰੀਤਮ ਸਿੰਘ ਲਹਿਲ ਕਲਾਂ, ਹਰਸੇਵਕ ਸਿੰਘ ਲਹਿਲਾਂ, ਨਿੱਕਾ ਸਿੰਘ ਸੰਗਤੀਵਾਲਾ,ਬਿੰਦਰ ਸਿੰਘ ਖੋਖਰ,ਭੋਲਾਂ ਸਿੰਘ,ਗੁਰਜੰਟ ਸੰਗਤਪੁਰਾ,ਰਾਮ ਸਿੰਘ ਨਗਲਾ ਹਾਜ਼ਰ ਸਨ।

## ਚਾਇਨਾ ਡੋਰ ਸਟੋਰ, ਵੇਚਣ ਅਤੇ ਖਰੀਦਣ 'ਤੇ ਮੁਕੰਮਲ ਪਾਬੰਦੀ

ਬਰਨਾਲਾ, 19 ਜਨਵਰੀ (ਬਘੇਲ ਸਿੰਘ ਧਾਲੀਵਾਲ) :ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀ ਟੀ ਬੈਨਿਥ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਅੰਦਰ ਪਤੰਗ/ਗੁੱਡੀਆਂ ਉਡਾਉਣ ਲਈ ਵਰਤੀ ਜਾਂਦੀ ਸੰਥੈਟਿਕ/ਪਲਾਸਟਿਕ ਦੀ ਬਣੀ ਡੋਰ/ਚਾਇਨਾ ਡੋਰ ਅਤੇ ਮਾਂਜਾ (ਕੱਚ ਦੇ ਪਾਊਡਰ ਲੱਗੇ ਹੋਏ ਧਾਗੇ) ਨੂੰ ਵੇਚਣ/ਖਰੀਦਣ, ਸਟੋਰ ਕਰਨ ਅਤੇ ਇਸ ਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਪਾਬੰਦੀ ਧਾਗੇ ਵਾਲੀ ਡੋਰ 'ਤੇ ਲਾਗੂ ਨਹੀ ਹੋਵੇਗੀ। ਉਨ੍ਹਾਂ ਕਿਹਾ ਕਿ ਪਤੰਗ/ਗੁੱਡੀਆਂ ਉਡਾਉਣ ਲਈ ਜਿਹੜੀ ਡੋਰ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਸੂਤੀ ਡੋਰ ਤੋਂ ਹੱਟ ਕੇ ਸੰਥੈਟਿਕ/ਪਲਾਸਟਿਕ ਦੀ ਬਣੀ ਡੋਰ/ਚਾਈਨਾ ਡੋਰ ਅਤੇ ਮਾਂਜਾ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ, ਜੋ ਬਹੁਤ ਮਜਬੂਤ, ਨਾ-ਗਲਣਯੋਗ ਅਤੇ ਨਾ-ਟੁੱਟਣਯੋਗ ਹਨ। ਸਾਈਕਲ, ਸਕੂਟਰ ਚਾਲਕਾਂ ਦੇ ਗਲ ਅਤੇ ਕੰਨ ਕੱਟੇ ਜਾਂਦੇ ਹਨ ਅਤੇ ਉੱਡਦੇ ਪੰਛੀਆਂ ਦੀ ਮੌਤ ਹੋ ਜਾਣ ਤੇ ਉਨ੍ਹਾਂ ਦੇ ਰੁੱਖਾਂ ਤੇ ਟੰਗੇ ਰਹਿਣ ਕਾਰਨ ਬਦਬੂ ਨਾਲ ਵਾਤਵਾਰਨ ਵੀ ਦੂਸ਼ਿਤ ਹੁੰਦਾ ਹੈ। ਅਗਲੇ ਹੁਕਮਾਂ ਰਾਹੀਂ ਜ਼ਿਲ੍ਹਾ ਬਰਨਾਲਾ ਦੀਆਂ ਸੀਮਾਵਾਂ ਅੰਦਰ ਅਮਨ ਕਾਨੂੰਨ ਕਾਇਮ ਰੱਖਣ ਲਈ ਜਲੂਸ ਕੱਢਣ, ਨਾਅਰੇ ਲਗਾਉਣ, ਭੜਕਾਊ ਪ੍ਰਚਾਰ ਕਰਨ, ਨੈਸ਼ਨਲ/ ਸਟੇਟ ਹਾਈਵੇ ਸੜਕਾਂ ਤੇ ਜਾਮ ਲਗਾਉਣ, ਸਰਕਾਰੀ ਦਫਤਰਾਂ ਦਾ ਘਰਾਓ ਕਰਨ ਜਾਂ ਅਜਿਹੇ ਪ੍ਰੋਗਰਾਮ ਉਲੀਕਣੇ ਜਿਸ ਰਾਹੀਂ ਉਹ ਆਪਣੀਆਂ ਮੰਗਾਂ ਨੂੰ ਸਰਕਾਰ ਤੱਕ ਪਹੁੰਚਾਉਣਾ ਚਾਹੁੰਦੇ ਹਨ ਦੇ ਮੰਤਵ ਲਈ ਖੜ੍ਹੇ ਹੋਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਤੇ ਅਤੇ ਗੰਡਾਸੇ, ਤੇਜ਼ਧਾਰ ਟਕੂਏ, ਕੁਲਹਾੜੀਆਂ, ਵਿਸਫੋਟਕ ਸਮੱਗਰੀ ਅਤੇ ਹੋਰ ਘਾਤਕ ਹਥਿਆਰ/ਅਸਲਾ ਜਨਤਕ ਥਾਵਾਂ (ਜਿਵੇਂ ਕਿ ਧਾਰਮਿਕ ਸਥਾਨ, ਮੈਰਿਜ ਪੈਲੇਸ/ਜਨਮ ਦਿਨ ਦੀਆਂ ਪਾਰਟੀਆਂ ਆਦਿ ਅਤੇ ਹੋਰ ਜਨਤਕ ਥਾਵਾਂ) 'ਤੇ ਚੁੱਕ ਕੇ ਚੱਲਣ ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਇੱਕ ਹੋਰ ਹੁਕਮ ਤਹਿਤ ਜ਼ਿਲ੍ਹਾ ਬਰਨਾਲਾ ਦੀ ਹਦੂਦ ਅੰਦਰ ਚੱਲਣ ਵਾਲੀਆਂ ਸਰਕਾਰੀ ਅਤੇ ਨਿੱਜੀ ਬੱਸਾਂ ਵਿੱਚ ਅਸ਼ਲੀਲ ਗਾਣੇ ਚਲਾਉਣ 'ਤੇ ਪਾਬੰਦੀ ਹੋਵੇਗੀ। ਜੇਕਰ ਅਜਿਹਾ ਕਰਨ ਵਾਲੇ ਬੱਸ ਚਾਲਕ ਜਾਂ ਕੰਡਕਟਰ ਵਿਰੁੱਧ ਸ਼ਿਕਾਇਤ ਪਾਈ ਗਈ ਤਾਂ ਉਸਦੇ ਖਿਲਾਫ਼ ਧਾਰਾ 188 ਤਹਿਤ ਕਾਰਵਾਈ ਕੀਤੀ ਜਾਵੇਗੀ।

## ਹੰਡਿਆਇਆ ਵਿਖੇ ਜ਼ਿਲ੍ਹਾ ਨੈੱਟਬਾਲ ਚੈਂਪੀਅਨਸ਼ਿਪ ਕਰਵਾਈ



ਬਰਨਾਲਾ, 19 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੰਡਿਆਇਆ ਵਿਖੇ ਜ਼ਿਲ੍ਹਾ ਨੈੱਟਬਾਲ ਐਸੋਸੀਏਸ਼ਨ ਬਰਨਾਲਾ ਵੱਲੋਂ 9ਵੀਂ ਸੀਨੀਅਰ ਜ਼ਿਲ੍ਹਾ ਨੈਟਬਾਲ ਚੈਂਪੀਅਨਸ਼ਿਪ ਲੜਕੇ-ਲੜਕੀਆਂ ਕਰਵਾਈ ਗਈ। ਇਸ ਮੌਕੇ ਜ਼ਿਲ੍ਹਾ ਨੈਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਢੀਂਡਸਾ, ਜਨਰਲ ਸਕੱਤਰ ਗਗਨਦੀਪ ਸਿੰਗਲਾ ਨੇ ਦੱਸਿਆ ਕਿ ਲੜਕੇ-ਲੜਕੀਆਂ ਦੀਆਂ 12 ਟੀਮਾਂ ਨੇ ਭਾਗ ਲਿਆ। ਲੜਕਿਆਂ ਦੇ ਵਰਗ ਵਿਚ ਹੰਡਿਆਇਆ ਦੀ ਟੀਮ ਨੇ ਪਹਿਲਾ, ਨੌਜਵਾਨ ਸਪੋਰਟਸ ਕਲੱਬ ਖੁੱਡੀ ਕਲਾਂ ਨੇ ਦੂਜਾ, ਸ਼ੇਰੇ-ਏ-ਪੰਜਾਬ ਸਪੋਰਟਸ ਕਲੱਬ ਹੰਡਿਆਇਆ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੇ ਵਰਗ ਵਿਚ ਲੋਕ ਭਲਾ। ਜੇਤੂ ਟੀਮਾਂ ਨੂੰ ਅੰਤਰਰਾਸ਼ਟਰੀ ਖਿਡਾਰੀ ਰਾਜਪਾਲ ਸਿੰਘ ਬਾਜਵਾ, ਕੋਚ ਸੁਖਪਾਲ ਸਿੰਘ, ਐਸ.ਐਚ.ਓ. ਬਲਵਿੰਦਰ ਸਿੰਘ ਸਿੱਧੂ, ਐਸ.ਆਈ. ਅਵਤਾਰ ਸਿੰਘ, ਅਰਵਿੰਦ ਕੁਮਾਰ, ਏ.ਐਸ.ਆਈ. ਮਨਿੰਦਰ ਸਿੰਘ, ਗੁਰਜੀਤ ਸਿੰਘ ਖੁੱਡੀ, ਬਸਾਵਾ ਸਿੰਘ ਭਰੀ ਐਮ.ਸੀ., ਅਵਤਾਰ ਸਿੰਘ ਸੋਨੀ, ਹਰਪਾਲ ਸਿੰਘ, ਬਲਜਿੰਦਰ ਕੁਮਾਰ, ਹੈਪੀ ਕੁਮਾਰ ਨੇ ਸਨਮਾਨਿਤ ਕੀਤਾ। ਇਸ ਮੌਕੇ ਜਸਵੀਰ ਸਿੰਘ, ਕਮਲਜੀਤ ਸਿੰਘ, ਲਖਵੀਰ ਸਿੰਘ, ਤੇਜਿੰਦਰ ਸਿੰਘ, ਇੰਦਰਜੀਤ ਸਿੰਘ, ਸੋਨੂੰ ਸਿੰਘ, ਦੀਪੂ ਸ਼ਰਮਾ ਅਤੇ ਖਿਡਾਰੀ ਹਾਜ਼ਰ ਸਨ।

## ਬੀਐਸਐਨਐਲ ਦੀ ਰੇਂਜ ਨਾ ਆਉਣ ਕਾਰਨ ਪਿੰਡ ਠਸਕਾ ਵਾਸੀ ਪ੍ਰੇਸ਼ਾਨ



ਖਨੌਰੀ, 19 ਜਨਵਰੀ (ਓਮਪ੍ਰਕਾਸ਼ ਮੁਆਲ) : ਨਜ਼ਦੀਕੀ ਪਿੰਡ ਠਸਕਾ ਵਿੱਚ ਬੀਐਸਐਨਐਲ ਕੰਪਨੀ ਦੀ ਫੋਨਾਂ ਵਿੱਚ ਰੇਂਜ ਨਾ ਆਉਣ ਕਾਰਨ ਪਿੰਡ ਵਾਸੀ ਪ੍ਰੇਸਾਨ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਕਿਸਾਨ ਯੂਨੀਅਨ ਆਗੂ ਖੁਸ਼ਵਿੰਦਰ ਸਿੰਘ ਤੇ ਜਸਵੰਤ ਸਿੰਘ ਨੇ ਦੱਸਿਆ ਕਿ ਉਂਝ ਤਾਂ ਪਿੰਡ ਵਿੱਚ ਸਾਰੀ ਹੀ ਕੰਪਨੀਆਂ ਦੀਆਂ ਸਿਮਾਂ ਦੀਆਂ ਰੇਂਜਾਂ ਦਾ ਬੁਰਾ ਹਾਲ ਹੈ। ਠੰਢ ਵਿੱਚ ਘਰਾਂ ਤੋਂ ਬਾਹਰ ਨਿਕਲ ਕੇ ਜਾਂ ਕੋਠਿਆਂ ਤੇ ਚੜ੍ਹ ਕੇ ਗਲਬਾਤ ਜਾਂ ਮੈਸੇਜ ਕਰਨੇ ਪੈਂਦੇ ਹਨ। ਪ੍ਰੰਤੂ ਬੀਐਸਐਨਐਲ ਕੰਪਨੀ ਦੀਆਂ ਸਿਮਾਂ ਜਿੰਨ੍ਹਾਂ ਨੂੰ ਹੋਰਾਂ ਤੋਂ ਕੁਝ ਸਸਤੀ ਤੇ ਸਰਕਾਰੀ ਹੋਣ ਕਾਰਨ ਲੋਕ ਲੈਂਦੇ ਹਨ ਦਾ ਤਾਂ ਬੁਰਾ ਹੀ ਹਾਲ ਹੈ। ਜਿਸ ਵਿੱਚ ਡਾਟਾ ਤਾਂ ਛੱਡੋ ਕਾਲਿੰਗ ਵੀ ਨਹੀਂ ਹੋ ਰਹੀ ਹੈ। ਜਦੋਂ ਲੋਕ ਗੈਸ ਸਿਲੰਡਰ ਭਰਵਾਉਣ ਲਈ ਜਾਂਦੇ ਹਨ ਤਾਂ ਓ.ਟੀ.ਪੀ.ਨਾ ਆਉਣ ਕਾਰਨ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੋ ਰੇਂਜ ਨਾ ਹੋਣ ਦਾ ਕਾਰਨ ਬਣਦਾ ਹੈ। ਜਿਸ ਕਾਰਨ ਗੈਸ ਸਿਲੰਡਰ ਲੈਣ ਵਿੱਚ ਮੁਸ਼ਕਲ ਆਉਂਦੀ ਹੈ। ਸਾਬਕਾ ਸਰਪੰਚ ਰਾਮਪਾਲ ਸਿੰਘ ਨੇ ਦੱਸਿਆ ਕਿ ਦੂਜੀ ਕੰਪਨੀਆਂ ਨਾਲ ਬੀਐਸਐਨਐਲ ਦੇ ਟਾਵਰ ਵੀ ਨੇੜਲੇ ਪਿੰਡ ਭੁੱਲਣ, ਗੁਲਾੜੀ, ਅਨਦਾਨਾ ਲੱਗੇ ਹੋਏ ਹਨ ਜਿੰਨ੍ਹਾਂ ਦੀ ਰੇਂਜ ਸਾਡੇ ਪਿੰਡ ਆਉਂਦੀ ਹੈ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਮੰਗ ਕੀਤੀ ਹੈ, ਕਿ ਇਨ੍ਹਾਂ ਟਾਵਰਾਂ ਦੀ ਰੇਂਜ ਵਧਵਾਈ ਜਾਵੇ। ਜੇਕਰ ਕੋਈ ਨੁਕਸ ਹੈ, ਤਾਂ ਠੀਕ ਕਰਵਾਇਆ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਪ੍ਰਕਾਰ ਦੀਆਂ ਕੋਈ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸਾਹਿਬ ਸਿੰਘ , ਸੋਹਨ ਸਿੰਘ, ਰੋਹਿਤ ਆਦਿ ਨਾਲ ਪਿੰਡ ਵਾਸੀ ਹਾਜ਼ਰ ਸਨ।

## ਬੀਵੀਐਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਆਈ.ਐਮ.ਓ. ਵਿੱਚ ਸੁਨਹਿਰੀ ਇਤਿਹਾਸ ਰਚਿਆ,

ਬਰਨਾਲਾ, 19 ਜਨਵਰੀ (f ਇਸੇਨ ਕੰਗ)ਬੀਵੀਐਮ ਇੰਟਰਨੈਸ਼ਨਲ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਗਣਿਤ ਓਲੰਪੀਆਡ (ਆਈਐਮਓ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਕਾਬਲੀਅਤ ਸਾਬਤ ਕੀਤੀ ਹੈ। ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਸੋਨ ਤਗਮੇ ਜਿੱਤ ਕੇ ਨਾ ਸਿਰਫ਼ ਸ਼ਹਿਰ ਪੱਧਰ ਤੇ ਸਗੋਂ ਰਾਸ਼ਟਰੀ ਪੱਧਰ ਤੇ ਵੀ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਹ ਪ੍ਰਾਪਤੀ ਇਸ ਗੱਲ ਦਾ ਪ੍ਰਮਾਣ ਹੈ ਕਿ ਬੀਵੀਐਮ ਵਿਖੇ ਸਿੱਖਿਆ ਸਿਰਫ਼ ਪਾਠ-ਪੁਸਤਕਾਂ ਤੱਕ ਸੀਮਤ ਨਹੀਂ ਹੈ, ਸਗੋਂ ਬੱਚਿਆਂ ਨੂੰ ਸੋਚਣ, ਸਮਝਣ ਅਤੇ ਆਤਮਵਿਸ਼ਵਾਸ ਨਾਲ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਇਸ ਸਾਲ ਦੇ 9$® ਸੋਨ ਤਮਗਾ ਜੇਤੂਆਂ ਵਿੱਚ ਸ਼ਾਮਲ ਹਨ: ਕਲਾਸ 1 ਤੋਂ ਸੁਚਿਤ ਸ਼ਿਵਾਂਸ਼ ਅਤੇ ਹਰਸ਼ਵਰਧਨ ਸੈਣੀ; ਦਿਲਸ਼ੇਰ ਸਿੰਘ ਢਿੱਲੋਂ, ਭਾਵਿਕਾ, ਅਤੇ ਭਾਵਿਕ ਗਰਗ ਕਲਾਸ 2 ਤੋਂ ਜਮਾਤ 3 ਤੋਂ ਗੁਰਤੀਰਥ ਸਿੰਘ, ਕਵਨੀਤ ਕੌਰ ਅਤੇ ਨਾਇਰਾ, 4ਵੀਂ ਜਮਾਤ ਤੋਂ ਸ਼੍ਰੇਆ, ਸ਼ੰਟੂ ਸਿੰਗਲਾ ਅਤੇ ਰਿਯਾਂਸ਼ ਮਿੱਤਲ ਅਤੇ 7ਵੀਂ ਜਮਾਤ ਤੋਂ ਸਕਸ਼ਮ ਗਰਗ ਸ਼ਾਮਲ ਹਨ। ਸਕੂਲ ਦੇ ਚੇਅਰਮੈਨ ਸ਼੍ਰੀ ਪ੍ਰਮੋਦ ਅਰੋੜਾ, ਡਾਇਰੈਕਟਰ ਸ਼੍ਰੀਮਤੀ ਗੀਤਾ ਅਰੋੜਾ, ਸ਼੍ਰੀ ਨਿਖਿਲ ਅਰੋੜਾ ਅਤੇ ਸ਼੍ਰੀਮਤੀ ਨੇਹੁਲ ਅਰੋੜਾ ਵੱਲੋਂ ਸਾਰੇ ਜੇਤੂ ਵਿਦਿਆਰਥੀਆਂ ਨੂੰ ਹਾਰਦਿਕ ਵਧਾਈਆਂ ਵੀ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਬੀਵੀਐਮ ਇੰਟਰਨੈਸ਼ਨਲ ਸਕੂਲ ਦਾ ਉਦੇਸ਼ ਸਿਰਫ਼ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਨਾ ਹੀ ਨਹੀਂ ਹੈ, ਸਗੋਂ ਬੱਚਿਆਂ ਨੂੰ ਹਰ ਖੇਤਰ ਵਿੱਚ ਸ਼ਾਨਦਾਰ ਬਣਾਉਣਾ ਵੀ ਹੈ। ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ, ਸਕੂਲ ਦੀ ਪ੍ਰਿੰਸੀਪਲ, ਸ਼੍ਰੀਮਤੀ ਮਨਿੰਦਰਜੀਤ ਕੌਰ ਧਾਲੀਵਾਲ ਨੇ ਕਿਹਾ, ਇਹ ਪ੍ਰਾਪਤੀ ਸਾਡੇ ਵਿਦਿਆਰਥੀਆਂ ਦੇ ਸਮਰਪਣ, ਨਿਰੰਤਰ ਅਭਿਆਸ ਅਤੇ ਉਨ੍ਹਾਂ ਦੇ ਅਧਿਆਪਕਾਂ ਦੇ ਮਾਰਗਦਰਸ਼ਨ ਦਾ ਨਤੀਜਾ ਹੈ। 9$® ਵਿੱਚ ਇਹ ਸ਼ਾਨਦਾਰ ਪ੍ਰਦਰਸ਼ਨ ਇਸ ਗੱਲ ਦਾ ਸਬੂਤ ਹੈ ਕਿ ਜੇਕਰ ਸਹੀ ਦਿਸ਼ਾ, ਸਹੀ ਮਾਰਗਦਰਸ਼ਨ ਅਤੇ ਸਕਾਰਾਤਮਕ ਵਾਤਾਵਰਨ ਦਿੱਤਾ ਜਾਵੇ, ਤਾਂ ਬੱਚੇ ਅਸਾਧਾਰਨ ਪ੍ਰਾਪਤੀਆਂ ਪ੍ਰਾਪਤ ਕਰ ਸਕਦੇ ਹਨ।

## ਮਨਰੇਗਾ ਵਰਕਰਾਂ ਨੂੰ ਕੇਂਦਰੀ ਸਕੀਮਾਂ ਬਾਰੇ ਕੀਤਾ ਜਾਗਰੂਕ: ਧਰਮ ਸਿੰਘ ਫ਼ੌਜੀ



ਬਰਨਾਲਾ, 19 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਬਰਨਾਲਾ ਦੇ ਐਸ ਸੀ ਮੋਰਚਾ ਦੇ ਪ੍ਰਧਾਨ ਅਤੇ ਹਲਕਾ ਭਦੌੜ ਦੇ ਇੰਚਾਰਜ਼ ਧਰਮ ਸਿੰਘ ਫ਼ੌਜੀ ਐਮ ਸੀ ਅਤੇ ਭਾਜਪਾ ਦੇ ਬੀ ਸੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਗੱਖੀ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਜਨ-ਹਿਤਕਾਰੀ ਸਕੀਮਾਂ, ਵਿਸ਼ੇਸ਼ ਤੌਰ 'ਤੇ ਜੀ ਰਾਮ ਜੀ ਸਕੀਮ ਦੇ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂ ਮਨਰੇਗਾ ਵਰਕਰਾਂ ਨੂੰ ਇਹ ਕਹਿ ਕੇ ਗੁੰਮਰਾਹ ਕਰ ਰਹੇ ਹਨ ਕਿ ਇਹ ਸਕੀਮ (ਮਨਰੇਗਾ) ਬੰਦ ਹੋ ਰਹੀ ਹੈ, ਜੋ ਕਿ ਬਿਲਕੁਲ ਝੂਠ ਹੈ। ਉਨ੍ਹਾਂ ਸਪੱਸਟ ਕੀਤਾ ਕਿ ਕੇਂਦਰ ਸਰਕਾਰ ਨੇ ਜੀ ਰਾਮ ਜੀ ਸਕੀਮ ਰਾਹੀਂ ਮਜ਼ਦੂਰਾਂ ਦੇ ਹਿੱਤ ਵਿੱਚ ਵੱਡਾ ਫ਼ੈਸਲਾ ਲੈਂਦਿਆਂ ਰੁਜ਼ਗਾਰ ਦੀ ਗਾਰੰਟੀ 100 ਦਿਨਾਂ ਤੋਂ ਵਧਾ ਕੇ 125 ਦਿਨ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਮੁੱਖ ਉਦੇਸ਼ ਗਰੀਬ ਅਤੇ ਮਿਹਨਤਕਸ਼ ਵਰਗ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨਾ ਹੈ। ਉਨ੍ਹਾਂ ਮਨਰੇਗਾ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਅਫ਼ਵਾਹਾਂ ਤੋਂ ਬਚਣ ਅਤੇ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਜਪਾ ਦਾ ਹਰ ਵਰਕਰ ਸਰਕਾਰ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਵਚਨਬੱਧ ਹੈ। ਉਨ੍ਹਾਂ ਮਨਰੇਗਾ ਵਰਕਰਾਂ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵੀ ਚਰਚਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਅਨੇਕਾਂ ਹੋਰ ਆਗੂ ਅਤੇ ਵਰਕਰ ਵੀ ਮੌਜੂਦ ਸਨ।

## ਬਿਜਲੀ ਕਾਮਿਆਂ ਦੀ ਸੰਘਰਸ਼ਸ਼ੀਲ ਜਥੇਬੰਦੀ ਟੀ.ਐਸ.ਯੂ. ਦਾ ਸੂਬਾਈ ਡੈਲੀਗੇਟ ਇਜਲਾਸ ਸੰਪੰਨ

### ਕੁਲਵਿੰਦਰ ਸਿੰਘ ਢਿੱਲੋਂ ਸੂਬਾ ਪ੍ਰਧਾਨ ਅਤੇ ਨਿਰਮਲ ਸਿੰਘ ਜਨਰਲ ਸਕੱਤਰ, ਸਤਿੰਦਰ ਪਾਲ ਸਿੰਘ ਜੱਸੜ ਬਣੇ ਜਥੇਬੰਦਕ ਸਕੱਤਰ

ਬਰਨਾਲਾ 19 ਜਨਵਰੀ (ਬਘੇਲ ਸਿੰਘ ਧਾਲੀਵਾਲ) ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ.ਨੰ.49) ਦਾ 43ਵਾਂ ਸੂਬਾਈ ਡੈਲੀਗੇਟ ਇਜਲਾਸ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਜਥੇਬੰਦੀ ਦੇ ਸੂਬਾ ਪ੍ਰਧਾਨ ਸਾਥੀ ਰਤਨ ਸਿੰਘ ਮਜਾਰੀ ਵੱਲੋਂ ਜਥੇਬੰਦੀ ਦਾ ਲਾਲ ਸੂਹਾ ਝੰਡਾ ਲਹਿਰਾਉਣ ਨਾਲ ਆਰੰਭ ਹੋਇਆ। ਜਥੇਬੰਦਕ ਇਜਲਾਸ ਦੀ ਸ਼ੁਰੂਆਤ ਵਿੱਚ ਜਥੇਬੰਦੀ ਅਤੇ ਇਨਕਲਾਬੀ ਜਮਹੂਰੀ ਲਹਿਰ ਨੂੰ ਬੇਵਕਤੀ ਵਿਛੋੜਾ ਦੇ ਗਏ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।ਇਸ ਇਜਲਾਸ ਵਿੱਚ ਪਿਛਲੇ ਇਜਲਾਸ 5-6 ਨਵੰਬਰ 2022 ਤੋਂ ਲੈ ਕੇ 3 ਸਾਲ ਤੋਂ ਵੱਧ ਸਮੇਂ ਤੱਕ ਦੀ ਜਥੇਬੰਦਕ ਸਰਗਰਮੀਆਂ ਦੀ ਰਿਪੋਰਟ ਅਤੇ ਭਵਿੱਖ ਦੀ ਕਾਰਜਾਂ ਦੀ ਨਿਸ਼ਾਨਦੇਹੀ ਜਥੇਬੰਦੀ ਦੇ ਜਨਰਲ ਸਕੱਤਰ ਕੁਲਵਿੰਦਰ ਸਿੰਘ ਢਿੱਲੋਂ ਵੱਲੋਂ ਪੇਸ਼ ਕੀਤੀ ਗਈ। ਵਿੱਤ ਰਿਪੋਰਟ ਵਿੱਤ ਸਕੱਤਰ ਲਖਵਿੰਦਰ ਸਿੰਘ ਵੱਲੋਂ ਹਾਊਸ ਸਾਹਮਣੇ ਰੱਖੀ ਗਈ। ਇਜਲਾਸ ਵਿੱਚ ਬਿਜਲੀ ਕਰਮਚਾਰੀਆਂ ਦੀਆਂ ਮੰਗਾਂ ਅਤੇ ਬਿਜਲੀ ਸੋਧ ਬਿੱਲ 2025 ਵਿਰੁੱਧ ਜ਼ੋਰਦਾਰ ਸੰਘਰਸ਼ ਕਰਨ ਦਾ ਐਲਾਨ ਕੀਤਾ ਗਿਆ। ਡੈਲੀਗੇਟ ਇਜਸਾਲ ਵਿੱਚ ਜਨਤਕ ਬਿਜਲੀ ਖੇਤਰ ਉੱਪਰ ਨਿੱਜੀਕਰਨ ਦੇ ਹਮਲਿਆਂ ਵਿਰੁੱਧ, ਪੁਰਾਣੀ ਪੈਨਸ਼ਨ ਬਹਾਲ ਕਰਨ, ਕਰਮਚਾਰੀਆਂ ਦੇ ਮਸਲੇ ਹੱਲ ਨਾ ਕਰਨ ਵਿਰੁੱਧ, ਬਿਜਲੀ ਸੋਧ ਬਿੱਲ 2025 ਵਾਪਸ ਲੈਣ, 29 ਲੇਬਰ ਕੋਡਾਂ ਦੀ ਥਾਂ ਚਾਰ ਲੇਬਰ ਕੋਡਾਂ ਨੂੰ ਲਾਗੂ ਕਰਨ ਵਿਰੁੱਧ, ਪੰਜਾਬ ਅੰਦਰ ਨਸ਼ਿਆਂ ਨੂੰ ਖ਼ਤਮ ਕਰਨ ਵਿਰੁੱਧ, ਮਗਨਰੇਗਾ ਵਰਗੀ ਸਕੀਮ ਦਾ ਸਿਆਸੀਕਰਨ ਅਤੇ ਇਸ ਸਕੀਮ ਦਾ ਭੋਗ ਪਾਉਣ ਖਿਲਾਫ਼, ਪੰਜਾਬ ਦੇ ਕਿਸਾਨਾਂ- ਮਜ਼ਦੂਰਾਂ ਦੇ ਸੰਘਰਸ਼ਾਂ ਦੀ ਹਮਾਇਤ ਸਬੰਧੀ ਮਤੇ ਪਾਸ ਕਰਵਾਏ ਗਏ। ਇਜਲਾਸ ਵਿੱਚ ਅਗਲੇ ਕਾਰਜਕਾਲ ਲਈ ਕੁਲਵਿੰਦਰ ਸਿੰਘ ਢਿੱਲੋਂ ਸੂਬਾ ਪ੍ਰਧਾਨ, ਨਿਰਮਲ ਸਿੰਘ ਸਹਿਜ਼ਵਾਲ ਜਨਰਲ ਸਕੱਤਰ, ਸਰਬਜੀਤ ਸਿੰਘ ਭਾਣਾ ਸੀਨੀਅਰ ਮੀਤ ਪ੍ਰਧਾਨ, ਰਘਬੀਰ ਸਿੰਘ ਰਾਮਗੜ੍ਹ ਮੀਤ ਪ੍ਰਧਾਨ, ਬਰਜਿੰਦਰ ਸ਼ਰਮਾ ਮੀਤ ਪ੍ਰਧਾਨ, ਸੇਵਕ ਸਿੰਘ ਮੋਗਾ ਮੀਤ ਪ੍ਰਧਾਨ, ਲਖਵੰਤ ਸਿੰਘ ਦਿਉਲ ਸਕੱਤਰ, ਨਛੱਤਰ ਸਿੰਘ ਮਾਨ ਸਕੱਤਰ, ਨਿਰਮਲ ਕੁਮਾਰ ਸਕੱਤਰ, ਨਿਰਮਲ ਸਿੰਘ ਨੱਢਾ ਦਫ਼ਤਰੀ ਸਕੱਤਰ, ਪ੍ਰਦੀਪ ਕੁਮਾਰ ਵਿੱਤ ਸਕੱਤਰ ਅਤੇ ਸਤਿੰਦਰਪਾਲ ਸਿੰਘ ਜੱਸੜ ਮੁੱਖ ਜਥੇਬੰਦਕ ਸਕੱਤਰ ਚੁਣੇ ਗਏ। ਸੂਬਾ ਜਥੇਬੰਦਕ ਇਜਲਾਸ ਤੋਂ ਵਾਪਸ ਪਰਤਦਿਆਂ ਸਰਕਲ ਸਕੱਤਰ ਕੁਲਵੀਰ ਸਿੰਘ ਔਲਖ, ਪ੍ਰਗਟ ਸਿੰਘ ਕੋਟਦੁੰਨਾ ਕੁਲਵੰਤ ਸਿੰਘ ਢਿੱਲਵਾਂ, ਕੁਲਵਿੰਦਰ ਸਿੰਘ ਠੀਕਰੀਵਾਲਾ, ਹਾਕਮ ਸਿੰਘ ਨੂਰ, ਰਾਜ ਸਿੰਘ ਧਨੌਲਾ, ਜਸਵਿੰਦਰ ਸਿੰਘ ਚੰਨਣਵਾਲ ਅਤੇ ਮਲਕੀਤ ਸਿੰਘ ਛੀਨੀਵਾਲ ਕਲਾਂ ਨੇ ਸਰਕਲ ਬਰਨਾਲਾ ਨੂੰ ਸਤਿੰਦਰ ਪਾਲ ਸਿੰਘ ਜੱਸੜ ਨੂੰ ਸੂਬਾ ਜਥੇਬੰਦਕ ਸਕੱਤਰ ਦੀ ਵਡੇਰੀ ਜ਼ਿੰਮੇਵਾਰੀ ਪ੍ਰਤੀ ਡੈਲੀਗੇਟਾਂ ਦਾ ਧੰਨਵਾਦ ਕੀਤਾ।

## ਬਰਨਾਲਾ ਸਪੋਰਟਸ ਕਲੱਬ ਵਿੱਚ ਜ਼ਿਲ੍ਹਾ ਪੱਧਰੀ ਸ਼ਤਰੰਜ ਚੈਂਪੀਅਨਸ਼ਿਪ ਸੰਪੰਨ

ਬਰਨਾਲਾ, 19 ਜਨਵਰੀ (ਬਘੇਲ ਸਿੰਘ ਧਾਲੀਵਾਲ) :ਬਰਨਾਲਾ ਜ਼ਿਲ੍ਹਾ ਚੈਸ ਐਸੋਸੀਏਸ਼ਨ ਵੱਲੋਂ ਬਰਨਾਲਾ ਸਪੋਰਟਸ ਕਲੱਬ ਵਿੱਚ ਜ਼ਿਲ੍ਹਾ ਪੱਧਰੀ ਸ਼ਤਰੰਜ (ਚੈਸ) ਚੈਂਪੀਅਨਸ਼ਿਪ ਸਫਲਤਾਪੂਰਵਕ ਸੰਪੰਨ ਹੋਈ। ਇਸ ਚੈਂਪੀਅਨਸ਼ਿਪ ਦੌਰਾਨ ਅੰਡਰ-11, ਅੰਡਰ-15, ਅੰਡਰ-19 ਅਤੇ ਓਪਨ ਸ਼੍ਰੇਣੀਆਂ ਵਿੱਚ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਜ਼ਿਲ੍ਹੇ ਭਰ ਤੋਂ ਆਏ ਖਿਡਾਰੀਆਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ। ਚੈਂਪੀਅਨਸ਼ਿਪ ਦੇ ਜੇਤੂਆਂ ਨੂੰ ਮੁੱਖ ਮਹਿਮਾਨ ਸ਼੍ਰੀ ਵਿਵੇਕ ਸਿੰਧਵਾਨੀ, ਪ੍ਰਧਾਨ ਬਰਨਾਲਾ ਵੈਲਫੇਅਰ ਕਲੱਬ ਤੇ ਜ਼ਿਲ੍ਹਾ ਇੰਚਾਰਜ ਪੰਜਾਬ ਕੇਸਰੀ ਗਰੁੱਪ, ਅਤੇ ਈਸ਼ਵਿੰਦਰ ਝੰਡੂ, ਸਕੱਤਰ ਬਰਨਾਲਾ ਕਲੱਬ ਵੱਲੋਂ ਮੈਡਲ ਪਹਿਨਾ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਉਜਲੇ ਭਵਿੱਖ ਦੀ ਕਾਮਨਾ ਕੀਤੀ ਗਈ। ਇਸ ਮੌਕੇ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦਾ ਵੀ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਵੱਡਾ ਮਹੱਤਵ ਹੈ। ਖਾਸ ਤੌਰ 'ਤੇ ਸ਼ਤਰੰਜ ਇੱਕ ਐਸੀ ਖੇਡ ਹੈ ਜੋ ਜੀਵਨ ਨੂੰ ਸਮਝਦਾਰੀ ਅਤੇ ਰਣਨੀਤੀ ਨਾਲ ਜੀਣਾ ਸਿਖਾਉਂਦੀ ਹੈ।

## ਫਰੀਡਮ ਫਾਇਟਰ, ਉਤਰਾਧਿਕਾਰੀ ਸੰਸਥਾ ਨੇ ਅਮਨ ਅਰੋੜਾ ਦੀ ਕੋਠੀ ਅੱਗੇ ਭਗਤ ਦਾ ਪੁਤਲਾ ਫੂਕਿਆ



ਸੁਨਾਮ ਊਧਮ ਸਿੰਘ ਵਾਲਾ, 19 ਜਨਵਰੀ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) :ਫਰੀਡਮ ਫਾਇਟਰ ਉਤਰਾਧਿਕਾਰੀ ਸੰਸਥਾ ਰਜਿ. 196 ਵੱਲੋਂ ਪਿਛਲੇ ਚਾਰ ਦਿਨਾਂ ਤੋਂ ਹੱਕੀ ਮੰਗਾਂ ਮਨਵਾਉਣ ਲਈ ਅਮਨ ਅਰੋੜਾ ਦੀ ਕੋਠੀ ਨਜ਼ਦੀਕ ਰੇਲਵੇ ਪੁਲ ਨੀਚੇ ਲਗਾਤਾਰ ਧਰਨਾ ਜਾਰੀ ਹੈ ਅੱਜ ਸੰਸਥਾਂ ਵੱਲੋਂ ਦੇਸ਼ ਭਗਤ ਠੀਕਰੀਵਾਲਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੋ ਮਿੰਟ ਦਾ ਮੋਨ ਵਰਤ ਰੱਖਿਆ ਇਸ ਉਪਰੰਤ ਧਰਨੇ ਤੋਂ ਫਰੀਡਮ ਫਾਇਟਰ ਮੰਤਰੀ ਮਹਿੰਦਰ ਭਗਤ ਦਾ ਪੁਤਲਾ ਲੈਕੇ ਅਮਨ ਅਰੋੜਾ ਦੀ ਕੋਠੀ ਵੱਲ ਸੈਂਕੜੇ ਦੀ ਗਿਣਤੀ ਵਿਚ ਫਰੀਡਮ ਫਾਇਟਰ ਪਰਿਵਾਰ ਨਾਹਰੇ ਲਾਉਂਦੇ ਹੋਏ ਕੂਚ ਕੀਤਾਂ ਕੋਠੀ ਨਜ਼ਦੀਕ ਪੁਲਿਸ ਵੱਲੋਂ ਵੈਰੀਗੇਟ ਲਗਾ ਰਸਤਾ ਰੋਕ ਦਿੱਤਾ ਉਥੇ ਹੀ ਸੰਸਥਾਂ ਵੱਲੋਂ ਫਰੀਡਮ ਫਾਇਟਰ ਮੰਤਰੀ ਮਹਿੰਦਰ ਭਗਤ ਦਾ ਪੁਤਲਾ ਫੂਕਿਆ ਗਿਆ ਇਸ ਮੌਕੇ ਸੰਸਥਾ ਦੇ ਸਰਪ੍ਰਸਤ ਹਰਿੰਦਰ ਪਾਲ ਸਿੰਘ ਖਾਲਸਾ ਅਤੇ ਸੂਬਾ ਪ੍ਰਧਾਨ ਚਤਿੰਨ ਸਿੰਘ ਮਾਨਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਬਜ਼ੁਰਗਾਂ ਨੇ ਆਪਣਾ ਤਨ ਮਨ ਧਨ ਕੁਰਬਾਨ ਕਰਕੇ ਦੇਸ਼ ਨੂੰ ਆਜ਼ਾਦ ਕਰਵਾਇਆ ਜਿਸ ਕਾਰਨ ਉਹ ਸਾਡੇ ਪ੍ਰੀਵਾਰਾ ਦਾ ਚੰਗੀ ਪਰਵਰਿਸ਼ ਨਹੀਂ ਕਰ ਸਕੇ ਸਭ ਤੋਂ ਜ਼ਿਆਦਾ ਨੁਕਸਾਨ ਦੂਜੀ ਪੀੜੀ ਦਾ ਹੋਇਆ ਅੱਜ ਇਹ ਸਰਕਾਰ ਚਲਾਉਣ ਵਾਲੇ ਸਾਡੇ ਬਜ਼ੁਰਗਾਂ ਦੀ ਕੁਰਬਾਨੀ ਨੂੰ ਭੁਲ ਚੁੱਕੇ ਹਨ ਆਪ ਕੁਰਸੀਆਂ ਦਾ ਅਨੰਦ ਮਾਣ ਰਹੇ ਹਨ ਸੀਨੀਅਰ ਮੀਤ ਪ੍ਰਧਾਨ ਮੇਜਰ ਸਿੰਘ ਬਰਨਾਲਾ ਨੇ ਕਿਹਾ ਕਿ ਮਹਿੰਦਰ ਭਗਤ ਫਰੀਡਮ ਫਾਇਟਰ ਮੰਤਰੀ ਹਨ ਪਰ ਸਾਡੇ ਪ੍ਰੀਵਾਰਾ ਲਈ ਵਿਧਾਨ ਸਭਾ ਦਾ ਕੈਬਨਿਟ ਵਿੱਚ ਸਾਡੇ ਲਈ ਅਵਾਜ਼ ਨਹੀਂ ਉਠਾਉਂਦੇ ਜਿਸ ਦੇ ਰੋਸ ਵਜੋਂ ਅੱਜ ਉਨ੍ਹਾਂ ਦਾ ਪੁਤਲਾ ਫੂਕਿਆ ਗਿਆ ਬਲਦੇਵ ਸਿੰਘ ਰੋਪੜ ਅਤੇ ਰਘਵੀਰ ਸਿੰਘ ਜਟਾਣਾਂ ਮਾਨਸਾ ਦੋਵੇਂ ਜ਼ਿਲਾ ਪ੍ਰਧਾਨਾ ਨੇ ਬੋਲਦਿਆਂ ਕਿਹਾ ਕਿ ਸਾਡਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਮੁਖ ਮੰਤਰੀ ਸਾਡੇ ਨਾਲ ਬੈਠਕੇ ਗੱਲ ਨਹੀਂ ਕਰਦੇ

## ਜੇ.ਡੀ. ਐਗਰੋ ਗੇਅਰ ਧੂਰੀ ਦੇ ਡਾਇਰੈਕਟਰਾਂ ਨੂੰ ਸਦਮਾ, ਪਿਤਾ ਦਾ ਦੇਹਾਂਤ



ਧੂਰੀ, 19 ਜਨਵਰੀ (ਰਾਜੇਸ਼ਵਰ ਪਿੰਟੂ): ਸਥਾਨਕ ਉਦਯੋਗਪਤੀ ਅਤੇ ਜੇ.ਡੀ. ਐਗਰੋ ਗੇਅਰ ਲਿਮ: ਧੂਰੀ ਦੇ ਡਾਇਰੈਕਟਰਾਂ ਜਸਪਾਲ ਸਿੰਘ, ਦਰਸ਼ਨ ਸਿੰਘ ਅਤੇ ਭੁਪਿੰਦਰ ਸਿੰਘ ਨੂੰ ਉਸ ਵੇਲੇ ਸਦਮਾ ਪੁੱਜਿਆ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਕੁਲਦੀਪ ਸਿੰਘ ਸੱਗੂ ਸਦੀਵੀ ਵਿਛੋੜਾ ਦੇ ਗਏ। ਇਸ ਮੌਕੇ ਅੰਤਿਮ ਯਾਤਰਾ ਵਿੱਚ ਵੱਡੀ ਗਿਣਤੀ ਵਿਚ ਰਾਜਸੀ, ਸਮਾਜਿਕ, ਉਦਯੋਗਪਤੀ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਓ.ਐਸ.ਡੀ. ਸੁਖਵੀਰ ਸਿੰਘ, ਪੰਜਾਬ ਕਨਵੇਅਰ ਦੇ ਸਾਬਕਾ ਚੇਅਰਮੈਨ ਸਤਿੰਦਰ ਸਿੰਘ ਚੱਠਾ, ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਸਲਾਹਕਾਰ ਸਮਿਤ ਸਿੰਘ ਮਾਨ, , ਮੁੱਖ ਮੰਤਰੀ ਕੈਂਪ ਦਫਤਰ ਧੂਰੀ ਦੇ ਇੰਚਾਰਜ ਦਲਬੀਰ ਸਿੰਘ ਢਿੱਲੋਂ ਅਤੇ ਰਾਜਵੰਤ ਸਿੰਘ ਘੁੱਲੀ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਸੂਬਾਈ ਆਗੂ ਅਮਰਦੀਪ ਸਿੰਘ ਧਾਂਦਰਾ, ਦੇਸ਼ ਭਗਤ ਕਾਲਜ ਬਰੜ੍ਹਵਾਲ ਟਰੱਸਟ ਦੇ ਟਰੱਸਟੀ ਐਡਵੋਕੇਟ ਜਤਿੰਦਰ ਸਿੰਘ ਸੋਨੀ ਮੰਡੇਰ, ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਅਕਾਲੀ ਆਗੂ ਗਗਨਜੀਤ ਸਿੰਘ ਬਰਨਾਲਾ, ਐਡਵੋਕੇਟ ਸਿਮਰਪ੍ਰਤਾਪ ਸਿੰਘ ਬਰਨਾਲਾ, ਐਸਜੀਪੀਸੀ ਮੈਂਬਰ ਭੁਪਿੰਦਰ ਸਿੰਘ ਭਲਵਾਨ, ਜਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ, ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ, ਧੂਰੀ ਵਿਕਾਸ ਮੰਚ ਦੇ ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਹੰਸ ਰਾਜ ਬਜਾਜ, ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਦੇ ਚੇਅਰਮੈਨ ਵਿਵੇਕ ਸਿੰਧਵਾਨੀ, ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ, ਜਨਰਲ ਸਕੱਤਰ ਵਿਜੈ ਸਿੰਗਲਾ, ਸੰਜੀਵ ਜੈਨ, ਪ੍ਰੈੱਸ ਟਰੱਸਟ ਪੰਜਾਬ ਦੇ ਮਨੋਹਰ ਸਿੰਘ ਸੱਗੂ, ਸੰਦੀਪ ਸਿੰਗਲਾ, ਹਰਦੀਪ ਸਿੰਘ ਸੋਢੀ, ਨੇ ਦੁੱਖ ਪ੍ਰਗਟ ਕੀਤਾ।

## ਸੇਵਾ ਸਿੰਘ ਠੀਕਰੀਵਾਲਾ ਦੀ ਹਵੇਲੀ ਨਵਿਆਉਣ ਅਤੇ ਸਾਂਭ-ਸੰਭਾਲ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਨਿਰਦੇਸ਼ ਜਾਰੀ

ਬਰਨਾਲਾ (ਠੀਕਰੀਵਾਲਾ), 19 ਜਨਵਰੀ (ਬਘੇਲ ਸਿੰਘ ਧਾਲੀਵਾਲ) :ਪਿੰਡ ਠੀਕਰੀਵਾਲਾ ਵਿੱਚ ਸੇਵਾ ਸਿੰਘ ਠੀਕਰੀਵਾਲਾ ਦੀ ਹਵੇਲੀ ਨਵਿਆਉਣ ਅਤੇ ਸਾਂਭ -ਸੰਭਾਲ ਲਈ ਅਨੁਮਾਨਿਤ ਖਰਚੇ ਸਬੰਧੀ ਦਿਸ਼ਾ ਨਿਰਦੇਸ਼ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਜਾਰੀ ਕਰ ਦਿੱਤੇ ਗਏ ਹਨ, ਜਿਸ ਅਨੁਸਾਰ ਫੰਡਜ਼ ਪੰਜਾਬ ਸਰਕਾਰ ਵੱਲੋਂ ਜਾਰੀ ਕਰ ਦਿੱਤੇ ਜਾਣਗੇ। ਇਨਾਂ ਸ਼ਬਦਾਂ ਦਾ ਪ੍ਰਗਟਾਵਾਂ ਵਿੱਤ ਮੰਤਰੀ ਪੰਜਾਬ ਸ. ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਪਿੰਡ ਠੀਕਰੀਵਾਲਾ ਵਿੱਚ ਪਰਜਾ ਮੰਡਲ ਲਹਿਰ ਦੇ ਮਹਾਨ ਸ਼ਹੀਦ ਸ. ਸੇਵਾ ਸਿੰਘ ਠੀਕਰੀਵਾਲਾ ਜੀ ਦੇ 92ਵੀਂ ਬਰਸੀ ਸਮਾਗਮ ਦੌਰਾਨ ਕੀਤਾ। ਉਨ੍ਹਾਂ ਕੈਬਨਿਟ ਮੰਤਰੀ ਅਮਨ ਅਰੋੜਾ, ਸੰਸਦ ਮੈਂਬਰ ਮੀਤ ਹੇਅਰ ਅਤੇ ਵਿਧਾਇਕ ਮਹਿਲ ਕਲਾਂ ਤੇ ਵਿਸ਼ੇਸ਼ ਅਧਿਕਾਰ ਕਮੇਟੀ (ਵਿਧਾਨ ਸਭਾ) ਦੇ ਚੇਅਰਮੈਨ ਸ. ਕੁਲਵੰਤ ਸਿੰਘ ਪੰਡੋਰੀ, ਚੇਅਰਮੈਨ ਪਲਾਨਿੰਗ ਬੋਰਡ ਬਰਨਾਲਾ ਪਰਮਿੰਦਰ ਸਿੰਘ ਭੰਗੂ ਅਤੇ ਹੋਰ ਆਗੂਆਂ ਸਮੇਤ



ਪਿੰਡ ਠੀਕਰੀਵਾਲਾ ਵਿੱਚ ਮਹਾਨ ਸ਼ਹੀਦ ਸ. ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਿੰਡ ਠੀਕਰੀਵਾਲਾ ਵਿਖੇ ਨਰਸਿੰਗ ਕਾਲਜ ਦਾ ਕੰਮ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇਗਾ। ਵਿੱਤ ਮੰਤਰੀ ਸ੍ਰੀ ਚੀਮਾ ਨੇ ਕਿਹਾ ਕਿ ਜੋ ਭਾਈਚਾਰੇ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੇ ਹਨ ਉਹ ਹਮੇਸ਼ਾ ਅੱਗੇ ਵਧਦੇ ਹਨ ਅਤੇ ਪੰਜਾਬ ਨੂੰ ਆਪਣੇ ਸ਼ਹੀਦਾਂ ਤੋਂ ਅਸ਼ੀਰਵਾਦ ਪ੍ਰਾਪਤ ਹੋਣ ਦਾ ਵਿਲੱਖਣ ਮਾਨ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਸੇਵਾ ਸਿੰਘ ਠੀਕਰੀਵਾਲ ਜੀ ਨੇ ਆਮ ਲੋਕਾਂ ਦੇ ਹੱਕ ਦੀ ਲੜਾਈ ਲੜੀ ਅਤੇ ਪਰਜਾਪਤ ਮੰਡਲ ਦੇ ਨਾਇਕ ਬਣੇ। ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ, ਮੰਤਰੀ ਸ੍ਰੀ ਅਮਨ ਅਰੋੜਾ, ਮੈਂਬਰ ਸੰਸਦ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਸ੍ਰੀ ਕੁਲਵੰਤ ਸਿੰਘ ਪੰਡੋਰੀ ਨੇ ਅੱਜ ਠੀਕਰੀਵਾਲ ਪਿੰਡ ਦੀਆਂ 12.99 ਕਿਲੋਮੀਟਰ ਸੜਕਾਂ ਨੂੰ 959.49 ਲੱਖ ਰੁਪਏ ਦੀ ਲਾਗਤ ਨਾਲ ਬਣਾਉਣ ਸਬੰਧੀ ਨੀਂਹ ਪੱਥਰ ਰੱਖਿਆ। ਠੀਕਰੀਵਾਲ ਤੋਂ ਸ਼ਮਸ਼ਾਨਘਾਟ ਤੱਕ 10 ਫੁੱਟ ਚੌੜੀ ਅਤੇ 0.25 ਕਿਲੋਮੀਟਰ ਲੰਬੀ ਸੜਕ 13 ਲੱਖ ਰੁਪਏ ਦੀ ਲਾਗਤ ਨਾਲ ਅਤੇ ਠੀਕਰੀਵਾਲ ਰਾਇਸਰ ਤੋਂ ਚੁਸ਼ਪਾ ਅਤੇ ਕੁਟੀਆ ਤੱਕ 2. 20 ਕਿਲੋਮੀਟਰ ਦੀ ਲਾਗਤ ਨਾਲ ਸੜਕ ਨਵੀਆਂ ਬਣਾਈਆਂ ਜਾਣਗੀਆਂ। ਠੀਕਰੀਵਾਲ ਤੋਂ ਚੁਹਾਣਕੇ ਖੁਰਦ (ਨਗਰ ਨਿਗਮ ਹੱਦ ਤੱਕ) 3.40 ਕਿਲੋਮੀਟਰ ਲੰਬੀ ਸੜਕ 272 ਲੱਖ ਰੁਪਏ ਦੀ ਲਾਗਤ ਨਾਲ ਚੌੜੀ ਕੀਤੀ ਜਾਵੇਗੀ। ਇਸ ਮੌਕੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੇ ਹਜ਼ਾਰਾਂ ਕਰੋੜਾਂ ਰੁਪਏ ਲਗਾ ਕੇ ਸੂਬੇ ਦਾ ਪਾਣੀ ਸੰਭਾਲਿਆ ਹੈ। ।

## ਬਰਸੀ ਸਬੰਧੀ ਸਾਲਾਨਾ ਸਮਾਗਮ ਅੱਜ ਤੋਂ : ਬਾਬਾ ਦਿਆਲ ਦਾਸ

ਸਹਿਣਾ ਭਦੌੜ, 19 ਜਨਵਰੀ (ਸੁਖਵਿੰਦਰ ਪਲਾਹਾ ) : ਸ੍ਰੀ 108 ਸੰਤ ਬਾਬਾ ਫਲਗੂ ਦਾਸ ਜੀ ਦੀਆਂ ਪੁਰਾਣੀਆਂ ਸਮਾਧਾਂ ਸਹਿਣਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਬਾਬਾ ਚੇਤਨ ਮੁਨੀ ਜੀ ਦੀ 52 ਵੀ ਬਰਸੀ ਨੂੰ ਸਮਰਪਿਤ ਸਾਲਾਨਾ ਸਮਾਗਮ ਵਿਦੇਸ਼ਾਂ ਦੀ ਸੰਗਤ ਨਗਰ ਨਿਵਾਸੀ ਅਤੇ ਡੇਰੇ ਦੇ ਸਮੂਹ ਸ਼ਰਧਾਲੂਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਸ੍ਰੀ 108 ਡੇਰਾ ਸੰਤ ਬਾਬਾ ਫਲਗੂ ਦਾਸ ਜੀ ਸਹਿਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਦਿਆਲ ਦਾਸ ਜੀ ਨੇ ਦੱਸਿਆ ਕਿ ਸਲਾਨਾ ਬਰਸੀ ਸਬੰਧੀ 20 ਜਨਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 22 ਜਨਵਰੀ ਨੂੰ ਪੁਰਾਣੀਆਂ ਸਮਾਧਾਂ ਸਹਿਣਾ ਵਿਖੇ ਆਰੰਭ ਪਾਠਾਂ ਦੇ ਭੋਗ ਪਾਏ ਜਾਣਗੇ, ਉਨ੍ਹਾਂ ਦੱਸਿਆ ਕਿ ਭੋਗ ਉਪਰੰਤ ਸਮਾਗਮ ਵਿੱਚ ਪਹੁੰਚਣ ਵਾਲੀਆਂ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ । ਬਾਬਾ ਫਲਗੂ ਦਾਸ ਜੀ ਦੀਆਂ ਪੁਰਾਣੀਆਂ ਸਮਾਧਾਂ ਸਹਿਣਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਬਾਬਾ ਚੇਤਨ ਮੁਨੀ ਜੀ ਦੀ 52 ਵੀ ਬਰਸੀ ਨੂੰ ਸਮਰਪਿਤ ਸਾਲਾਨਾ ਸਮਾਗਮ ਵਿਦੇਸ਼ਾਂ ਦੀ ਸੰਗਤ ਨਗਰ ਨਿਵਾਸੀ ਅਤੇ ਡੇਰੇ ਦੇ ਸਮੂਹ ਸ਼ਰਧਾਲੂਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਸ੍ਰੀ 108 ਡੇਰਾ ਸੰਤ ਬਾਬਾ ਫਲਗੂ ਦਾਸ ਜੀ ਸਹਿਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਦਿਆਲ ਦਾਸ ਜੀ ਨੇ ਦੱਸਿਆ ਕਿ ਸਲਾਨਾ ਬਰਸੀ ਸਬੰਧੀ 20 ਜਨਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 22 ਜਨਵਰੀ ਨੂੰ ਪੁਰਾਣੀਆਂ ਸਮਾਧਾਂ ਸਹਿਣਾ ਵਿਖੇ ਆਰੰਭ ਪਾਠਾਂ ਦੇ ਭੋਗ ਪਾਏ ਜਾਣਗੇ, ਉਨ੍ਹਾਂ ਦੱਸਿਆ ਕਿ ਭੋਗ ਉਪਰੰਤ ਸਮਾਗਮ ਵਿੱਚ ਪਹੁੰਚਣ ਵਾਲੀਆਂ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।



# ਪਟਿਆਲਾ-ਆਸ/ਪਾਸ



# ਮੁੱਖ ਮੰਤਰੀ ਮਾਨ ਦੀ ਅਗਵਾਈ 'ਚ ਗ਼ਰੀਬਾਂ ਲਈ ਅਹਿਮ ਉਪਰਾਲੇ

## ਡਾ . ਬਲਬੀਰ ਸਿੰਘ ਵੱਲੋਂ 13 ਲੋੜਵੰਦ ਪਰਿਵਾਰਾਂ ਨੂੰ 10 ਲੱਖ ਦੀ ਮਾਲੀ ਸਹਾਇਤਾ

ਪਟਿਆਲਾ, 19 ਜਨਵਰੀ (ਰੁਪਾਣਾ/ਅਮਰਜੀਤ) : ਪੰਜਾਬ ਸਰਕਾਰ ਵੱਲੋਂ ਗ਼ਰੀਬ ਅਤੇ ਲੋੜਵੰਦ ਵਰਗਾਂ ਦੀ ਭਲਾਈ ਲਈ ਕੀਤੇ ਜਾ ਰਹੇ ਠੋਸ ਉਪਰਾਲਿਆਂ ਦੀ ਕੜੀ ਤਹਿਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਖੇਤਰ ਵਿੱਚ 13 ਲੋੜਵੰਦ ਪਰਿਵਾਰਾਂ ਨੂੰ ਪੱਕੇ ਘਰ ਬਣਾਉਣ ਲਈ 10 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਵੰਡ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਹਕੀਕਤ ਬਣਾਉਣ ਵੱਲ ਇੱਕ ਅਹਿਮ ਕਦਮ ਚੁੱਕਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਹਰ ਗ਼ਰੀਬ ਦੇ ਸਿਰ 'ਤੇ ਛੱਤ ਸਿਰਫ਼ ਇੱਕ ਵਾਅਦਾ ਨਹੀਂ, ਸਗੋਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਪੱਕੀ ਨੀਅਤ ਅਤੇ ਸੰਵੇਦਨਸ਼ੀਲ ਸੋਚ ਦਾ ਪ੍ਰਤੀਕ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਗ਼ਰੀਬ ਪਰਿਵਾਰਾਂ ਲਈ ਪੱਕਾ ਘਰ ਸਿਰਫ਼ ਇੱਟਾਂ ਅਤੇ ਸੀਮਿੰਟ ਨਾਲ ਬਣੀ ਇਕ ਇਮਾਰਤ ਨਹੀਂ ਹੁੰਦੀ, ਸਗੋਂ ਇਹ ਸੁਰੱਖਿਆ, ਸਨਮਾਨ ਅਤੇ ਸੁਖਦ ਭਵਿੱਖ ਦੀ ਨੀਂਹ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਸੂਬੇ ਦਾ ਕੋਈ ਵੀ ਗ਼ਰੀਬ ਪਰਿਵਾਰ ਬਿਨਾਂ ਛੱਤ ਦੇ ਨਾ ਰਹੇ। ਇਸ ਦਿਸ਼ਾ ਵਿੱਚ ਸਰਕਾਰ ਲਗਾਤਾਰ ਯੋਜਨਾਬੱਧ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਲੋੜਵੰਦ ਪਰਿਵਾਰਾਂ ਦੀ ਪਛਾਣ ਕਰਕੇ ਉਨ੍ਹਾਂ ਤੱਕ ਸਿੱਧੀ ਮਦਦ ਪਹੁੰਚਾਈ ਜਾ ਰਹੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਿੱਖਿਆ, ਸਿਹਤ, ਰੋਜ਼ਗਾਰ ਅਤੇ ਸਮਾਜਿਕ ਭਲਾਈ ਦੇ ਖੇਤਰਾਂ ਵਿੱਚ ਅਹਿਮ ਕਦਮ ਚੁੱਕੇ ਹਨ। ਗ਼ਰੀਬਾਂ ਲਈ ਘਰ ਮੁਹੱਈਆ ਕਰਵਾਉਣਾ ਇਸੇ ਸੋਚ ਦਾ ਅਹਿਮ ਹਿੱਸਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮੁਹਿੰਮ ਕਿਸੇ ਇੱਕ ਖੇਤਰ ਜਾਂ ਕੁਝ ਪਰਿਵਾਰਾਂ ਤੱਕ ਸੀਮਿਤ ਨਹੀਂ ਰਹੇਗੀ, ਸਗੋਂ ਸੂਬੇ ਭਰ ਵਿੱਚ ਇਸਨੂੰ ਹੋਰ ਤੇਜ਼ੀ ਨਾਲ ਲਾਗੂ ਕੀਤਾ ਜਾਵੇਗਾ। ਡਾ. ਬਲਬੀਰ ਸਿੰਘ ਨੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਇੱਕ ਨਵੇਂ ਦੌਰ ਵਿੱਚ ਦਾਖ਼ਲ ਹੋ ਚੁੱਕਾ ਹੈ। ਮੁੱਖ ਮੰਤਰੀ ਦੀ ਦੂਰਦਰਸ਼ੀ ਸੋਚ ਕਾਰਨ ਸਰਕਾਰ ਦੀ ਹਰ ਯੋਜਨਾ ਦਾ ਕੇਂਦਰ ਆਮ ਨਾਗਰਿਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਹਰ ਪੱਖੋਂ ਮਜ਼ਬੂਤ, ਖੁਸ਼ਹਾਲ ਅਤੇ ਰੰਗਲਾ ਬਣਾਉਣ ਦਾ ਸਫ਼ਰ ਲਗਾਤਾਰ ਜਾਰੀ ਹੈ। ਇਸ ਮੌਕੇ ਲਾਭਪਾਤਰੀ ਪਰਿਵਾਰਾਂ ਨੇ ਪੰਜਾਬ ਸਰਕਾਰ ਅਤੇ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਹਾਇਤਾ ਨਾਲ ਉਨ੍ਹਾਂ ਦਾ ਸਾਲਾਂ ਪੁਰਾਣਾ ਸੁਪਨਾ ਪੂਰਾ ਹੋਣ ਜਾ ਰਿਹਾ ਹੈ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਪੰਜਾਬ ਸਰਕਾਰ ਦੇ ਇਹ ਉਪਰਾਲੇ ਗ਼ਰੀਬ ਵਰਗ ਦੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਲਿਆਉਣਗੇ।

## ਖੇਤਾਂ 'ਚ ਕੰਮ ਕਰ ਰਹੇ ਕਿਸਾਨ ਦੀ ਮੌਤ

ਸਮਾਣਾ, 19 ਜਨਵਰੀ (ਵਿਜੇ ਕੁਮਾਰ) : ਪਿੰਡ ਫਤਿਹਗੜ੍ਹ ਛੰਨਾ ਵਿਖੇ ਖੇਤ ਵਿੱਚ ਕੰਮ ਕਰ ਰਹੇ ਇੱਕ ਕਿਸਾਨ ਦੀ ਵੱਟ ਤੋਂ ਫਿਸਲ ਕੇ ਡਿੱਗਣ ਕਾਰਨ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਗਾਜੇਵਾਸ ਪੁਲਿਸ ਵੱਲੋਂ ਮ੍ਰਿਤਕ ਦੀ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਅਤੇ ਗਾਜੇਵਾਸ ਪੁਲਿਸ ਇੰਚਾਰਜ ਹਰਬੰਸ ਸਿੰਘ ਨੇ ਦੱਸਿਆ ਕਿ ਮ੍ਰਿਤਕ ਜਗਤਾਰ ਸਿੰਘ (47) ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਫਤਿਹਗੜ੍ਹ ਛੰਨਾ ਦੇ ਪਰਿਵਾਰ ਵਾਲਿਆਂ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ, ਉਹ ਆਪਣੇ ਖੇਤ ਵਿੱਚ ਕੰਮ ਕਰ ਰਿਹਾ ਸੀ। ਇਸ ਦੌਰਾਨ ਵੱਟ ਤੋਂ ਲੰਘਦਿਆਂ ਉਹ ਫਿਸਲ ਕੇ ਖੇਤ ਵਿੱਚ ਡਿੱਗ ਗਿਆ ਅਤੇ ਉਸ ਦਾ ਮਣਕਾ ਟੁੱਟ ਗਿਆ। ਬੇਹੋਸ਼ੀ ਦੀ ਹਾਲਤ ਵਿੱਚ ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ ਦਰਜ ਕਰਵਾਏ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 194 ਤਹਿਤ ਕਾਰਵਾਈ ਕਰਦਿਆਂ, ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਦੇਹ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

# ਪਿੰਡ ਸੋਗਲਪੁਰ-ਸੋਨੇਮਾਜਰਾ ਤੱਕ ਸੜਕ 'ਤੇ ਰੋੜੇ ਪੈਣ ਕਾਰਨ ਰਾਹਗੀਰ ਪ੍ਰੇਸ਼ਾਨ



ਘਨੌਰ, 19 ਜਨਵਰੀ (ਰਾਜਿੰਦਰ ਸਿੰਘ ਕੰਬੋਜ) : ਪਿੰਡ ਸੋਗਲਪੁਰ-ਸੋਨੇਮਾਜਰਾ ਟੀ-ਪੁਆਇੰਟ ਤੋਂ ਉਲਾਣਾ ਤੱਕ ਜਾਣ ਵਾਲੀ ਮੁੱਖ ਸੜਕ 'ਤੇ ਮੋਟੇ-ਮੋਟੇ ਰੋੜੇ ਪਾਉਣ ਕਾਰਨ ਆਵਾਜਾਈ ਲਗਭਗ ਠੱਪ ਹੋ ਕੇ ਰਹਿ ਗਈ ਹੈ। ਇਨ੍ਹਾਂ ਰੋੜਿਆਂ ਕਾਰਨ ਦੋ-ਪਹੀਆ ਵਾਹਨ ਚਾਲਕਾਂ, ਸਾਇਕਲ ਸਵਾਰਾਂ ਅਤੇ ਆਮ ਜਨਤਾ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਸੜਕ 'ਤੇ ਸਥਿਤ ਸੋਗਲਪੁਰ ਮਿਡਲ ਸਕੂਲ ਅਤੇ ਉਲਾਣਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਸਭ ਤੋਂ ਵੱਧ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਖਰਾਬ ਸੜਕ ਕਾਰਨ ਕਈ ਵਿਦਿਆਰਥੀ ਡਿੱਗ ਕੇ ਜ਼ਖ਼ਮੀ ਵੀ ਹੋ ਚੁੱਕੇ ਹਨ। ਇਸ ਸਬੰਧੀ ਪਿੰਡ ਸੋਗਲਪੁਰ-ਸੋਨੇਮਾਜਰਾ ਦੇ ਵਸਨੀਕਾਂ ਅਤੇ ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਆਗੂ ਪਵਨ ਕੁਮਾਰ ਸੋਗਲਪੁਰ, ਅਜੀਤ ਕੁਮਾਰ ਸੋਗਲਪੁਰ, ਤਰਸੇਮ ਲਾਲ ਸੋਗਲਪੁਰ, ਮੁਕੇਸ਼ ਖਾਨ ਆਦਿ ਨੇ ਮੰਗ ਕੀਤੀ ਕਿ ਰਾਹਗੀਰਾਂ ਨੂੰ ਤੁਰੰਤ ਰਾਹਤ ਦੇਣ ਲਈ ਸੜਕ 'ਤੇ ਪਏ ਰੋੜਿਆਂ ਉੱਤੇ ਮਿੱਟੀ ਪਾ ਕੇ ਰੋਡ ਰੋਲਰ ਫੇਰ ਕੇ ਰਸਤਾ ਆਵਾਜਾਈਯੋਗ ਬਣਾਇਆ ਜਾਵੇ।ਇਸ ਸਬੰਧੀ ਵਿੱਚ ਜਦੋਂ ਐਸ.ਡੀ.ਓ. ਪੀ.ਡਬਲਿਊ.ਡੀ. ਦਲਜੀਤ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਰੋਡ ਰੋਲਰ ਫੇਰ ਕੇ ਸੜਕ ਨੂੰ ਪੱਧਰਾ ਕਰ ਦਿੱਤਾ ਗਿਆ ਹੈ ਪਰ ਜਦੋਂ ਮੌਕੇ 'ਤੇ ਹਾਲਾਤ ਵੇਖੇ ਗਏ ਤਾਂ ਅਜੇ ਵੀ ਸੜਕ ਉੱਤੇ ਉਹੀ ਹਾਲਤ ਬਣੀ ਹੋਈ ਸੀ ਅਤੇ ਕਿਤੇ ਵੀ ਰੋਲਰ ਫੇਰੇ ਜਾਣ ਦੇ ਕੋਈ ਅਸਾਰ ਨਜ਼ਰ ਨਹੀਂ ਆਏ।ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ ਤਾਂ ਜੋ ਕਿਸੇ ਵੱਡੇ ਹਾਦਸੇ ਤੋਂ ਬਚਿਆ ਜਾ ਸਕੇ।

# ਸੂਰਬੀਰ ਨਾਮਧਾਰੀਆਂ ਦੀ ਕੁਰਬਾਨੀ ਨੂੰ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ : ਪ੍ਰੋ. ਬਡੂੰਗਰ



ਪਟਿਆਲਾ, 19 ਜਨਵਰੀ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਨਾਮਧਾਰੀ ਕੂਕਾ ਲਹਿਰ ਦੇ ਮਰੀਜੀਵੜਿਆਂ ਨੂੰ ਯਾਦ ਕਰਦਿਆਂ ਕਿਹਾ ਕਿ ਨਾਮਧਾਰੀ ਕੂਕਿਆਂ ਨੂੰ ਤੋਪਾਂ ਨਾਲ ਇਸ ਕਰਕੇ ਉਡਾ ਦਿੱਤਾ ਗਿਆ ਕਿਉਂਕਿ ਬਸਤੀਵਾਦੀ ਗੋਰਿਆਂ ਵਿਰੁੱਧ ਜਹਾਦ ਛੇੜ ਕੇ ਕੂਕਾ ਅੰਦੋਲਨ ਦੀ ਨੀਂਹ ਰੱਖਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਅਜਿਹੇ ਮਹਾਨ ਸੂਰਬੀਰ ਨਾਮਧਾਰੀਆਂ ਨੂੰ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਉਨ੍ਹਾਂ ਨੂੰ ਸਮਰਪਿਤ ਸਮਾਗਮ ਉਲੀਕਦੇ ਹੋਏ ਉਨ੍ਹਾਂ ਨੂੰ ਯਾਦ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਮਾਲੇਰਕੋਟਲਾ ਜਮਾਲਪੁਰ ਦੇ ਕੱਲਰ ਵਿਚ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਮਿਸਟਰ ਕੁਵਨੈ ਵੱਲੋਂ ਦਿੱਤੇ ਹੁਕਮ ਤੋਂ ਬਾਅਦ 50 ਨਾਮਧਾਰੀ ਸਿੰਘ ਬਗਾਵਤ ਦੇ ਦੋਸ਼ ਵਿਚ ਕਾਤਲ ਕਰਾਰ ਦੇ ਕੇ ਤੋਪਾਂ ਨਾਲ ਉਡਾਏ ਗਏ ਅਤੇ 1872 ਵਿਚ 16 ਹੋਰ ਕੂਕਿਆਂ ਨੂੰ ਤੋਪ ਨਾਲ ਉਡਾਇਆ ਗਿਆ। ਪ੍ਰੋ. ਬਡੂੰਗਰ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਜਿਹੜੀਆਂ ਲਹਿਰਾਂ ਦਾ ਜ਼ਿਕਰ ਬੜੇ ਸਤਿਕਾਰ ਨਾਲ ਕੀਤਾ ਜਾਂਦਾ ਹੈ, ਉਨ੍ਹਾਂ ਵਿੱਚੋਂ ਇੱਕ ਸਤਿਗੁਰੂ ਰਾਮ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਕੂਕਾ ਲਹਿਰ ਸੀ, ਜਿਸ ਨੂੰ ਨਾਮਧਾਰੀ ਲਹਿਰ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਜਦੋਂ ਸਾਰਾ ਭਾਰਤ ਅੰਗਰੇਜ਼ਾਂ ਦੇ ਮੂਹਰੇ ਝੁਕਿਆ ਪਿਆ ਸੀ, ਉਸ ਦੇ ਵਿਰੋਧ ਦੀ ਕਿਧਰੇ ਕੋਈ ਸੁਰ ਨਹੀਂ ਸੀ ਨਿਕਲ ਰਹੀ, ਉਸ ਵਕਤ ਸਤਿਗੁਰੂ ਰਾਮ ਸਿੰਘ ਨੇ ਪੰਜਾਬ ਵਿੱਚੋਂ ਇਸ ਦਾ ਆਗਾਜ਼ ਕੀਤਾ ਸੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਨਾਮਧਾਰੀ ਕੂਕਿਆਂ ਦੀ ਅਣਖ ਨੂੰ ਟੁੰਬਣ ਵਾਲੇ ਸਤਿਗੁਰੂ ਰਾਮ ਸਿੰਘ ਦੇ ਇਸ ਉਪਰਾਲੇ ਨੇ ਅੰਗਰੇਜ਼ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਨਿਰਸੰਦੇਹ ਸਤਿਗੁਰੂ ਰਾਮ ਸਿੰਘ' ਭਾਰਤ ਦੀ ਅਜ਼ਾਦੀ ਦੀ ਲੜਾਈ ਦੇ ਮੋਢੀ ਸਨ, ਜਿਨ੍ਹਾਂ ਨੇ ਅੰਗਰੇਜ਼ ਸਾਮਰਾਜ ਵਿਰੁੱਧ ਨਾ-ਮਿਲਵਰਤਨ ਅੰਦੋਲਨ ਚਲਾ ਕੇ ਲੋਕਾਂ ਨੂੰ ਭਾਰਤੀ ਬਣਨ, ਭਾਰਤੀ ਰਹਿਣ ਅਤੇ ਭਾਰਤੀ ਵਸਤਾਂ ਦਾ ਪ੍ਰਯੋਗ ਕਰਨ ਲਈ ਪ੍ਰੇਰਿਤ ਕੀਤਾ।

## ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦੇ ਚੌਥਾ ਦਰਜਾ ਮੁਲਾਜ਼ਮ ਗਣਤੰਤਰ ਦਿਵਸ 'ਤੇ ਕਰਨਗੇ ਝੰਡਾ ਮਾਰਚ

ਪਟਿਆਲਾ, 19 ਜਨਵਰੀ (ਚ.ਨ.ਸ.) : ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵਲੋਂ ਮੁਲਾਜਮ ਆਗੂ ਸਾਥੀ ਜਗਮੋਹਨ ਨੋਲੱਖਾ ਦੀ ਅੰਤਮ ਅਰਦਾਸ ਉਪਰੰਤ ਕੱਚੇ ਤੇ ਪੱਕੇ ਚੌਥਾ ਮੁਲਾਜਮਾਂ ਦੀਆਂ ਲੰਬਿਤ ਮੰਗਾਂ ਦਾ ਯਾਦ ਪੱਤਰ ਦੇਣ ਲਈ ਗਣਤੰਤਰਤਾ ਦਿਵਸ ਤੇ ਵਹਿਕਲ ਝੰਡਾ ਮਾਰਚ ਕਰਨ ਦਾ ਕੀਤਾ ਅਹਿਦ, ਇੱਥੇ ਕਰਤਾਰ ਕਾਲੋਨੀ ਅਬਲੋਵਾਲ ਗੁਰਦੁਆਰਾ ਸਾਹਿਬ ਵਿਖੇ ਵੱਖ-ਵੱਖ ਟਰੇਡ ਯੂਨੀਅਨ ਆਗੂਆਂ ਤੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦੇ ਮੁਲਾਜਮਾਂ ਦੇ ਭਾਰੀ ਇਕੱਠ ਵਿੱਚ ਸਾਥੀ ਜਗਮੋਹਨ ਨੋਲੱਖਾ ਦੀ ਬੇਵਕਤੀ ਚਲਾਣੇ ਦੀ ਅੰਤਿਮ ਅਰਦਾਸ ਮੌਕੇ ਭਾਰੀ ਇਕੱਠ ਨੂੰ ਕਾ. ਨਿਰਮਲ ਸਿੰਘ ਧਾਲੀਵਾਲ, ਕਾ. ਦਰਸ਼ਨ ਸਿੰਘ ਲੁਬਾਣਾ, ਕਾ. ਉਤਮ ਸਿੰਘ ਬਾਗੜੀ, ਕਾ. ਰਣਜੀਤ ਸਿੰਘ ਰਾਣਵਾ, ਕਾ. ਮੇਲਾ ਸਿੰਘ ਪੁਨਵਾਲ, ਕਾ. ਜ਼ਸਵਿੰਦਰ ਪਾਲ ਉੱਗੀ, ਵੇਦ ਪ੍ਰਕਾਸ਼ ਜਲੰਧਰ, ਕਾ. ਸੁਭਾਸ਼ ਮੱਟੂ, ਹਰੀ ਸਿੰਘ ਟੋਹੜਾ , ਸੋਹਣ ਸਿੰਘ ਸਿੱਧੂ, ਵੇਦ ਪ੍ਰਕਾਸ਼, ਸੁਭਾਸ਼ ਮੱਟੂ, ਗੁਰਦਰਸ਼ਨ ਸਿੰਘ, ਬਲਜੀਤ ਬਲੀ, ਦਰਸ਼ਨ ਸਿੰਘ ਬੇਲੂਮਾਜਰਾ, ਸ਼ਿਵਚਰਨ, ਗੁਰਦਰਸ਼ਨ ਸਿੰਘ, ਬਲਜਿੰਦਰ ਸਿੰਘ ,ਰਾਮ ਜੋਧਾ, ਸੁਨੀਲ ਦੱਤ ,ਅਰੁਣ ਕੁਮਾਰ ,ਮੋਨਿਕਾ ਕਟਾਰੀਆ ,ਅਜੇ ਕੁਮਾਰ ਸਨੌਰ, ਸਤਨਰਾਇਣ ਗੋਨੀ ,ਆਦਿ ਸ਼ਾਮਿਲ ਸ਼ਰਧਾ ਸੁਮਨ ਭੇਂਟ ਕੀਤੇ। ਇਸ ਮੌਕੇ ਨੋਲੱਖਾ ਦੇ ਅੱਧਰੇ ਕੰਮਾਂ ਨੂੰ ਅੱਗੇ ਤੋਰਦੇ ਹੋਏ ਮੁਲਾਜਮਾਂ, ਪੈਨਸ਼ਨਰਾਂ, ਪੁਰਾਣੀ ਪੈਨਸ਼ਨ ਬਹਾਲੀ ਅਤੇ ਸਮੁੱਚੇ ਕੱਚੇ ਮੁਲਾਜਮਾਂ ਨੂੰ ਪੱਕਾ ਕਰਵਾਉਣ ਦਾ ਜਿੱਥੇ ਅਹਿਦ ਕੀਤਾ ਉੱਥੇ ਹੀ ਮਿਤੀ 26 ਜਨਵਰੀ 2026 ਨੂੰ ਗਣਤੰਤਰ ਦਿਵਸ ਤੇ ਜਿਲਾ ਸਦਰ ਮੁਕਾਮਾ ਤੇ ਵਹਿਕਲ ਝੰਡਾ ਮਾਰਚ ਕਰਕੇ ਝੰਡਾ ਲਹਿਰਾਉਣ ਯਾਦ ਪੱਤਰ ਦੇਣ ਦਾ ਅਹਿਦ ਵੀ ਕੀਤਾ ਗਿਆ। ਮੰਗਾਂ ਸਮੇਤ ਸਾਰੇ ਕੱਚੇ ਮੁਲਾਜਮਾਂ ਦੀਆਂ ਸੇਵਾਵਾਂ ਪੱਕੀਆਂ ਕਰਵਾਉਣ ਦਾ ਅਹਿਦ ਵੀ ਕੀਤਾ ਜਾਵੇਗਾ।

# ਰੋਟਰੀ ਕਲੱਬ ਨੇ ਸਰਕਾਰੀ ਮਿਡਲ ਸਕੂਲ ਦਾਨੀਪੁਰ 'ਚ ਬੈਗ ਵੰਡੇ



ਸਮਾਣਾ, 19 ਜਨਵਰੀ (ਵਿਜੇ ਕੁਮਾਰ/ਜਵੰਦਾ) : ਸਮਾਜ ਸੇਵੀ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਰੋਟਰੀ ਕਲੱਬ ਸਮਾਣਾ ਵੱਲੋਂ ਕਲੱਬ ਪ੍ਰਧਾਨ ਰੋਟੇਰੀਅਨ ਅਰੁਣ ਬਾਂਸਲ ਅਤੇ ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਯਸ਼ ਗਰਗ ਦੀ ਅਗਵਾਈ 'ਚ ਸਰਕਾਰੀ ਮਿਡਲ ਸਕੂਲ ਦਾਨੀਪੁਰ ਵਿਖੇ ਚੌਥਾ ਸਕੂਲ ਬੈਗ ਵੰਡ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ ਗਏ। ਇਸ ਮੌਕੇ ਰੋਟਰੀ ਪ੍ਰਧਾਨ ਅਰੁਣ ਬਾਂਸਲ ਨੇ ਕਿਹਾ ਕਿ ਰੋਟਰੀ ਕਲੱਬ ਹਮੇਸ਼ਾਂ ਸਿੱਖਿਆ ਅਤੇ ਸਮਾਜ ਭਲਾਈ ਨਾਲ ਜੁੜੇ ਕਾਰਜਾਂ ਵਿੱਚ ਸੇਵਾ ਕਰਦਾ ਆਇਆ ਹੈ। ਇਸ ਕਾਰਜ ਲਈ ਸਕੂਲ ਇੰਚਾਰਜ ਮਨਦੀਪ ਸਿੰਘ ਵੱਲੋਂ ਰੋਟਰੀ ਕਲੱਬ ਸਮਾਣਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਇਸ ਮੌਕੇ ਰੋਟੇਰੀਅਨ ਜੀ.ਸੀ. ਗੋਇਲ, ਅਜੈ ਗਰਗ, ਗਗਨ ਗੁਪਤਾ, ਸੁਨੀਲ ਗਰਗ (ਚਿੰਨੂ) ਸਮੇਤ, ਸਕੂਲ ਸਟਾਫ ਅਮਨਦੀਪ ਸਿੰਘ, ਗੁਰਜੀਤ ਸਿੰਘ, ਪਵਨ ਕੁਮਾਰ ਅਤੇ ਰਾਮਨਦੀਪ ਕੌਰ ਮੌਜੂਦ ਸਨ।

# ਬਾਰਾਂਦਰੀ ਗਾਰਡਨ 'ਚ ਮੈਡੀਕਲ ਚੈਕਅੱਪ ਕੈਂਪ ਲਗਾਇਆ



ਪਟਿਆਲਾ, 19 ਜਨਵਰੀ (ਅਮਰਜੀਤ) : ਜਨਹਿਤ ਸਮਿਤੀ ਪਟਿਆਲਾ ਵੱਲੋਂ ਪਾਰਕ ਹਸਪਤਾਲ ਨਾਲ ਮਿਲ ਕੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਬਾਰਾਂਦਰੀ ਗਾਰਡਨ ਵਿਚ ਲਗਾਇਆ ਗਿਆ। ਇਸ ਕੈਂਪ ਵਿੱਚ ਤਕਰੀਬਨ 150 ਵਿਅਕਤੀਆਂ ਨੇ ਆਪਣਾ ਮੈਡੀਕਲ ਚੈੱਕਅਪ ਕਰਵਾਇਆ , ਪਾਰਕ ਹਸਪਤਾਲ ਦੇ ਸਟਾਫ ਵੱਲੋਂ ਸਾਰੇ ਹੀ ਵਿਅਕਤੀਆਂ ਦਾ ਚੈੱਕਅਪ ਕੀਤਾ ਗਿਆ ੭ ਦੁਆ ਸਾਹਿਬ ਵੱਲੋਂ ਸੰਸਥਾ ਦੇ ਸਮਾਜ ਸੇਵੀ ਕੰਮਾਂ ਲਈ ਹਰੇਕ ਤਰਾਂ ਨਾਲ ਮਦਦ ਕਰਨ ਦਾ ਆਸ਼ਵਾਸ਼ਨ ਵੀ ਦਿੱਤਾ ਉਹਨਾਂ ਕਿਹਾ ਕਿ ਜਨਹਿਤ ਸਮਿਤੀ ਆਪਣੇ ਆਪ ਦੇ ਵਿੱਚ ਇੱਕ ਪੂਰਨ ਸੰਸਥਾ ਹੈ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਲਈ ਉਦਾਹਰਨ ਹੈ। ਸਾਨੂੰ ਸਾਰਿਆਂ ਨੂੰ ਜਨਹਿੱਤ ਸਮਿਤੀ ਦੇ ਮੈਂਬਰ ਬਣਨਾ ਚਾਹੀਦਾ ਹੈ, ਤਾਂ ਜੋ ਜਨਹਿੱਤ ਸਮਿਤੀ ਹੋਰ ਵੱਧ ਚੜ ਕੇ ਲੋਕਾਂ ਦੀ ਸੇਵਾ ਕਰ ਸਕੇ। ਡਾਕਟਰ ਹਰੀ ਓਮ ਅਗਰਵਾਲ ਵੱਲੋਂ ਦੱਸਿਆ ਗਿਆ ਕਿ ਸੰਸਥਾ ਹਮੇਸ਼ਾ ਹੀ ਲੋਕਾਂ ਦੇ ਭਲੇ ਦੇ ਕੰਮ ਕਰਦੀ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਸਿਹਤ ਸੰਭਾਲ ਲਈ ਜਾਗਰੂਕ ਕਰਨਾ ਸੰਸਥਾ ਦਾ ਟੀਚਾ ਹੈ। ਇਸੇ ਲੜੀ ਤਹਿਤ ਹਰੇਕ ਹਫਤੇ ਬਾਰਾਦਰੀ ਗਾਰਡਨ ਦੇ ਵਿੱਚ ਮੈਡੀਕਲ ਚੈੱਕਅਪ ਕੈਂਪ ਲਗਾਏ ਜਾਂਦੇ ਹਨ, ਉਹਨਾਂ ਦੱਸਿਆ ਕਿ ਸੰਸਥਾ ਵੱਲੋਂ ਲਗਾਤਾਰ ਸਮਾਜ ਸੇਵਾ ਦੇ ਭਲਾਈ ਦੇ ਕੰਮ ਜਿਵੇਂਕਿ ਮੁਫਤ ਐਂਬੂਲੈਂਸ ਸਰਵਿਸ, ਮੁਫਤ ਕੰਪਿਊਟਰ ਸਿੱਖਿਆ, ਮੁਫਤ ਸਿਲਾਈ ਸਿੱਖਿਆ ਅਤੇ ਮਰੀਜ਼ਾਂ ਦੀ ਮਦਦ ਕਰਨਾ ਸ਼ਾਮਿਲ ਹੈ। ਸੰਸਥਾ ਦੇ ਜਨਰਲ ਸਕੱਤਰ ਵਿਨੋਦ ਸ਼ਰਮਾ ਵੱਲੋਂ ਸੰਸਥਾ ਦੇ ਕੰਮਾਂ ਬਾਰੇ ਦੱਸਦਿਆਂ ਕਿਹਾ ਕਿ ਅੱਜ ਜਿੱਥੇ ਸੰਸਥਾ ਵੱਲੋਂ ਇਹ ਕੈਂਪ ਲਗਾਇਆ ਗਿਆ ਹੈ, ਉੱਥੇ ਹੀ ਸੰਸਥਾ ਵੱਲੋਂ ਹੜ੍ਹ ਵਾਲੇ ਏਰੀਏ ਵਿੱਚ ਜਾ ਕੇ ਲੋਕਾਂ ਨੂੰ ਰਾਸ਼ਨ ਅਤੇ ਹੋਰ ਸਮਾਨ ਵੰਡਿਆ ਜਾਂਦਾ ਹੈ। ਸਮਾਜ ਸੇਵੀ ਜਗਤਾਰ ਜੱਗੀ ਨੇ ਪਾਰਕ ਹਸਪਤਾਲ ਪਟਿਆਲਾ ਦੀ ਟੀਮ ਦਾ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਮਰੀਜ਼ਾਂ ਦੀ ਹੋਰ ਵੀ ਜਾਂਚ ਪਾਰਕ ਹਸਪਤਾਲ ਵਿੱਚ ਮੁਫਤ ਵਿੱਚ ਕੀਤੀ ਜਾਵੇਗੀ, ਜਿਸ ਵਿੱਚ ਦਿਲ ਦੇ ਟੈਸਟ ਕੀਤੇ ਜਾਣਗੇ। ਕੈਂਪ ਵਿਚ ਹੱਡੀਆਂ ਦੀ ਜਾਂਚ ਦਾ ਕੈਂਪ ਵੀ ਲਗਾਇਆ ਗਿਆ। ਇਸ ਮੌਕੇ ਮੁੱਖ ਤੌਰ 'ਤੇ ਪਹੁੰਚਿਆ ਸ਼ਖ਼ਸੀਅਤਾਂ ਵਿੱਚ ਡਾਕਟਰ ਡਾਕਟਰ ਅਵਨੀਸ਼ ਹੈਲਦੀ ਬੇਬੀ, ਡਾਕਟਰ ਜਤਿਨ, ਸਡਾਣਾ ਬਰਦਰ, ਡਾਕਟਰ ਹਰਸਿਮਰਨ ਸਿੰਘ, ਪੀਆਰਓ ਕਰਮਜੀਤ ਸਿੰਘ, ਐਡਵੋਕੇਟ ਜਸਵਿੰਦਰ ਗਰੇਵਾਲ, ਜੀ ਐਸ ਬੇਦੀ, ਜੇ ਪੀ ਐਸ ਸੇਠੀ, ਜੀਵਨ ਗਰਗ, ਡਾ. ਉਮਾ ਵਾਲੀਆ, ਪ੍ਰੋਫੈਸਰ ਸ਼ਰਮਾ, ਚਮਨ ਲਾਲ ਗਰਗ , ਭਾਰਤੀ ਜੀ, ਵਿਵੇਕ ਜੈਨ, ਬਿਮਲ ਚੋਪੜਾ, ਪ੍ਰੋਫੈਸਰ ਐਸ ਸੀ ਵਰਮਾ ,ਹਰਪਾਲ ਮਾਨ, ਮਨਿੰਦਰ, ਗਗਨਦੀਪ ਸਿੰਘ, ਸਤੀਸ਼ ਜੋਸ਼ੀ ਅਤੇ ਪਾਰਕ ਹਸਪਤਾਲ ਪਟਿਆਲਾ ਦੀ ਪੂਰੀ ਟੀਮ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਈ।

## ਪਬਲਿਕ ਕਾਲਜ ਦੇ ਆਈ.ਕਿਊ.ਏ. ਸੈਲ ਵੱਲੋਂ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ

ਸਮਾਣਾ, 19 ਜਨਵਰੀ (ਵਿਜੇ ਕੁਮਾਰ) : ਪਬਲਿਕ ਕਾਲਜ ਸਮਾਣਾ ਦੇ ਆਈ.ਕਿਊ.ਏ.ਸੈਲ ਵੱਲੋਂ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਹੈ, ਜੋ 15 ਜਨਵਰੀ ਤੋਂ 21 ਜਨਵਰੀ ਤੱਕ ਚੱਲੇਗਾ। ਪਹਿਲੇ ਦਿਨ 15 ਜਨਵਰੀ ਨੂੰ ਇਸ ਐਫ.ਡੀ.ਪੀ. ਦਾ ਆਗਾਜ਼ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਐਫ.ਡੀ.ਪੀ. ਵਿੱਚ ਹਿੱਸਾ ਲੈਣ ਵਾਲੇ ਪਬਲਿਕ ਕਾਲਜ ਦੇ ਅਤੇ ਹੋਰਨਾਂ ਕਾਲਜਾਂ ਦੇ ਅਧਿਆਪਕਾ ਨੂੰ ਜੀ ਆਇਆ ਕਿਹਾ। ਉਦਘਾਟਨੀ ਸੈਸ਼ਨ ਵਿੱਚ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਅੱਜ ਦੇ ਸਮੇਂ ਅਜਿਹੀਆਂ ਮਲਟੀਡਿਸੀਪਲਨਰੀ ਐਫ.ਡੀ.ਪੀ. ਦਾ ਮਹੱਤਵ ਦੱਸਦਿਆਂ ਪ੍ਰਬੰਧਕੀ ਕਮੇਟੀ ਦੀ ਵੀ ਸ਼ਲਾਘਾ ਕੀਤੀ। ਇਸ ਪ੍ਰੋਗਰਾਮ ਵਿਚ 65 ਦੇ ਕਰੀਬ ਅਧਿਆਪਕ ਹਿੱਸਾ ਲੈ ਰਹੇ ਹਨ। ਐਫ.ਡੀ.ਪੀ. ਦੇ ਪਹਿਲੇ ਦਿਨ ਡਾ. ਨੈਨਾ ਸ਼ਰਮਾ, ਸਾਇਕਾਲੋਜੀ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸਵੇਰ ਅਤੇ ਸ਼ਾਮ ਦੇ ਸੈਸ਼ਨ ਵਿੱਚ ਡਾ. ਹਰਮਿੰਦਰ ਭਾਰਤੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸਟਾਫ ਦੇ ਗਿਆਨ ਵਿੱਚ ਵਾਧਾ ਕੀਤਾ। 16 ਜਨਵਰੀ ਨੂੰ ਸਵੇਰ ਦੇ ਸੈਸ਼ਨ ਵਿੱਚ ਡਾ. ਹਰਕੀਰਤਨ ਕੌਰ ਪਬਲਿਕ ਕਾਲਜ ਤੋਂ ਅਤੇ ਸ਼ਾਮ ਦੇ ਸੈਸ਼ਨ ਵਿੱਚ ਡਾ. ਲਲਿਤ ਸਿੰਗਲਾ, ਪ੍ਰੋਫ਼ਸਰ ਅਤੇ ਮੁੱਖੀ ਬੀ.ਬੀ.ਏ. ਵਿਭਾਗ, ਮਹਾਂਰਿਸ਼ੀ ਮਾਰਕੇਨਡੇਸ਼ਵਰ ਯੂਨੀਵਰਸਿਟੀ, ਅੰਬਾਲਾ ਨੇ ਆਪਣੇ ਵਿਚਾਰ ਸਾਂਝੇ ਕੀਤੇ। 17 ਜਨਵਰੀ ਸਵੇਰ ਦੇ ਸੈਸ਼ਨ ਵਿੱਚ ਫੈਲਿਕਸ ਭਾਰਤੀ, ਪ੍ਰੋਫੈਸਰ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਅਤੇ ਸ਼ਾਮ ਦੇ ਸੈਸ਼ਨ ਵਿਚ ਮੈਡਮ ਵਿਸ਼ੂ ਗਿੱਲ ਫੈਕਲਟੀ ਸੀ.ਆਈ.ਐਚ.ਐਮ. ਚੰਡੀਗੜ੍ਹ ਨੇ ਆਪਣੇ ਵਿਚਾਰ ਸਾਂਝੇ ਕੀਤੇ।

## ਹੈਰੋਇਨ ਦਾ ਨਸ਼ਾ ਕਰਦਾ ਨੌਜਵਾਨ ਕਾਬੂ

ਸਮਾਣਾ, 19 ਜਨਵਰੀ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਹੈਰੋਇਨ ਦਾ ਨਸ਼ਾ ਕਰਦੇ ਇੱਕ ਨੌਜਵਾਨ ਨੂੰ ਲਾਈਟਰ, ਫੁਆਇਲ ਪੇਪਰ ਅਤੇ ਪਾਈਪ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਰਾਕੇਸ਼ ਕੁਮਾਰ ਵਾਸੀ ਮਲਕਾਣਾ, ਸਮਾਣਾ ਵਜੋਂ ਹੋਈ ਹੈ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਬ-ਇੰਸਪੈਕਟਰ ਕੁਲਦੀਪ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਅਗਰਸੈਨ ਚੌਕ ਵਿੱਚ ਮੌਜੂਦ ਸਨ। ਉਸ ਸਮੇਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਾਮਧਾਰੀ ਕਲੋਨੀ ਨੇੜੇ 'ਚਿੱਟੀ ਢੇਰੀ' 'ਤੇ ਬੈਠਾ ਨਸ਼ੇ ਦਾ ਸੇਵਨ ਕਰ ਰਿਹਾ ਹੈ। ਪੁਲਿਸ ਪਾਰਟੀ ਵੱਲੋਂ ਮੌਕੇ 'ਤੇ ਕੀਤੀ ਛਾਪੇਮਾਰੀ ਦੌਰਾਨ ਇੱਕ ਲਾਈਟਰ, ਇੱਕ ਫੁਆਇਲ ਪੇਪਰ ਅਤੇ ਇੱਕ ਫੁਆਇਲ ਪਾਈਪ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਅਧਿਕਾਰੀ ਅਨੁਸਾਰ, ਮਾਨਯੋਗ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮੁਲਜ਼ਮ ਨੂੰ ਨਸ਼ਾ ਛੁਡਾਊ ਕੇਂਦਰ ਭੇਜ ਦਿੱਤਾ ਗਿਆ ਹੈ।

# ਡਾ. ਰਵੀਦਿੱਤ ਸਿੰਘ ਵੱਲੋਂ ਲਿਖੀ ਕਿਤਾਬ ਗਾਇਕ ਸਤਿੰਦਰ ਸਰਤਾਜ ਨੇ ਕੀਤੀ ਲੋਕ ਅਰਪਣ




ਪਟਿਆਲਾ, 19 ਜਨਵਰੀ (ਜਵੰਦਾ) : ਡਾ. ਰਵੀਦਿੱਤ ਸਿੰਘ ਵੱਲੋਂ ਲਿਖੀ ਕਿਤਾਬ 'ਮਹਿੰਦਰ ਸਿੰਘ ਰੰਧਾਵਾ' ਉਨ੍ਹਾਂ ਦੀ ਬੇਟੀ ਆਸ਼ਾ ਅਤੇ ਪੰਜਾਬੀ ਇੰਡਸਟਰੀ ਦੇ ਸਿਰਮੌਰ ਕਲਾਕਾਰ ਅਤੇ ਗਾਇਕ ਸਤਿੰਦਰ ਸਰਤਾਜ ਵੱਲੋਂ ਚੰਡੀਗੜ੍ਹ ਵਿਖੇ ਉਨ੍ਹਾਂ ਦੀ ਰਿਹਾਇਸ਼ 'ਤੇ ਲੋਕ ਅਰਪਣ ਕੀਤੀ ਗਈ। ਇਸ ਕਿਤਾਬ ਵਿਚ ਮਹਿੰਦਰ ਸਿੰਘ ਰੰਧਾਵਾ ਦੇ ਸਾਰੇ ਕੰਮਾਂ ਨੂੰ ਇਕ ਖੋਜ ਰਾਹੀਂ ਇੱਕਠਾ ਕੀਤਾ ਗਿਆ ਹੈ। ਡਾ. ਰੰਧਾਵਾ ਅਜ਼ਾਦ ਭਾਰਤ ਵਿਚ ਦਿੱਲੀ ਦੇ ਪਹਿਲੇ ਚੀਫ ਕਮਿਸ਼ਨਰ ਸਨ ਜਿਨ੍ਹਾਂ ਨੇ ਲਾਲ ਕਿਲੇ ਤੋਂ ਅਜ਼ਾਦ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਵੱਲੋਂ ਦਿਤੇ ਜਾਣ ਵਾਲੇ ਭਾਸ਼ਣ ਦਾ ਪ੍ਰਬੰਧ ਆਪਣੀ ਦੇਖ -ਰੇਖ ਵਿਚ ਕਰਵਾਇਆ ਸੀ। ਹਰੀ ਕ੍ਰਾਂਤੀ ਅਤੇ ਡੇਅਰੀ ਫਾਰਮ ਨੂੰ ਪ੍ਰਫੁੱਲਤ ਕਰਨ ਦਾ ਵੀ ਕੰਮ ਕੀਤਾ । ਸੋਭਾ ਸਿੰਘ ਦੇ ਚਿੱਤਰਾਂ ਦੀ ਪ੍ਰਦਸ਼ਰਨੀ ਹੋਵੇ ਭਾਵੇਂ ਅੰਮ੍ਰਿਤਾ ਪ੍ਰੀਤਮ ਵਰਗੀ ਸਾਹਿਤਕਾਰ ਦੀ ਮਦਦ ਕਰਨੀ ਹੋਵੇ ਓਦੋ ਇਕੋ ਨਾਮ ਸੀ ਮਹਿੰਦਰ ਸਿੰਘ ਰੰਧਾਵਾ । ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਪਹਿਲਾ ਚੀਫ ਕਮਿਸ਼ਨਰ ਹੋਣ ਦੇ ਨਾਲ-ਨਾਲ ਇਸ ਸ਼ਹਿਰ ਨੂੰ ਖ਼ੂਬਸੂਰਤ ਦਿੱਖ ਦੇਣ ਲਈ 100 ਤਰ੍ਹਾਂ ਦੇ ਗੁਲਾਬ ਅਤੇ ਅਮਲਤਾਸ ਵਰਗੇ ਸੋਹਣੇ ਬੂਟੇ ਲੁਆ ਕੇ ਸ਼ਹਿਰ ਨੂੰ ਖ਼ੂਬਸੂਰਤ ਬਣਾਇਆ। ਜਿਹੜੇ ਅੱਜ ਕੱਲ ਅਸੀਂ ਆਰਟ ਗੈਲਰੀਆਂ ਦੇਖਦੇ ਹਾਂ ਉਹਨਾਂ ਨੂੰ ਸਿਰਜਣਵਾਲਾ ਵੀ ਐਮ ਐਸ ਰੰਧਾਵਾ ਹੀ ਸੀ। ਡਾ. ਰਵੀਦਿੱਤ ਨੇ ਰੰਧਾਵਾ ਸਾਹਿਬ ਦੀ ਬੇਟੀ ਅਤੇ ਉਹਨਾਂ ਦੇ ਪਰਿਵਾਰ ਦਾ ਧੰਨਵਾਦ ਕੀਤਾ। ਮੌਕੇ 'ਤੇ ਮੌਜੂਦ ਸਤਿੰਦਰ ਸਰਤਾਜ ਦਾ ਵੀ ਉਹਨਾਂ ਬਹੁਤ ਧੰਨਵਾਦ ਕੀਤਾ । ਸਤਿੰਦਰ ਸਰਤਾਜ ਖੁਦ ਡਾ. ਰੰਧਾਵਾ ਦੇ ਪ੍ਰਸ਼ੰਸਕ ਹਨ।ਇਨ੍ਹਾਂ ਤੋਂ ਇਲਾਵਾ ਕੁਕੂ ਰੰਧਾਵਾ, ਪ੍ਰਿਤਪਾਲ ਸਿੰਘ ਸੋਨੀ , ਬੌਬੀ ਬੋਦਲਾ, ਸਤਿੰਦਰ ਸਿੰਘ ਬੋਦਲਾ,ਡਾ ਸ਼ਾਹਬਾਜ, ਜਸਰੀਤ ਯੂ ਐਸ ਏ, ਪ੍ਰੋ. ਮਨਦੀਪ ਹੁਸ਼ਿਆਰਪੁਰ ਅਤੇ ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

## ਜ਼ਿਲ੍ਹਾ ਖਜ਼ਾਨਾ ਦਫਤਰ ਅੱਗੇ ਪੱਕਾ ਮੋਰਚਾ 23 ਤੋਂ 26 ਤੱਕ ਲਗਾਉਣ ਦਾ ਐਲਾਨ

ਪਟਿਆਲਾ, 19 ਜਨਵਰੀ (ਚ.ਨ.ਸ.) : ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਮੰਡੋਲੀ ਅਤੇ ਸੂਬਾ ਸਕੱਤਰ ਬੀ.ਐਸ. ਲੂੰਬਾ ਨੇ ਸਾਂਝਾ ਪ੍ਰੈਸ ਨੋਟ ਜਾਰੀ ਕਰਕੇ ਦੱਸਿਆ ਕਿ ਜਿਹੜੇ ਕਿਰਤੀ ਕਾਮੇ 30-30 ਸਾਲ ਲਗਾਤਾਰ ਵਣ ਵਿਭਾਗ ਪੰਜਾਬ ਅੰਦਰ ਕੰਮ ਕਰਦੇ ਆ ਰਹੇ ਸੀ। ਘੱਟੋ-ਘੱਟ ਉਜਰਤਾ ਦੀ ਤਨਖਾਹਾਂ ਪਰ ਕੁੱਝ ਫੈਸਲੇ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਤਰਫੋਂ ਮੇਹਨਤਕਸ਼ ਕਿਰਤੀ ਕਾਮਿਆਂ ਦੇ ਹੱਕ ਵਿੱਚ ਆ ਗਏ ਫੈਸਲੇ ਸੀ। ਕੱਚੇ ਦਿਹਾੜੀਦਾਰ ਵਰਕਰਾਂ ਨੂੰ ਬਣਦਾ ਏਰੀਅਰ ਬਕਾਇਆ ਜਾਰੀ ਕਰਨਾ, ਜਿਨ੍ਹਾਂ ਕਾਮਿਆਂ ਦੀ ਸਰਵਿਸਜ਼ 10 ਸਾਲ ਹੋ ਗਈ ਸੀ ਪਰ ਪੰਜਾਬ ਦੇ ਵਿੱਤ ਵਿਭਾਗ ਨੇ ਹੋਰ ਥਾਵਾਂ 'ਤੇ ਪੰਜਾਬ ਦੇ ਹੋਰ ਜ਼ਿਲ੍ਹਿਆਂ ਅੰਦਰ ਖਜ਼ਾਨਾਂ ਅਫਸਰਾਂ ਵੱਲੋਂ ਬਣਦਾ ਏਰੀਅਰ ਬਕਾਇਆ ਜਾਰੀ ਕਰ ਦਿੱਤਾ ਹੈ ਪਰ ਪਟਿਆਲਾ ਜ਼ਿਲ੍ਹੇ ਅੰਦਰ ਇਹ ਏਰੀਅਰ ਬਕਾਇਆ ਪੈਂਡਿੰਗ ਹੀ ਰੱਖ ਰੱਖਿਆ ਹੈ। ਜਥੇਬੰਦੀ ਦੇ ਆਗੂ ਲਗਾਤਾਰ ਖਜ਼ਾਨਾ ਅਫਸਰਾਂ ਦੇ ਅਮਲੇ ਨਾਲ ਸੰਪਰਕ ਕਰ ਰਹੇ ਹਨ। ਕਿਰਤੀ ਕਾਮਿਆਂ ਅੰਦਰ ਬਹੁਤ ਨਿਰਾਸ਼ਾ ਹੈ। ਸਾਡੀ ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਮਿਤੀ 22 ਜਨਵਰੀ 2026 ਨੂੰ ਇੱਕ ਦਿਨ ਰੋਸ ਧਰਨਾ ਲੱਗਾ ਕੇ ਅਗਲੇ ਦਿਨ ਮਿਤੀ 23 ਜਨਵਰੀ 2026 ਤੋਂ ਲਗਾਤਾਰ ਅਣਮਿੱਥੇ ਸਮੇਂ ਲਈ ਪੱਕਾ ਮੋਰਚਾ ਜ਼ਿਲ੍ਹਾ ਖਜ਼ਾਨਾ ਅਫਸਰ ਪਟਿਆਲਾ ਦੇ ਦਫ਼ਤਰ ਅੱਗੇ ਸ਼ੁਰੂ ਕਰੇਗੀ, ਜਿਸ ਦੇ ਨਿਕਲਣ ਵਾਲੇ ਸਾਰੇ ਸਿਟਿਆਂ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਦੀ ਹੋਵੇਗੀ। ਇਸ ਰੋਸ ਮੋਰਚੇ ਵਿੱਚ ਵੱਡੀ ਗਿਣਤੀ ਵਿੱਚ ਕਿਰਤੀ ਕਾਮੇ ਭਾਗ ਲੈਣਗੇ।

## ਨਟਾਸ ਵੱਲੋਂ 'ਯੁੱਧ ਨਸ਼ਿਆ ਵਿਰੁੱਧ' ਨਾਟਕ ਦੀ 37ਵੀਂ ਪੇਸ਼ਕਾਰੀ ਮੌਕੇ ਹਰਚੰਦ ਸਿੰਘ ਬਰਸਟ ਤੇ ਵਿਜੇ ਗੋਇਲ ਵੱਲੋਂ ਕਲਾਕਾਰ ਦਾ ਸਨਮਾਨ



ਪਟਿਆਲਾ, 19 ਜਨਵਰੀ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦੰਪਤੀ ਪਦਮਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ ∴ ਸਟੇਟ ਅਵਾਰਡੀ ਸ਼੍ਰੀਮਤੀ ਸੁਨੀਤਾ ਸੱਭਰਵਾਲ ਵੱਲੋਂ ਵਿਜੇ ਗੋਇਲ ਪ੍ਰਧਾਨ ਸਿਰਕੱਢ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਟੇਟ ਕਾਲਜ ਵਿਖੇ ਆਯੋਜਿਤ ਲੋਹੜੀ ਜਸ਼ਨ 'ਤੇ ਮੌਜੂਦ ਭਰਵੀਂ ਹਾਜਰੀ ਵਿੱਚ ਪੇਸ਼ ਆਪਣੇ ਨਾਟਕ'ਯੁੱਧ ਨਸ਼ਿਆਂ ਵਿਰੁੱਧ ਦੀ 37ਵੀਂ ਪੇਸ਼ਕਾਰੀ ਨੂੰ ਭਰਵਾਂ ਹੁੰਗਾਰਾ ਮਿਲਿਆ. ਸਮਾਗਮ ਦ ਮੁੱਖ ਮਹਿਮਾਨ ਹਰਮਨ ਪਿਆਰੀ ਸ਼ਖਸੀਅਤ, ਕਲਾ ਸਰਪਰਸਤ ਸ੍ਰ: ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਅਣਥਕ ਨਿਆਰੀ ਸਮਾਜਿਕ ਸ਼ਖਸੀਅਤ ਸ਼੍ਰੀ ਵਿਜੇ ਗੋਇਲ ਪ੍ਰਧਾਨ ਉਦਮੀ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਅਤੇ ਸਾਥੀਆਂ ਨੇ ਨਟਾਸ ਦੇ ਪ੍ਰਧਾਨ ਸਾਹਿਤ ਕਲਾ ਸਰਪਰਸਤ ਪੰਜਾਬ ਸਰਕਾਰ ਅਵਾਰਡੀ ਸ੍ਰ: ਗੁਰਬਚਨ ਸਿੰਘ ਕੱਕੜ, ਪਦਮ ਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ, ਸਿਰੜੀ ਕਲਾਕਾਰਾਂ ਸੁਭਾਸ਼ ਭਗਤ, ਮੈਡਮ ਪਰਮਜੀਤ ਕੌਰ, ਸਿਮਰਨ ਸਰਨਾ, ਗਾਇਕ ਕਮਪੋਜ਼ਰ ਅਦਾਕਾਰ ਗਿੱਲ ਦੀਪ (ਟਿੰਮੀ), ਅੰਮ੍ਰਿਤਪਾਲ ਸਿੰਘ, ਬਲਜੀਤ ਚੰਦ, ਅੰਮ੍ਰਿਤਪਾਲ ਸਿੰਘ ਨੂੰ ਸਿਲਵਰ ਜੁਬਲੀ ਅਵਾਰਡ ਆਫ ਆਨਰ ਨਾਮ ਜੜਿਤ ਮਮੈਂਟੋ, ਉਪਹਾਰ ਭੇਟ ਕਰਕੇ ਸਨਮਾਨਿਤ ਕੀਤਾ। ਨਟਾਸ ਪ੍ਰਧਾਨ ਸ੍ਰ. ਜੀ.ਐਸ.ਕੱਕੜ ਨੇ ਸੁਸਾਇਟੀ ਦੀਆਂ ਸਮੂੰਹ ਹਸਤੀਆਂ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਸ੍ਰ: ਹਰਚੰਦ ਸਿੰਘ ਬਰਸਟ ਅਤੇ ਸ਼੍ਰੀ ਵਿਜੇ ਗੋਇਲ ਦਾ ਇਸ ਮਹਾਨ ਪ੍ਰੇਮ ਅਤੇ ਕਲਾਕਾਰਾਂ ਦੀ ਕਦਰ ਅਤੇ ਹੌਸਲਾ ਅਫਜ਼ਾਈ ਲਈ ਧੰਨਵਾਦ ਕੀਤਾ ਅਤੇ ਸ਼ੁਭਇਛਾਵਾਂ ਭੇਟ ਕੀਤੀਆਂ। ਸੱਭਰਵਾਲ ਨੇ ਦੱਸਿਆ ਕਿ ਸ਼੍ਰੀ ਵਿਜੇ ਗੋਇਲ ਨਟਾਸ ਦੀ 25 ਸਾਲਾ ਪੁਰਾਣੀ ਮਾਸਿਕ ਗਾਰਡਨ ਲਹਿਰ ਨਾਲ ਬਤੌਰ ਬਾਨੀ ਮੈਂਬਰ ਜੁੜੇ ਆ ਰਹੇ ਹਨ, ਜਿਸ ਦੇ ਤਹਿਤ ਹੁਣ ਤੱਕ 281 ਮਾਸਿਕ ਗਾਰਡਨ ਨਾਟਕ ਮੇਲੇ ਆਯੋਜਿਤ ਕੀਤੇ ਜਾ ਚੁੱਕੇ ਹਨ ਅਤੇ ਯੁੱਧ ਨਸ਼ਿਆਂ ਵਿਰੁੱਧ ਦੀਆਂ 37 ਪੇਸ਼ਕਾਰੀਆਂ ਮੁਕੰਮਲ ਹੋ ਚੁੱਕੀਆਂ ਹਨ।

# ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ 87ਵੀਂ ਵਾਰ ਖ਼ੂਨਦਾਨ



ਪਟਿਆਲਾ, 19 ਜਨਵਰੀ (ਚ.ਨ.ਸ.) : ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਰਪ੍ਰਸਤ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ 87ਵੀਂ ਵਾਰ ਖ਼ੂਨਦਾਨ ਕਰਕੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਗਿਆ। ਇਸ ਮੌਕੇ ਉਹਨਾਂ ਦੀ ਹੌਸਲਾ ਅਫਜ਼ਾਈ ਕਰਨ ਲਈ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਯੁਵਾ ਪੁਲਿਸ ਸਾਂਝ ਕਮੇਟੀ, ਮੈਂਬਰ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡਾਕਟਰ ਰੀਤੂ ਕਪੂਰ ਪ੍ਰੋਫੈਸਰ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਰਾਜੇਸ਼ ਧਬਲਾਨੀਆ ਖਜ਼ਾਨਚੀ ਭਾਰਤੀ ਸੇਵਾ ਸੰਮਤੀ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਬ੍ਰਹਮਜੋਤ ਸਿੰਘ ਵਿਦਿਆਰਥੀ ਓ ਪੀ ਜਿੰਦਲ ਗੋਲਬਲ ਲਾਅ ਯੂਨੀਵਰਸਿਟੀ ਸੋਨੀਪਤ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕਿਹਾ ਕਿ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ 87ਵੀਂ ਵਾਰ ਖ਼ੂਨਦਾਨ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਚੱਲਣ ਅਤੇ ਜਾਗਰੂਕ ਕਰਨ ਲਈ ਪ੍ਰੇਰਿਤ ਕਰਨਾ ਅਤੇ ਸਮਾਜ ਸੇਵਾ ਵੱਲ ਜੁੜਨ ਲਈ ਪ੍ਰੇਰਿਤ ਕਰਨਾ ਸ਼ਲਾਘਾਯੋਗ ਉਪਰਾਲਾ ਹੈ ।ਉਹਨਾਂ ਕਿਹਾ ਕਿ ਤੁਹਾਡੇ ਦਿੱਤੇ ਖ਼ੂਨਦਾਨ ਕਰਨ ਨਾਲ ਚਾਰ ਜ਼ਿੰਦਗੀਆਂ ਬਚ ਸਕਦੀਆਂ ਹਨ। ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ, ਜਿਸ ਦੀ ਉਮਰ 18 ਸਾਲ ਤੋਂ 65 ਸਾਲ ਹੈ। ਉਹਨਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕੋਈ ਸਰੀਰਕ ਕਮਜ਼ੋਰੀ ਨਹੀਂ ਆਉਂਦੀ ਸਗੋਂ ਸ਼ਰੀਰ ਤੰਦਰੁਸਤ ਰਹਿੰਦਾ ਹੈ।ਇਸ ਲਈ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

# ਹੈਲਪ ਲਾਈਨ ਨੰਬਰਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ



ਪਟਿਆਲਾ, 19 ਜਨਵਰੀ (ਚ.ਨ.ਸ.) : ਕਰਮਚਾਰੀਆਂ ਨੂੰ ਸੜਕਾਂ 'ਤੇ ਆਪਣੀ ਸੁਰੱਖਿਆ ਅਤੇ ਦੂਜਿਆਂ ਦੇ ਬਚਾਅ ਸਬੰਧੀ ਜਾਗਰੂਕ ਕਰਨ ਹਿੱਤ ਵਿਸ਼ਟਾ ਫੂਡ ਪ੍ਰੋਸੈਸਿੰਗ ਕੰਪਨੀ ਵੱਲੋਂ ਡੀ ਜੀ ਐਮ ਸ਼੍ਰੀ ਵਰੁਨ ਭਾਰਦਵਾਜ ਅਤੇ ਸੀਨੀਅਰ ਮੈਨੇਜਰ, ਐਚ ਆਰ ਸ਼੍ਰੀ ਰਾਜਿੰਦਰ ਲਾਂਬਾ ਦੀ ਅਗਵਾਈ ਹੇਠ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਏ। ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਪਟਿਆਲਾ ਦੇ ਏ ਐਸ ਆਈ ਰਾਮ ਸਰਨ ਅਤੇ ਰੈੱਡ ਕਰਾਸ, ਸੈਂਟ ਜੋਹਨ ਐਂਬੂਲੈਂਸ ਬਰੀਗੇਡ ਦੇ ਸੇਵਾ ਮੁਕਤ ਸਹਾਇਕ ਟ੍ਰੇਨਿੰਗ ਕਮਿਸ਼ਨਰ ਸ਼੍ਰੀ ਕਾਕਾ ਰਾਮ ਵਰਮਾ ਨੇ ਸੜਕਾਂ 'ਤੇ ਸਫਰ ਕਰਦੇ ਸਮੇਂ ਹਾਦਸਿਆ ਅਤੇ ਚਲਾਨਾਂ ਤੋਂ ਬਚਣ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸੜਕਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਨਿਯਮਾਂ, ਕਾਨੂੰਨਾਂ, ਸਬਰ ਸ਼ਾਂਤੀ, ਨਿਮਰਤਾ, ਅਨੁਸ਼ਾਸਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਪ੍ਰੇਸ਼ਾਨੀਆਂ ਅਤੇ ਸਜ਼ਾਵਾਂ ਸਾਹਮਣਾ ਕਰਨਾ ਪੈਂਦਾ ਹੈ। ਲੱਖਾਂ ਲੋਕਾਂ ਨੂੰ ਗਲਤੀਆਂ, ਲਾਪਰਵਾਹੀਆਂ, ਨਾਸਮਝੀ, ਕਾਹਲੀ ਕਾਰਨ ਵਾਪਰਨ ਵਾਲੀਆ ਦੁਰਘਟਨਾਵਾਂ ਕਾਰਨ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੌਤਾਂ, ਕੌਮਾ ਜਾਂ ਅਧਰੰਗ ਦਾ ਸ਼ਿਕਾਰ ਹੋਣਾ ਪੈਂਦਾ ਹੈ। ਬਿਨਾਂ ਲਾਇਸੰਸ, ਪ੍ਰਦੂਸ਼ਨ, ਆਰ ਸੀ, ਬੀਮਾ ਵਾਲੇ ਵਹੀਕਲ ਚਾਲਕਾਂ ਨੂੰ ਹਾਦਸਿਆਂ ਮਗਰੋਂ ਕਾਨੂੰਨੀ ਤੌਰ ਤੇ ਕੋਈ ਸਹਾਇਤਾ ਵੀ ਨਹੀਂ ਮਿਲਦੀ। ਉਨ੍ਹਾਂ ਨੇ ਹਾਦਸਾਗ੍ਰਸਤ ਲੋਕਾਂ ਨੂੰ ਬਚਾਉਣ ਲਈ ਫਸਟ ਏਡ, ਸੀ ਪੀ ਆਰ, ਰਿਕਵਰੀ ਪੁਜੀਸ਼ਨ ਦੀ ਜਾਣਕਾਰੀ ਅਤੇ ਹੈਲਪ ਲਾਈਨ ਨੰਬਰਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਰਾਜਿੰਦਰ ਲਾਂਬਾ ਨੇ ਕਰਮਚਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਆਵਾਜਾਈ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਪਾਲਣਾ ਨਾ ਕਰਨ ਵਾਲੇ ਕਰਮਚਾਰੀਆਂ ਨੂੰ ਫੈਕਟਰੀ ਵਿਖੇ ਦਾਖ਼ਲਾ ਨਹੀਂ ਦਿੱਤਾ ਜਾਂਦਾ। ਕਿਉਂਕਿ ਹਰੇਕ ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸਦੀਵੀ ਸੁਰੱਖਿਆ, ਬਚਾਉ, ਸਨਮਾਨ ਖੁਸ਼ਹਾਲੀ, ਉਨਤੀ ਲਈ ਮੈਨੇਜਮੈਂਟ ਫ਼ਿਕਰਮੰਦ ਹੈ। ਫੈਕਟਰੀ ਵਲੋਂ ਕਰਮਚਾਰੀਆਂ ਦਾ ਸਾਲ ਵਿੱਚ ਦੋ ਵਾਰ ਮੈਡੀਕਲ ਚੈੱਕਅਪ ਵੀ ਕਰਵਾਇਆ ਜਾਂਦਾ। ਸਾਰੇ ਕਰਮਚਾਰੀਆਂ ਨੇ ਧੰਨਵਾਦ ਅਤੇ ਪ੍ਰਣ ਕੀਤਾ ਕਿ ਉਨ੍ਹਾਂ ਵਲੋਂ ਹਮੇਸ਼ਾ ਸੇਫਟੀ, ਤੰਦਰੁਸਤੀ, ਅਰੋਗਤਾ, ਭਾਈਚਾਰੇ, ਨਿਮਰਤਾ, ਸ਼ਹਿਣਸ਼ੀਲਤਾ, ਅਨੁਸ਼ਾਸਨ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਰਹੇਗੀ। ਕਿਸੇ ਵੀ ਤਰ੍ਹਾਂ ਦੇ ਨਸ਼ਿਆਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਨੇੜੇ ਤੋਂ ਲੰਘਦੇ ਸਾਈਕਲਾਂ, ਰੇਹੜੀਆਂ ਦੇ ਪਿੱਛੇ ਰਿਫਲੈਕਟਰ ਵੀ ਲਗਾਏ।



# ਪਟਿਆਲਾ-ਆਸ/ਪਾਸ



# ਬਸੰਤ ਪੰਚਮੀ ਦੇ ਸਾਲਾਨਾ ਜੋੜ ਮੇਲ ਸਬੰਧੀ ਗੁਰਦੁਆਰਾ ਪ੍ਰਬੰਧਕਾਂ ਦੀ ਟ੍ਰੈਫਿਕ ਅਧਿਕਾਰੀਆਂ ਨਾਲ ਇਕੱਤਰਤਾ

**➢ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਟਾਸਕ ਫੋਰਸ ਤੇ ਸੀਸੀਟੀਵੀ ਕੈਮਰੇ ਰੱਖਣਗੇ ਨਜ਼ਰ : ਮੈਨੇਜਰ**

**➢ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਜਾਰੀ ਹੋਵੇਗੀ ਐਡਵਾਈਜ਼ਰੀ : ਡੀ.ਐਸ.ਪੀ.**

ਪਟਿਆਲਾ 19 ਜਨਵਰੀ (ਰੁਪਾਣਾ/ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲ ਹਰ ਸਾਲ ਦੀ ਤਰ੍ਹਾਂ ਮਨਾਏ ਜਾਣ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰੀਆਂ ਚੱਲ ਰਹੀਆਂ ਹਨ, ਜਿਸ ਤਹਿਤ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕਾਂ ਅਤੇ ਟਰੈਫਿਕ ਵਿਭਾਗ ਦੇ ਅਧਿਕਾਰੀਆਂ ਨਾਲ ਸਾਂਝੀ ਇਕੱਤਰਤਾ ਕਰਕੇ ਰੂਪ ਰੇਖਾ ਉਲੀਕੀ ਗਈ। ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ, ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਦੀ ਅਗਵਾਈ ਵਿਚ ਅੱਜ ਟਰੈਫਿਕ ਵਿਭਾਗ ਦੇ ਉਚ ਅਧਿਕਾਰੀਆਂ, ਜਿਨ੍ਹਾਂ ਵਿਚ ਡੀਐਸਪੀ ਪੁਨੀਤ ਸਿੰਘ ਚਹਿਲ, ਟਰੈਫਿਕ ਇੰਚਾਰਜ ਜਗਵਿੰਦਰ ਸਿੰਘ,



ਸਰਬਜੀਤ ਸਿੰਘ ਖਹਿਰਾ ਤੋਂ ਇਲਾਵਾ ਥਾਣਾ ਅਨਾਜ ਮੰਡੀ ਤੇ ਥਾਣਾ ਤ੍ਰਿਪੜੀ ਦੇ ਪੁਲਿਸ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਅੱਜ ਦੀਰਘ ਵਿਚਾਰਾਂ ਦੌਰਾਨ ਗੁਰਦੁਆਰਾ ਪ੍ਰਬੰਧਕਾਂ ਨੇ ਪੁਲਿਸ ਅਧਿਕਾਰੀਆਂ ਨੂੰ ਦੱਸਿਆ ਕਿ ਬਸੰਤ ਪੰਚਮੀ ਦੇ ਸਾਲਾਨਾ ਜੋੜ ਦੌਰਾਨ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਗੁਰੂ ਘਰ ਨਤਮਸਤਕ ਹੋਣ ਪੁੱਜਦੀਆਂ ਹਨ ਅਤੇ ਟਰੈਫਿਕ ਨੂੰ ਸੁਚਾਰੂ ਰੱਖਣ ਲਈ ਯੋਗ ਪ੍ਰਬੰਧ ਕੀਤੇ ਜਾਣ। ਇਸ ਦੌਰਾਨ ਮੌਜੂਦ ਡੀਐਸਪੀ ਪੁਨੀਤ ਸਿੰਘ ਚਹਿਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਟਰੈਫਿਕ ਅਧਿਕਾਰੀ ਤਾਇਨਾਤ ਕੀਤੇ ਜਾਣਗੇ, ਉਥੇ ਹੀ ਕੁਝ ਅਜਿਹੀਆਂ ਨਿਰਧਾਰਤ ਥਾਵਾਂ ਨੂੰ ਵੀ ਚੁਣਿਆ ਗਿਆ, ਜਿੱਥੇ ਦੂਰ ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਆਪਣੇ ਵਹੀਕਲਾਂ ਨੂੰ ਅਜਿਹੀ ਥਾਂ 'ਤੇ ਖੜਾ ਸਕਣ ਤਾਂ ਜੋ ਟਰੈਫਿਕ ਜਾਮ ਤੋਂ ਮੁਕਤੀ ਮਿਲ ਸਕੇ। ਇਸ ਮੌਕੇ ਮੈਨੇਜਰ ਭਾਗ ਸਿੰਘ ਅਤੇ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਦੱਸਿਆ ਕਿ ਜਿੱਥੇ ਟਰੈਫਿਕ ਅਧਿਕਾਰੀ ਆਪੋ ਆਪਣੀਆਂ ਡਿਊਟੀਆਂ ਦੇਣਗੇ, ਉੱਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਟਾਸਕ ਫੋਰਸ ਵੀ ਲਗਾਈ ਜਾਵੇਗੀ ਅਤੇ ਗੁਰਦੁਆਰਾ ਕੰਪਲੈਕਸ ਅੰਦਰ ਲੱਗੇ ਸੀਸੀਟੀਵੀ ਕੈਮਰਿਆਂ ਰਾਹੀਂ ਹਰ ਜਗਾ 'ਤੇ ਨਿਗਾ ਰੱਖੀ ਜਾਵੇਗੀ। ਇਕੱਤਰਤਾ ਦੌਰਾਨ ਡੀਐਸਪੀ ਪੁਨੀਤ ਸਿੰਘ ਚਹਿਲ ਨੇ ਦੱਸਿਆ ਕਿ ਬਸੰਤ ਪੰਚਮੀ ਦੇ ਜੋੜ ਮੇਲ ਮੌਕੇ ਸੰਗਤਾਂ ਦੀ ਵੱਡੀ ਆਮਦ ਨੂੰ ਵੇਖਦਿਆਂ ਟਰੈਫਿਕ ਦੇ ਸੁਚਾਰੂ ਪ੍ਰਬੰਧਾਂ 'ਚ ਵਾਹਨਾਂ ਨੂੰ ਢੁਕਵੀਂ ਥਾਂ ਦੇਣ ਲਈ ਅਜਿਹੀਆਂ ਥਾਵਾਂ ਜਿਨ੍ਹਾਂ ਵਿਚ ਪਾਰਕਿੰਗ ਲਈ ਵੀਰ ਹਕੀਕਤ ਗਰਾਊਂਡ ਰਾਜਪੁਰਾ ਕਾਲੋਨੀ, ਪੁਰਾਣਾ ਬੱਸ ਅੱਡਾ, ਅਨਾਜ ਮੰਡੀ, ਪੁੱਡਾ ਗਰਾਊਂਡ ਨੇੜੇ ਦੂਖਨਿਵਾਰਨ ਸਾਹਿਬ, ਛੋਟੀ ਬਰਾਦਰੀ, ਬੀਐਨ ਖਾਲਸਾ ਸਕੂਲ ਦੀ ਚੋਣ ਕੀਤੀ ਗਈ ਹੈ। ਮੈਨੇਜਰ ਭਾਗ ਸਿੰਘ ਨੇ ਦੱਸਿਆ ਕਿ ਜਿੱਥੇ ਜਿੱਥੇ ਵੀ ਪਾਰਕਿੰਗ ਲਈ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ, ਉੱਥੇ ਹੋਰਡਿਗਜ਼ ਅਤੇ ਫਲੈਕਸ ਬੋਰਡ ਰਾਹੀਂ ਸੰਗਤਾਂ ਨੂੰ ਦੱਸਿਆ ਜਾਵੇਗਾ ਕਿ ਉਹ ਵੱਖ -ਵੱਖ ਥਾਵਾਂ 'ਤੇ ਆਪਣੇ ਵਾਹਨ ਖੜਾ ਕਰਨ ਅਤੇ ਇਸ ਦੌਰਾਨ ਕਿਸੇ ਵੀ ਤਰ੍ਹਾਂ ਨਾਲ ਵੀਆਈਪੀ ਪਾਰਕਿੰਗ ਸਹੂਲਤ ਨਹੀਂ ਰੱਖੇਗੀ। ਉਨ੍ਹਾਂ ਟਰੈਫਿਕ ਅਧਿਕਾਰੀਆਂ ਦਾ ਅਜਿਹਾ ਸਹਿਯੋਗ ਕਰਨ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੰਗਰ ਇੰਚਾਰਜ ਮਲਾਗਰ ਸਿੰਘ, ਰਿਕਾਰਡ ਇੰਚਾਰਜ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ, ਭਾਈ ਮਨਜੀਤ ਸਿੰਘ ਪਵਾਰ, ਸੁਖਦੇਵ ਸਿੰਘ ਕਾਹਲਵਾਂ, ਜਥੇ. ਸੁਖਜੀਤ ਸਿੰਘ ਬਘੌਰਾ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

# ਮੇਅਰ ਤੇ ਕਮਿਸ਼ਨਰ ਦੀ ਡੇਅਰੀ ਮਾਲਕਾਂ ਨਾਲ ਮੀਟਿੰਗ

**➢ਪ੍ਰੋਜੈਕਟ ਸਾਈਟ ਦਾ ਸਾਂਝਾ ਦੌਰਾ ਕਰਨ ਮਗਰੋਂ ਜਲਦ ਸ਼ਿਫਟ ਹੋਣ 'ਤੇ ਬਣੀ ਸਹਿਮਤੀ : ਗੋਗੀਆ, ਪਰਮਜੀਤ ਸਿੰਘ**



ਪਟਿਆਲਾ, 19 ਜਨਵਰੀ (ਰੁਪਾਣਾ) : ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਅੰਦਰ ਚੱਲ ਰਹੀਆਂ ਡੇਅਰੀਆ ਨੂੰ ਨਗਰ ਨਿਗਮ ਦੀ ਹੱਦ ਤੋਂ ਬਾਹਰ ਸ਼ਿਫਟ ਕਰਨ ਸਬੰਧੀ ਡੇਅਰੀ ਮਾਲਕਾਂ ਨਾਲ ਇਕ ਮਹੱਤਵਪੂਰਨ ਮੀਟਿੰਗ ਖੁਸ਼ਨੁਮਾ ਅਤੇ ਸਹਿਯੋਗੀ ਮਾਹੌਲ ਵਿੱਚ ਹੋਈ। ਇਸ ਮੀਟਿੰਗ ਦੀ ਅਗਵਾਈ ਕੁੰਦਨ ਗੋਗੀਆ ਮੇਅਰ ਨਗਰ ਨਿਗਮ ਪਟਿਆਲਾ ਅਤੇ ਪਰਮਜੀਤ ਸਿੰਘ ਕਮਿਸ਼ਨਰ ਨਗਰ ਨਿਗਮ ਪਟਿਆਲਾ ਵੱਲੋਂ ਕੀਤੀ ਗਈ। ਮੀਟਿੰਗ ਉਪਰੰਤ ਮੇਅਰ ਅਤੇ ਕਮਿਸ਼ਨਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਡੇਅਰੀ ਮਾਲਕਾਂ ਵੱਲੋਂ ਡੇਅਰੀ ਪ੍ਰੋਜੈਕਟ ਸਾਈਟ ਦਾ ਸਾਂਝਾ ਦੌਰਾ ਕਰਨ ਮਗਰੋਂ ਡੇਅਰੀ ਮਾਲਕਾਂ ਮੁਤਾਬਕ ਰਹਿੰਦੇ ਕੰਮਾਂ ਨੂੰ ਜਲਦ ਪੂਰਾ ਕਰਨ ਮਗਰੋਂ ਤਰੁੰਤ ਸ਼ਿਫਟ ਹੋਣ ਸਹਿਮਤੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸੁੱਚਤਾ, ਸਿਹਤ ਸੁਰੱਖਿਆ ਅਤੇ ਨਗਰ ਨਿਗਮ ਦੇ ਸੀਵਰੇਜ਼ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਡੇਅਰੀਆ ਦਾ ਨਿਯਮਤ ਢੰਗ ਨਾਲ ਸ਼ਿਫਟ ਹੋਣਾ ਬਹੁਤ ਜ਼ਰੂਰੀ ਹੈ। ਮੇਅਰ ਅਤੇ ਕਮਿਸ਼ਨਰ ਨੇ ਹੋਰ ਕਿਹਾ ਕਿ ਮੀਟਿੰਗ ਵਿੱਚ ਇਹ ਮਹੱਤਵਪੂਰਨ ਫੈਸਲਾ ਲਿਆ ਗਿਆ ਹੈ ਕਿ ਹਰ ਡੇਅਰੀ ਮਾਲਕ ਵੱਲੋਂ ਆਪਣੇ ਦੋ ਨੁਮਾਇੰਦੇ ਨਗਰ ਨਿਗਮ ਦੀ ਤਕਨੀਕੀ ਟੀਮ ਦੇ ਨਾਲ ਮਿਲ ਕੇ ਡੇਅਰੀ ਪ੍ਰੋਜੈਕਟ ਸਾਈਟ ਦਾ ਦੌਰਾ ਕਰਨਗੇ। ਇਸ ਦੌਰੇ ਦੌਰਾਨ ਜਿਹੜੀਆਂ ਸਹੂਲਤਾਂ ਅਤੇ ਢਾਂਚਾਗਤ ਕੰਮ ਪਹਿਲਾਂ ਹੀ ਤਿਆਰ ਹੋ ਚੁੱਕੇ ਹਨ, ਉਨ੍ਹਾਂ ਨੂੰ ਡੇਅਰੀ ਮਾਲਕ ਖੁਦ ਜਾਂਚ ਕੇ ਆਪਣੀ ਤਸੱਲੀ ਪ੍ਰਗਟਾਉਣਗੇ। ਉਨ੍ਹਾਂ ਨੇ ਕਿਹਾ ਕਿ ਜੇਕਰ ਸਾਈਟ 'ਤੇ ਕਿਸੇ ਵੀ ਤਰ੍ਹਾਂ ਦੀ ਕਮੀ ਜਾਂ ਘਾਟ ਮਹਿਸੂਸ ਕੀਤੀ ਜਾਂਦੀ ਹੈ, ਤਾਂ ਨਗਰ ਨਿਗਮ ਪਟਿਆਲਾ ਵੱਲੋਂ ਹਰ ਸੰਭਵ ਤਰੀਕੇ ਨਾਲ ਉਸ ਕਮੀ ਨੂੰ ਪੂਰਾ ਕੀਤਾ ਜਾਵੇਗਾ। ਨਗਰ ਨਿਗਮ ਵੱਲੋਂ ਡੇਅਰੀ ਮਾਲਕਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਸ਼ਿਫਟਿੰਗ ਦੀ ਪ੍ਰਕਿਰਿਆ ਵਿੱਚ ਕਿਸੇ ਨੂੰ ਕੋਈ ਮੁਸ਼ਕਲ ਨਾ ਆਵੇ। ਮੇਅਰ ਅਤੇ ਕਮਿਸ਼ਨਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਜਾਂਚ ਦੌਰਾਨ ਕੋਈ ਕਮੀ ਨਹੀਂ ਪਾਈ ਜਾਂਦੀ, ਤਾਂ ਡੇਅਰੀ ਮਾਲਕਾਂ ਵੱਲੋਂ ਬਿਨਾਂ ਕਿਸੇ ਦੇਰੀ ਦੇ ਜਲਦੀ ਤੋਂ ਜਲਦੀ ਨਵੀਂ ਸਾਈਟ 'ਤੇ ਆਪਣੀਆਂ ਡੇਅਰੀਆ ਸ਼ਿਫਟ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਨਗਰ ਨਿਗਮ ਅਤੇ ਡੇਅਰੀ ਮਾਲਕਾਂ ਦੇ ਆਪਸੀ ਸਹਿਯੋਗ ਨਾਲ ਇਹ ਯੋਜਨਾ ਸਫਲ ਬਣੇਗੀ ਅਤੇ ਸ਼ਹਿਰ ਨੂੰ ਗੰਦਗੀ, ਬਦਬੂ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਤੋਂ ਨਿਜਾਤ ਮਿਲੇਗੀ। ਮੀਟਿੰਗ ਦੇ ਅੰਤ 'ਤੇ ਮੇਅਰ ਅਤੇ ਕਮਿਸ਼ਨਰ ਨੇ ਦੁਹਰਾਇਆ ਕਿ ਨਗਰ ਨਿਗਮ ਪਟਿਆਲਾ ਸ਼ਹਿਰ ਦੇ ਸਮੂਹਿਕ ਵਿਕਾਸ ਅਤੇ ਲੋਕ-ਹਿੱਤ ਲਈ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰ ਰਿਹਾ ਹੈ ।

## ਨਾਭਾ ਸੋਸ਼ਲ ਵੈਲਫੇਅਰ ਕਲੱਬ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ



ਨਾਭਾ, 19 ਜਨਵਰੀ ( ਬਲਜਿੰਦਰ ਮਾਨ) : ਨਾਭਾ ਸੋਸ਼ਲ ਵੈੱਲਫੇਅਰ ਐਂਡ ਕਲਚਰਲ ਕਲੱਬ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਰਚਨਾਂ ਵਿਚਾਰ ਮੰਚ ਦੇ ਸਹਿਯੋਗ ਨਾਲ ਜ਼ਿਲ੍ਹਾ ਲਾਇਬ੍ਰੇਰੀ ਨਾਭਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ । ਇਸ ਸਮਾਗਮ ਵਿੱਚ ਪ੍ਰਸਿੱਧ ਵਿਦਵਾਨ ਅਤੇ ਚਿੰਤਕ ਪ੍ਰੋ. ਹਰਪਾਲ ਸਿੰਘ ਪੰਨੂ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ।ਸੈਮੀਨਾਰ ਦਾ ਵਿਸ਼ਾ ਸੀ - ਸ਼ਹਾਦਤ : ਪਰਿਭਾਸ਼ਾ ਅਤੇ ਸਰੂਪ (ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਸੰਗ ਵਿੱਚ) । ਸਮਾਗਮ ਵਿੱਚ ਸ. ਚਰਨ ਸਿੰਘ ਐਮ.ਡੀ. ਮਲਕੀਤ ਕੰਬਾਈਨ ਮੁੱਖ ਮਹਿਮਾਨ ਅਤੇ ਸ. ਮਨਪ੍ਰੀਤ ਸਿੰਘ ਐਮ.ਡੀ.ਕਰਤਾਰ ਕੰਬਾਈਨ ਭਾਦਸੋਂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ । ਇਹਨਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿਚ ਮੇਜਰ ਆਦਰਸ਼ਪਾਲ ਸਿੰਘ ਅਤੇ ਤੇਜਿੰਦਰ ਸਿੰਘ ਰੋਹਟਾ ਪ੍ਰਧਾਨ ਨਾਭਾ ਸੋਸ਼ਲ ਵੈੱਲਫੇਅਰ ਐਂਡ ਕਲਚਰਲ ਕਲੱਬ ਸ਼ਾਮਲ ਰਹੇ । ਸਭ ਤੋਂ ਪਹਿਲਾਂ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਪ੍ਰਧਾਨ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਵੱਲੋਂ ਸਵਾਗਤੀ ਸ਼ਬਦ ਤਹਿਤ ਆਏ ਮਹਿਮਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਮੁੱਖ ਬੁਲਾਰੇ ਦੇ ਜੀਵਨ ਅਤੇ ਰਚਨਾ ਸੰਸਾਰ ਬਾਰੇ ਜਾਣਕਾਰੀ ਦਿੱਤੀ । ਇਸ ਉਪਰੰਤ ਮੁੱਖ ਭਾਸ਼ਣ ਵਜੋਂ ਬੋਲਦਿਆਂ ਹਰਪਾਲ ਸਿੰਘ ਪੰਨੂ ਨੇ ਵੈਦਿਕ ਯੁੱਗ ਤੋਂ ਸ਼ੁਰੂਆਤ ਕਰਦਿਆਂ ਸਿੱਖ ਗੁਰੂ ਸਾਹਿਬਾਨ ਤੱਕ ਸ਼ਹਾਦਤ ਦੇ ਮਹੱਤਵਪੂਰਨ ਪਹਿਲੂਆਂ ਸੰਬੰਧੀ ਵੱਡਮੁੱਲੇ ਵਿਚਾਰ ਦਿੱਤੇ । ਵਿਸ਼ੇਸ਼ ਸੱਦੇ 'ਤੇ ਪਹੁੰਚੀ ਸਮਾਜ ਸੇਵਕਾ ਅਤੇ ਵਾਤਾਵਰਨ ਪ੍ਰੇਮੀ ਡਾ. ਗੁਰਪ੍ਰੀਤ ਕੌਰ ਢੀਂਡਸਾ ਨੇ ਸਮਾਗਮ ਦੌਰਾਨ ਸਿਹਤ ਸੰਭਾਲ ਪ੍ਰਤੀ ਜਾਗਰੂਕਤਾ ਸੰਬੰਧੀ ਵਧੀਆ ਨੁਕਤੇ ਸਾਂਝੇ ਕੀਤੇ । ਮੰਚ ਸੰਚਾਲਨ ਦੀ ਭੂਮਿਕਾ ਸੁਖਦੇਵ ਸਿੰਘ ਢੀਂਡਸਾ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸਮਾਗਮ ਵਿੱਚ ਜਗਜੀਤ ਸਿੰਘ ਦੁਲੱਦੀ,ਸ਼ੇਰ ਸਿੰਘ ਸਹੌਲੀ, ਰਵਿੰਦਰ ਮੂੰਗੋ,ਸੁਬੇਗ ਸਿੰਘ ਜਾਤੀਵਾਲ,ਡਾ ਜੈਨਿੰਦਰ ਚੌਹਾਨ, ਮਹਿੰਦਰ ਪਾਲ ਬੱਬੀ ਭਾਦਸੋਂ, ਗੁਰਿੰਦਰ ਸਿੰਘ ਭੰਗੂ , ਸੋਮਨਾਥ ਸਿੰਗਲਾ, ਭੁਪਿੰਦਰ ਸਿੰਘ ਧਾਰੋਕੀ, ਭੁਪਿੰਦਰ ਸਿੰਘ ਬਿਲਿੰਗ, ਅਬਜਿੰਦਰ ਸਿੰਘ ਜੋਗੀ ਨਾਨੋਕੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

# ਗ੍ਰਾਮ ਰੋਜ਼ਗਾਰ ਸੇਵਕ ਮਨਰੇਗਾ ਸੰਦੀਪ ਕੁਮਾਰ 'ਤੇ ਹੋਏ ਹਮਲੇ ਨੂੰ ਲੈ ਕੇ ਇਲਾਕੇ ਦੇ ਸਰਪੰਚਾਂ ਤੇ ਕਰਮਚਾਰੀਆਂ ਵੱਲੋਂ ਬੀ.ਡੀ.ਪੀ.ਓ. ਦਫਤਰ ਵਿਖੇ ਧਰਨਾ

**➢ਬੀ.ਡੀ.ਪੀ.ਓ. ਸਤਵਿੰਦਰ ਸਿੰਘ ਕੰਗ ਨੇ ਧਰਨੇ ਦੌਰਾਨ ਮੰਗੀ ਮੁਆਫ਼ੀ**

ਭੁਨਰਹੇੜੀ, 19 ਜਨਵਰੀ, (ਗੁਰਜੀਤ ਸਿੰਘ ਢੋਟ) : ਕੁਝ ਦਿਨ ਪਹਿਲਾਂ ਗ੍ਰਾਮ ਰੋਜ਼ਗਾਰ ਸੇਵਕ ਮਨਰੇਗਾ ਸੰਦੀਪ ਕੁਮਾਰ ਤੇ ਭੁੱਨਰਹੇੜੀ ਦੇ ਬੀਡੀਪੀਓ ਦਫਤਰ ਵਿਖੇ ਖੰਨਾ ਵਿਖੇ ਤੈਨਾਤ ਬੀਡੀਪੀਓ ਸਤਵਿੰਦਰ ਸਿੰਘ ਕੰਗ ਅਤੇ ਉਸਦਾ ਬੇਟੇ ਅਤੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਕੁੱਟਮਾਰ ਕਰਕੇ ਜ਼ਖਮੀ ਕਰ ਦਿੱਤਾ ਗਿਆ ਸੀ, ਜਿਸ ਨੂੰ ਲੈ ਕੇ ਇਲਾਕੇ ਦੇ ਕਰਮਚਾਰੀਆਂ ਅਤੇ ਸਰਪੰਚਾਂ ਵਿੱਚ ਬਹੁਤ ਭਾਰੀ ਰੋਸ ਪਾਇਆ ਜਾ ਰਿਹਾ ਸੀ। ਕੁੱਟਮਾਰ ਕੀਤੇ ਗਏ ਗ੍ਰਾਮ ਰੋਜ਼ਗਾਰ ਸੇਵਕ ਮਨਰੇਗਾ ਸੰਦੀਪ ਕੁਮਾਰ 'ਤੇ ਹੋਏ ਹਮਲੇ ਨੂੰ ਲੈ ਕੇ ਲੇਹਲਾਂ ਪਿੰਡ ਦੇ ਸਰਪੰਚ ਨਰਿੰਦਰ ਸਿੰਘ ਭਿੰਡਰ ਦੀ ਅਗਵਾਈ ਹੇਠ ਇਲਾਕੇ ਦੇ ਸਰਪੰਚਾਂ ਅਤੇ ਕਰਮਚਾਰੀਆਂ ਵੱਲੋਂ ਭੁਨਰਹੇੜੀ ਬੀਡੀਪੀਓ ਦਫਤਰ ਵਿਖੇ ਰੋਸ ਧਰਨਾ ਦਿੱਤਾ ਗਿਆ। ਪੁਲਿਸ ਵੱਲੋਂ ਕਾਰਵਾਈ ਨਾ ਹੁੰਦੀ ਵੇਖ ਹਾਈਵੇ ਰੋਡ ਜਾਮ ਕੀਤਾ ਗਿਆ। ਇਸ ਧਰਨੇ ਦੌਰਾਨ ਨਰਿੰਦਰ ਸਿੰਘ ਭਿੰਡਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਤਵਿੰਦਰ



ਸਿੰਘ ਕੰਗ ਜੋ ਕਿ ਖੰਨੇ ਵਿਖੇ ਬੀਡੀਪੀਓ ਦੀ ਪੋਸਟ 'ਤੇ ਤੇਨਾਤ ਹੈ ਪਰ ਉਹਨਾਂ ਵੱਲੋਂ ਕੀਤੇ ਗਏ ਇਸ ਦੁਰਵਿਹਾਰ ਦੀ ਸਾਰੇ ਪਰ ਪਾਸੇ ਨਿੰਦਾ ਹੋ ਰਹੀ ਹੈ। ਉਹਨਾਂ ਕਿਹਾ ਕਿ ਤਿੰਨ ਦਿਨ ਬੀਤ ਜਾਣ ਦੇ ਬਾਵਜੂਦ ਵੀ ਪੁਲਿਸ ਵੱਲੋਂ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਹੁਣ ਤੱਕ ਕਥਿਤ ਦੋਸ਼ੀ ਬੀਡੀਪੀਓ ਸਤਵਿੰਦਰ ਸਿੰਘ ਕੰਗ ਬਚਦਾ ਆ ਰਿਹਾ ਹੈ,ਜਿਸ ਨੂੰ ਲੈ ਕੇ ਧਰਨੇ ਵਿੱਚ ਇਕੱਤਰ ਹੋਏ ਇਲਾਕੇ ਦੇ ਸਰਪੰਚਾਂ ਪੰਚਾਂ ਮਨਰੇਗਾ ਕਰਮਚਾਰੀਆਂ ਅਤੇ ਹੋਰ ਵੀ ਮੁਲਾਜ਼ਮਾਂ ਵੱਲੋਂ ਸਰਕਾਰ ਖਿਲਾਫ ਅਤੇ ਬੀਡੀਪੀਓ ਕੰਗ ਖਿਲਾਫ ਜ਼ੋਰਦਾਰ ਨਾਰੇਬਾਜ਼ੀ ਕੀਤੀ ਗਈ। ਇਸ ਮੌਕੇ ਥਾਣਾ ਸਦਰ ਦੇ ਇੰਚਾਰਜ ਪ੍ਰਿਤਪਾਲ ਸਿੰਘ ਅਤੇ ਪੁਲਿਸ ਚੌਂਕੀ ਭੁੱਨਰਹੇੜੀ ਦੇ ਇੰਚਾਰਜ ਕੁਲਦੀਪ ਸਿੰਘ ਵੱਲੋਂ ਵਿੱਚ ਪੈ ਕੇ ਉਨ੍ਹਾਂ ਦੀ ਸੁਲਾਹ ਸਫਾਈ ਕਰਵਾ ਦਿੱਤੀ ਗਈ। ਸਮੂਹ ਸਰਪੰਚ ਅਤੇ ਸੰਦੀਪ ਸਿੰਘ ਦਾ ਪਰਿਵਾਰ ਅਤੇ ਕਰਮਚਾਰੀਆਂ ਵੱਲੋਂ ਸਤਵਿੰਦਰ ਸਿੰਘ ਕੰਗ ਬੀਡੀਪੀਓ 'ਤੇ ਪਰਚਾ ਦਰਜ ਕਰਨ ਦੀ ਮੰਗ ਕੀਤੀ ਜਾ ਰਹੀ ਸੀ ਪਰੰਤੂ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਸੁਲਾਹ ਸਫਾਈ ਕਰਨ ਲਈ ਕਿਹਾ ਗਿਆ ਜਿਸ 'ਤੇ ਸਾਰਿਆਂ ਨੇ ਸਲਾਹ ਕੀਤੀ ਕਿ ਜੇਕਰ ਸਤਵਿੰਦਰ ਸਿੰਘ ਕੰਗ ਬੀਡੀਪੀਓ ਆਪਣੇ ਪੁੱਤਰ ਅਤੇ ਉਹਨਾਂ ਦੋਸ਼ੀਆਂ ਨਾਲ ਆ ਕੇ ਸਾਰਿਆਂ ਤੋਂ ਮੁਆਫੀ ਮੰਗਦਾ ਹੈ ਤਾਂ ਧਰਨਾ ਮੁਲਤਵੀ ਕਰ ਦਿੱਤਾ ਜਾਵੇਗਾ। ਧਰਨੇ ਦੌਰਾਨ ਰੋਸ ਨੂੰ ਵੱਧਦਾ ਦੇਖ ਸਤਵਿੰਦਰ ਸਿੰਘ ਕੰਗ ਬੀਡੀਪੀਓ ਵੱਲੋਂ ਆਪਣੇ ਪੁੱਤਰ ਨੂੰ ਨਾਲ ਲੈ ਕੇ ਸਾਰਿਆਂ ਦੇ ਵਿੱਚ ਹੱਥ ਜੋੜ ਕੇ ਮੁਆਫੀ ਮੰਗੀ ਗਈ ਅਤੇ ਦੁਬਾਰਾ ਜ਼ਿੰਦਗੀ ਵਿੱਚ ਇਹੋ ਜਿਹੀ ਗਲਤੀ ਨਾ ਦੁਹਰਾਉਣ ਲਈ ਵੀ ਕਿਹਾ ਗਿਆ। ਇਸ ਮੌਕੇ ਭੁੱਨਰਹੇੜੀ ਬਲਾਕੇ ਦੇ ਬੀਡੀਪੀਓ ਸਤਵਿੰਦਰ ਸਿੰਘ ਖਿਲਾਫ ਵੀ ਕਰਮਚਾਰੀਆਂ ਵੱਲੋਂ ਰੋਸ ਜਾਹਿਰ ਕੀਤਾ ਗਿਆ ਕਿ ਉਹਨਾਂ ਵੱਲੋਂ ਆਪਣੇ ਮੁਲਾਜ਼ਮ ਦੀ ਕੁੱਟਮਾਰ ਕਰਵਾਈ ਗਈ ਪਰੰਤੂ ਉਹਨਾਂ ਵੱਲੋਂ ਕੋਈ ਵੀ ਉਹਨਾਂ ਦੇ ਹੱਕ ਵਿੱਚ ਆਵਾਜ਼ ਨਹੀਂ ਉਠਾਈ ਗਈ। ਕਰਮਚਾਰੀਆਂ ਅਤੇ ਧਰਨਾਕਾਰੀਆਂ ਨੇ ਬੀਡੀਪੀਓ ਭੁੱਨਰਹੇੜੀ ਸਤਵਿੰਦਰ ਸਿੰਘ ਦੀ ਕਰੜੇ ਸ਼ਬਦਾਂ ਵਿੱਚ ਨਿੰਦਿਆ ਕੀਤੀ ਕਿ ਉਨ੍ਹਾਂ ਨੂੰ ਆਪਣੇ ਮੁਲਾਜ਼ਮਾਂ ਦੇ ਹੱਕ ਵਿੱਚ ਖੜਨਾ ਚਾਹੀਦਾ ਸੀ ਪਰੰਤੂ ਉਹਨਾਂ ਵੱਲੋਂ ਦੋਸ਼ੀਆਂ ਦਾ ਸਾਥ ਹੀ ਦਿੱਤਾ ਗਿਆ।ਇਸ ਧਰਨੇ ਦੌਰਾਨ ਪ੍ਰਗਟ ਸਿੰਘ ਰੱਤਾਖੇੜਾ, ਨਰਿੰਦਰ ਸਿੰਘ ਭਿੰਡਰ ਲੇਹਲਾਂ, ਮਨਿੰਦਰ ਸਿੰਘ ਸਰਪੰਚ ਕਸ਼ਵੀ ਤੋਂ ਇਲਾਵਾ ਹੋਰ ਵੀ ਗਿਣਤੀ ਵਿੱਚ ਬਹੁਤ ਸਾਰੇ ਸਰਪੰਚ ਅਤੇ ਕਰਮਚਾਰੀ ਹਾਜ਼ਰ ਸਨ।

## ਸੱਤ ਦਿਨਾਂ ਸ਼੍ਰੀਮਦ ਭਾਗਵਤ ਕਥਾ ਸਮਾਰੋਹ ਦੀ ਸ਼ੁਰੂਆਤ ਮੌਕੇ ਕਲਸ਼ ਯਾਤਰਾ ਸਜਾਈ



ਸਮਾਣਾ, 19 ਜਨਵਰੀ (ਵਿਜੇ ਕੁਮਾਰ) : ਸਥਾਨਕ ਸਤੀ ਮਾਤਾ ਮੰਦਿਰ ਧਰਮਸ਼ਾਲਾ 'ਚ ਮਹਿਲਾ ਸੰਕੀਰਤਨ ਮੰਡਲੀ ਵੱਲੋਂ ਪ੍ਰਧਾਨ ਸੁਸ਼ਮਾ ਗੁਪਤਾ ਦੀ ਅਗਵਾਈ 'ਚ 7 ਦਿਨਾਂ ਸ਼੍ਰੀ ਮਦ ਭਾਗਵਤ ਕਥਾ ਸਮਾਰੋਹ ਦੀ ਸ਼ੁਰੂਆਤ ਅਚਾਰੀਆ ਮਨਦੀਪ ਸਾਸ਼ਤਰੀ ਵੱਲੋਂ ਹਵਨ ਯੱਗ ਨਾਲ ਕੀਤੀ ਗਈ। ਇਸ ਉਪਰੰਤ ਸਜਾਈ ਗਈ ਕਲਸ਼ ਯਾਤਰਾ ਨੂੰ ਕੌਂਸਲਰ ਦਰਸ਼ਨ ਮਿੱਤਲ ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ, ਜੋ ਭਾਖੜਾ ਨਹਿਰ ਤੋਂ ਜਲ ਲੈ ਕੇ ਸਤੀ ਮੰਦਿਰ ਪਹੁੰਚੀ। ਇਸ ਮੌਕੇ ਉਨ੍ਹਾਂ ਨਾਲ ਸਤੀ ਮੰਦਿਰ ਕਮੇਟੀ ਪ੍ਰਧਾਨ ਪਵਨ ਸਾਸ਼ਤਰੀ, ਸਾਬਕਾ ਚੇਅਰਮੈਨ ਅਸ਼ੋਕ ਮੋਦਗਿਲ, ਬ੍ਰਿਸ਼ਭਾਨ ਕਾਂਸਲ, ਰਾਜਿੰਦਰ ਜਜੀ, ਪ੍ਰਦੀਪ ਕੁਮਾਰ, ਸੁਭਾਸ਼ ਚੰਦ ਵਰਮਾ,ਵਿਜੇ ਸਿੰਗਲਾ ਵੀ ਮੌਜੂਦ ਰਹੇ। ਜਾਣਕਾਰੀ ਦਿੰਦੇ ਹੋਏ ਸੰਸਥਾ ਪ੍ਰਧਾਨ ਸੁਸ਼ਮਾ ਗੁਪਤਾ ਨੇ ਦੱਸਿਆ ਕਿ ਅਚਾਰੀਆ ਮਨਦੀਪ ਸਾਸ਼ਤਰੀ ਹਰ ਰੋਜ਼ 3 ਵਜੇ ਤੋਂ ਸਾਢੇ 5 ਵਜੇ ਤੱਕ ਕਥਾ ਕਰਿਆ ਕਰਨਗੇ। ਉਨ੍ਹਾਂ ਇਹ ਵੀ ਕਿਹਾ ਇਹ ਕਥਾ ਸਰਵ ਹਿੱਤ ਕਲਿਆਣ ਲਈ ਕਰਵਾਈ ਜਾ ਰਹੀ ਹੈ। ਇਸ ਮੌਕੇ ਕਿਰਨਾ ਰਾਣੀ, ਊਸ਼ਾ ਰਾਣੀ, ਸੀਮਾ ਰਾਣੀ, ਨੀਰਜ ਸਿੰਗਲਾ ਅਦਿ ਵੀ ਹਾਜ਼ਰ ਸਨ।

## ਅਦਾਲਤ ਵੱਲੋਂ ਪੋਕਸੋ 'ਚ ਦਸ ਸਾਲ ਦੀ ਸਜ਼ਾ

ਪਟਿਆਲਾ, 19 ਜਨਵਰੀ (ਵਿਨੋਦ ਸ਼ਰਮਾ) : ਵਧੀਕ ਸੈਸ਼ਨ ਜੱਜ ਨਵਦੀਪ ਕੌਰ ਗਿੱਲ ਦੀ ਅਦਾਲਤ ਨੇ ਬਲਵਿੰਦਰ ਸਿੰਘ ਉਰਫ ਨਿਖਲ ਚੌਧਰੀ ਵਾਸੀ ਰਾਜਪੁਰਾ ਨੂੰ ਦਸ ਸਾਲ ਦੀ ਸਜ਼ਾ ਸੁਣਾਈ ਹੈ ਅਤੇ ਪੰਜਾਹ ਹਜ਼ਾਰ ਜੁਰਮਾਨਾ ਭਰਨ ਦੇ ਆਦੇਸ਼ ਵੀ ਦਿੱਤੇ ਹਨ। ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਦੋਸ਼ੀ ਨੂੰ ਤਿੰਨ ਮਹੀਨੇ ਦੀ ਵੱਖਰੀ ਸਜ਼ਾ ਭੁਗਤਣੀ ਪਵੇਗੀ। ਪੁਲਿਸ ਨੇ ਸਾਲ 2022 ਵਿੱਚ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਸੀ। ਉਕਤ ਵਿਅਕਤੀ 'ਤੇ ਇਲਜ਼ਾਮ ਸੀ ਕਿ ਉਹ ਸਕੂਲ ਦੇ ਬਾਹਰੋਂ ਇੱਕ ਨਾਬਾਲਗ ਲੜਕੀ ਨੂੰ ਵਰਗਲਾ ਕੇ ਲੈ ਗਿਆ ਸੀ ਅਤੇ ਉਸ ਨਾਲ ਸਰੀਰਕ ਸਬੰਧ ਬਣਾਏ ਸਨ। ਪੁਲਿਸ ਨੇ ਥਾਣਾ ਸਿਟੀ ਰਾਜਪੁਰਾ ਵਿਖੇ ਮਾਮਲਾ ਦਰਜ ਕੀਤਾ ਸੀ।

## ਅਣਪਛਾਤੇ ਵਾਹਨ ਦੀ ਟੱਕਰ ਨਾਲ ਕੈਂਟਰ ਸਵਾਰ ਦੀ ਮੌਤ

ਸਮਾਣਾ, 19 ਜਨਵਰੀ (ਵਿਜੇ ਕੁਮਾਰ): ਬੀਤੀ ਰਾਤ ਪਾਤੜਾਂ-ਖਨੌਰੀ ਸੜਕ 'ਤੇ ਇੱਕ ਅਣਪਛਾਤੇ ਵਾਹਨ ਨਾਲ ਕੈਂਟਰ ਦੀ ਟੱਕਰ ਹੋਣ ਕਾਰਨ ਕੈਂਟਰ ਸਵਾਰ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ, ਜਦੋਂ ਕਿ ਹਾਦਸੇ ਤੋਂ ਬਾਅਦ ਅਣਪਛਾਤਾ ਚਾਲਕ ਵਾਹਨ ਸਮੇਤ ਫ਼ਰਾਰ ਹੋ ਗਿਆ। ਮਾਮਲੇ ਦੇ ਤਫ਼ਤੀਸ਼ੀ ਅਫ਼ਸਰ ਪਾਤੜਾਂ ਪੁਲਿਸ ਦੇ ਏ.ਐਸ.ਆਈ. ਜਗਤਾਰ ਰਾਮ ਨੇ ਦੱਸਿਆ ਕਿ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਚਮਕੌਰ ਸਿੰਘ (27) ਨਿਵਾਸੀ ਪਿੰਡ ਢੰਡੋਲੀ ਕਲਾਂ (ਸੰਗਰੂਰ), ਜੰਮੂ ਵੱਲ ਜਾ ਰਹੇ ਮਾਲ ਨਾਲ ਭਰੇ ਇੱਕ ਬੰਦ ਬਾਡੀ ਕੈਂਟਰ ਵਿੱਚ ਲਿਫਟ ਲੈ ਕੇ ਆਪਣੇ ਪਿੰਡ ਜਾ ਰਿਹਾ ਸੀ। ਜਦੋਂ ਉਹ ਪਿੰਡ ਜੋਗੀਵਾਲਾ ਨੇੜੇ ਪਹੁੰਚੇ ਤਾਂ ਅੱਗੇ ਜਾ ਰਹੇ ਇੱਕ ਤੇਜ਼ ਰਫ਼ਤਾਰ ਅਣਪਛਾਤੇ ਵਾਹਨ ਨੇ ਅਚਾਨਕ ਬ੍ਰੇਕ ਲਗਾ ਦਿੱਤੀ, ਜਿਸ ਕਾਰਨ ਪਿੱਛੇ ਆ ਰਿਹਾ ਕੈਂਟਰ ਉਸ ਨਾਲ ਜਾ ਟਕਰਾਇਆ। ਇਸ ਹਾਦਸੇ ਵਿੱਚ ਕੈਂਟਰ ਵਿੱਚ ਸਵਾਰ ਚਮਕੌਰ ਸਿੰਘ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀ ਅਨੁਸਾਰ ਅਣਪਛਾਤੇ ਵਾਹਨ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

## 95 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 19 ਜਨਵਰੀ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਨੇ ਕਥਿਤ ਦੋਸ਼ੀ ਸਤਨਾਮ ਸਿੰਘ ਪਿੰਡ ਪਹਾੜਪੁਰ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਰਜਿੰਦਰ ਕੁਮਾਰ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੁੱਡਾ ਗਰਾਊਂਡ ਪਟਿਆਲਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 95 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ ਹੋਈਆਂ।

## ਲਾਇਨਜ਼ ਕਲੱਬ ਸਮਾਣਾ ਰੋਇਲ ਵੱਲੋਂ ਸਕੂਲੀ ਬੱਚਿਆਂ ਨੂੰ ਗਰਮ ਕੱਪੜਿਆਂ ਦੀ ਵੰਡ



ਸਮਾਣਾ, 19 ਜਨਵਰੀ (ਵਿਜੇ ਕੁਮਾਰ/ਅਮਿਤ ਸ਼ਰਮਾ) : ਲਾਇਨਜ਼ ਕਲੱਬ ਸਮਾਣਾ ਰੋਇਲ ਵੱਲੋਂ ਸਮਾਜ ਸੇਵਾ ਦੇ ਤਹਿਤ ਸਰਕਾਰੀ ਮਿਡਲ ਸਕੂਲ ਆਲਮਪੁਰ ਵਿਖੇ ਪੜ੍ਹਦੇ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਕੱਪੜੇ ਭੇਟ ਕੀਤੇ ਗਏ। ਇਸ ਸੇਵਾ ਕਾਰਜ ਦੀ ਅਗਵਾਈ ਕਲੱਬ ਦੇ ਪ੍ਰਧਾਨ ਜੀਵਨ ਗਰਗ ਵੱਲੋਂ ਕੀਤੀ ਗਈ। ਇਸ ਮੌਕੇ ਪ੍ਰਧਾਨ ਜੀਵਨ ਗਰਗ ਨੇ ਕਿਹਾ ਕਿ ਲਾਇਨਜ਼ ਕਲੱਬ ਸਮਾਣਾ ਰੋਇਲ ਹਮੇਸ਼ਾਂ ਹੀ ਸਮਾਜ ਸੇਵੀ ਕਾਰਜਾਂ ਲਈ ਸਮਰਪਿਤ ਰਹਿੰਦਾ ਹੈ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਹਿਤੈਸ਼ੀ ਉਪਰਾਲੇ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਕਲੱਬ ਦੇ ਸੈਕਟਰੀ ਲਲਿਤ ਸਿੰਗਲਾ, ਕੈਸ਼ੀਅਰ ਮਨੂ ਅਗਰਵਾਲ, ਪ੍ਰੋਜੈਕਟ ਚੇਅਰਮੈਨ ਮਨੋਜ ਕਾਂਸਲ, ਮਨੀਸ਼ ਗਰਗ, ਸੰਜੇ ਗੋਇਲ, ਐਡਵੋਕੇਟ ਰੋਹਿਤ ਗਰਗ, ਅਸ਼ਵਨੀ ਗਰਗ, ਰੋਹਿਤ ਕਾਲਾ ਗਰਗ ਅਤੇ ਰਾਜੇਸ਼ ਬਾਂਸਲ ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ।

## ਡੀ.ਸੀ. ਦਫਤਰ ਵਿਖੇ ਬਰੈਸਟ ਕੈਂਸਰ ਸਕਰੀਨਿੰਗ ਕੈਂਪ ਲਗਾਇਆ

ਪਟਿਆਲਾ, 19 ਜਨਵਰੀ (ਚ.ਨ.ਸ.) : ਸਿਹਤ ਵਿਭਾਗ ਪਟਿਆਲਾ ਵੱਲੋਂ ਜ਼ਿਲ੍ਹਾ ਡੈਂਟਲ ਹੈਲਥ ਸਿਹਤ ਅਫਸਰ ਡਾ.ਸੁਨੰਦਾ ਗਰੋਵਰ ਦੀ ਸੁਪਰਵੀਜ਼ਨ ਅਤੇ ਡਾ.ਪਰਨੀਤ ਕੌਰ ਐਸ.ਐਮ.ਓ ਸੀ.ਐਚ.ਸੀ ਤ੍ਰਿਪੜੀ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਕੰਮਪਲੈਕਸ ਪਟਿਆਲਾ ਵਿਖੇ ਥਰਮਾਲਾਈਟਿਕਸ ਬਰੈਸਟ ਕੈਂਸਰ ਸਕਰੀਨਿੰਗ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 28 ਦਫਤਰੀ ਮੁਲਾਜ਼ਮਾਂ ਦੀ ਕੈਂਸਰ ਵਾਸਤੇ ਸਕਰੀਨਿੰਗ ਕੀਤੀ ਗਈ। ਇਹਨਾਂ ਵਿੱਚੋਂ ਇੱਕ ਪੌਜ਼ੀਟਿਵ ਮਰੀਜ ਨੂੰ ਮਾਤਾ ਕੁਸ਼ੱਲਿਆ ਹਸਪਤਾਲ ਵਾਸਤੇ ਅਗਲੇਰੇ ਇਲਾਜ ਲਈ ਰੈਫਰ ਕੀਤਾ ਗਿਆ। ਇਸ ਮੌਕੇ ਦਫਤਰ ਦੀਆਂ 30 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਦੀ ਬਰੈਸਟ ਕੈਂਸਰ ਵਾਸਤੇ ਜਾਂਚ ਕੀਤੀ ਗਈ। ਇਸ ਮਸ਼ੀਨ ਵਿੱਚ ਮੈਮੋਗ੍ਰੈਫੀ ਵਾਂਗ ਕੋਈ ਵੀ ਰੇਡੀਏਸ਼ਨ ਨਹੀਂ ਹੁੰਦੀ। ਇਹ ਸਰੀਰ ਨੂੰ ਬਿਨਾਂ ਛੂਹੇ ਜਾਂਚ ਕਰਦਾ ਹੈ ਤੇ ਪ੍ਰਕਿਰਿਆ ਨੂੰ ਦਰਦ ਰਹਿਤ ਬਣਾਉਂਦਾ ਹੈ। ਇਸ ਉਪਕਰਨ ਨੂੰ ਕਿਤੇ ਵੀ ਆਸਾਨੀ ਨਾਲ ਲਿਜਾਇਆ ਜਾ ਸਕਦਾ ਹੈ। ਇਹ ਸਕਰੀਨਿੰਗ ਮਸ਼ੀਨ ਛਾਤੀ ਵਿੱਚ 4 ਐਮਐਮ ਜਿੰਨੀ ਛੋਟੀ ਰਸੌਲੀ ਦਾ ਵੀ ਪਤਾ ਲਗਾ ਸਕਦੀ ਹੈ। 30 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਲਈ ਇਹ ਬਹੁਤ ਫਾਇਦੇਮੰਦ ਹੈ ਖਾਸ ਕਰਕੇ ਜਿਨਾਂ ਦੇ ਛਾਤੀ ਵਿੱਚ ਟਿਸ਼ੂ ਸੰਘਣੇ ਹੁੰਦੇ ਹਨ। ਇਸ ਵਿੱਚ ਮਹਿਲਾਵਾਂ ਦੀ ਛਾਤੀ ਦੀ ਥਰਮਲ ਤਸਵੀਰ ਲਈ ਜਾਂਦੀ ਹੈ ਜੋ ਕਿ ਛਾਤੀ ਦੇ ਤਾਪਮਾਨ ਵਿੱਚ ਬਦਲਾਅ ਨੂੰ ਮਾਪਦੀ ਹੈ। ਏਆਈ ਸੋਫਟਵੇਅਰ ਪੰਜ ਮਿੰਟਾਂ ਵਿੱਚ ਪਤਾ ਲਗਾਉਂਦਾ ਹੈ ਕਿ ਕੈਂਸਰ ਦਾ ਜੋਖਮ ਹੈ ਕਿ ਨਹੀਂ।

## ਰਾਜਿੰਦਰ ਮੋਹਨ ਬਣੇ ਖੱਤਰੀ ਅਰੋੜਾ ਭਲਾਈ ਬੋਰਡ ਦੇ ਮੈਂਬਰ

ਪਟਿਆਲਾ, 19 ਜਨਵਰੀ (ਚ.ਨ.ਸ.) ਪੰਜਾਬ ਸਰਕਾਰ ਵੱਲੋਂ ਖੱਤਰੀ ਅਰੋੜਾ ਭਲਾਈ ਬੋਰਡ ਵਿੱਚ ਪਟਿਆਲਾ ਤੋਂ ਰਾਜਿੰਦਰ ਮੋਹਨ ਨੂੰ ਮੈਂਬਰ ਨਿਯੁਕਤ ਕਰਨ ਨਾਲ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦਾ ਮਾਹੌਲ ਬਣ ਗਿਆ ਹੈ। ਇਸ ਮੌਕੇ ਰਾਜਿੰਦਰ ਮੋਹਨ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਨਿਯੁਕਤੀ ਉਨ੍ਹਾਂ ਲਈ ਸਨਮਾਨ ਦੇ ਨਾਲ-ਨਾਲ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ। ਰਾਜਿੰਦਰ ਮੋਹਨ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਸ੍ਰੀ ਮਨੀਸ਼ ਸਿਸੋਦੀਆ , ਸੂਬਾ ਪ੍ਰਧਾਨ ਅਮਨ ਅਰੋੜਾ, ਪੰਜਾਬ ਦੇ ਅਬਜ਼ਰਵਰ ਆਦਿਲ ਅਹਿਮਦ ਖਾਨ, ਦੀਪਕ ਚੌਹਾਨ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਪਟਿਆਲਾ ਦੇ ਮੇਅਰ ਤੇ ਸੰਗਠਨ ਇੰਚਾਰਜ ਕੁੰਦਨ ਗੋਗੀਆ ਸਮੇਤ ਸਮੂਹ ਪਾਰਟੀ ਹਾਈਕਮਾਨ ਦੇ ਬਹੁਤ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਜਤਾਉਂਦੇ ਹੋਏ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ।



## ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਲਈ ਰਿਹਰਸਲ 22 ਨੂੰ

ਮਲੇਰਕੋਟਲਾ, 19 ਜਨਵਰੀ (ਚ.ਨ.ਸ.) : 26 ਜਨਵਰੀ 2026 ਨੂੰ ਗਣਤੰਤਰ ਦਿਵਸ ਮੌਕੇ ਸਥਾਨਕ ਡਾ. ਜਾਕਿਰ ਹੁਸੈਨ ਸਟੇਡੀਅਮ ਵਿਖੇ ਦੇਸ਼ ਭਗਤੀ ਦੇ ਜਜ਼ਬੇ ਨਾਲ ਜ਼ਿਲ੍ਹਾ ਪੱਧਰੀ ਸਮਾਗਮ ਮਨਾਇਆ ਜਾਣਾ ਹੈ। ਇਸ ਸਮਾਗਮ ਵਿੱਚ ਪੁਲਿਸ ਵਿਭਾਗ ਦੀਆਂ ਟੁਕੜੀਆਂ ਵੱਲੋਂ ਮਾਰਚ ਪਾਸਟ ਕੀਤਾ ਜਾਵੇਗਾ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤਾਂ 'ਤੇ ਕੋਰੀਓਗ੍ਰਾਫੀ ਕੀਤੀ ਜਾਵੇਗੀ ਅਤੇ ਰਾਸ਼ਟਰੀ ਗਾਣ ਪੇਸ਼ ਕੀਤਾ ਜਾਵੇਗਾ। ਇਸ ਗਣਤੰਤਰ ਦਿਵਸ ਸਮਾਰੋਹ ਨੂੰ ਸੁਚੱਜੇ ਅਤੇ ਸ਼ਾਨਦਾਰ ਢੰਗ ਨਾਲ ਆਯੋਜਿਤ ਕਰਨ ਲਈ ਡਾ. ਜਾਕਿਰ



ਹੁਸੈਨ ਸਟੇਡੀਅਮ ਵਿਖੇ ਪਹਿਲੀ ਰਿਹਰਸਲ ਕੀਤੀ ਗਈ, ਜਿਸ ਦੌਰਾਨ ਸਮਾਗਮ ਨਾਲ ਜੁੜੇ ਸਾਰੇ ਪ੍ਰਬੰਧਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਇਸ ਦੌਰਾਨ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਸੱਭਿਆਚਾਰਕ ਕਾਰਜਕ੍ਰਮਾਂ ਦੀ ਰਿਹਰਸਲ ਕਰਵਾਈ ਗਈ। ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਮੌਕੇ 'ਤੇ ਮੌਜੂਦ ਰਹਿ ਕੇ ਰਿਹਰਸਲ ਦਾ ਜਾਇਜ਼ਾ ਲਿਆ ਅਤੇ ਜਿੱਥੇ ਲੋੜ ਸੀ, ਉੱਥੇ ਸੁਧਾਰ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਅਧਿਕਾਰੀਆਂ ਨੇ ਦੱਸਿਆ ਕਿ ਅਗਲੀ ਰਿਹਰਸਲ 22 ਜਨਵਰੀ ਨੂੰ ਕਰਵਾਈ ਜਾਵੇਗੀ, ਜਿਸ ਵਿੱਚ ਸਾਰੇ ਭਾਗੀਦਾਰਾਂ ਦੀ ਹਾਜ਼ਰੀ ਲਾਜ਼ਮੀ ਹੋਵੇਗੀ। ਪ੍ਰਸ਼ਾਸਨ ਨੇ ਸਮੂਹ ਭਾਗੀਦਾਰਾਂ ਨੂੰ ਸਮੇਂ ਦੀ ਪਾਬੰਦੀ ਅਤੇ ਅਨੁਸ਼ਾਸਨ ਬਣਾਈ ਰੱਖਣ ਦੀ ਅਪੀਲ ਕੀਤੀ ਹੈ, ਤਾਂ ਜੋ ਗਣਤੰਤਰ ਦਿਵਸ ਸਮਾਰੋਹ ਨੂੰ ਸਫਲ ਬਣਾਇਆ ਜਾ ਸਕੇ।

*ਕਰਮਚਾਰੀ ਚੋਣਾਂ*

# ਪੰਜਾਬੀ ਯੂਨੀਵਰਸਿਟੀ ਮੁਲਾਜ਼ਮਾਂ ਨੇ ਵੱਡੇ ਇਕੱਠ ਨਾਲ ਬਾਗੜੀਆਂ ਟੀਮ ਲਈ ਕੀਤਾ ਸ਼ਕਤੀ ਪ੍ਰਦਰਸ਼ਨ

ਪਟਿਆਲਾ, 19 ਜਨਵਰੀ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਗੈਰ ਅਧਿਆਪਨ ਕਰਮਚਾਰੀ ਸੰਘ ਦੀਆਂ ਚੋਣਾਂ 22 ਜਨਵਰੀ ਨੂੰ ਕਰਵਾਈਆਂ ਜਾ ਰਹੀਆਂ ਹਨ। ਇਹਨਾਂ ਚੋਣਾਂ ਵਿੱਚ 2200 ਦੇ ਕਰੀਬ ਮੁਲਾਜ਼ਮਾਂ ਵਲੋਂ ਆਪਣੀ ਵੋਟ ਦਾ ਇਸਤੇਮਾਲ ਕੀਤਾ ਜਾਂਦਾ ਹੈ। ਯੂਨੀਵਰਸਿਟੀ ਕੈਂਪਸ, ਕਾਲਜਾਂ, ਨੇਬਰਹੁਡ ਕੈਂਪਸਾਂ, ਤਲਵੰਡੀ ਅਤੇ ਰਾਮਪੁਰਾ ਫੂਲ ਯੂਨੀਵਰਸਿਟੀ ਨਾਲ ਸਬੰਧਤ ਸਾਰੇ ਕਰਮਚਾਰੀਆਂ ਵੱਲੋਂ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਜਾਣਾ ਹੈ। ਅੱਜ ਯੂਨੀਵਰਸਿਟੀ ਦੇ ਸੈਂਕੜੇ ਮੁਲਾਜ਼ਮਾਂ ਵੱਲੋਂ ਪ੍ਰੀਖਿਆ ਸ਼ਾਖਾ ਦੇ ਸਾਹਮਣੇ ਵੱਡੇ ਪੱਧਰ 'ਤੇ ਇਕੱਠ ਕਰ ਕੇ ਬਾਗੜੀਆਂ ਟੀਮ ਦੇ ਹੱਕ ਵਿੱਚ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਬਾਗੜੀਆਂ ਟੀਮ ਸੈਂਕੜੇ ਕਰਮਚਾਰੀਆਂ ਨੂੰ ਰੈਗੂਲਰ ਕਰਵਾਉਣ ਵਿੱਚ ਸਫਲ ਰਹੀ ਹੈ। ਅੱਜ ਬਾਗੜੀਆਂ ਟੀਮ ਵੱਲੋਂ ਵੱਡੇ ਇਕੱਠ ਨਾਲ ਚੋਣ ਪ੍ਰਚਾਰ ਕਰਦਿਆਂ ਹਾਰਟੀਕਲਚਰ ਵਿਭਾਗ , ਸਾਂਭ ਸੰਭਾਲ ਵਿਭਾਗ ਤੋਂ ਹੁੰਦੇ ਹੋਏ ਪ੍ਰੀਖਿਆ ਸ਼ਾਖਾ, ਅਮਲਾ ਸ਼ਾਖਾ, ਲਾਇਬ੍ਰੇਰੀ ਸਮੇਤ ਵੱਖ -ਵੱਖ ਵਿਭਾਗਾਂ ਅੰਦਰ ਕਰਮਚਾਰੀਆਂ ਨੂੰ ਮਿਲ ਕੇ ਬਾਗੜੀਆਂ ਟੀਮ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਬਾਗੜੀਆਂ ਟੀਮ ਵੱਲੋਂ ਵੱਖ-ਵੱਖ ਵਿਭਾਗਾਂ ਵਿੱਚ ਪਹੁੰਚ ਕੇ ਪਿਛਲੇ ਤਿੰਨ ਸਾਲਾਂ ਦੌਰਾਨ ਗੈਰ ਅਧਿਆਪਨ ਕਰਮਚਾਰੀਆਂ ਦੇ ਕਰਵਾਏ ਕੰਮਾਂ ਸਬੰਧੀ ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਵਰਸਿਟੀ ਚੋਣਾਂ ਵਿੱਚ ਬਾਗੜੀਆਂ ਟੀਮ ਨੂੰ ਵੱਡੇ ਪੱਧਰ 'ਤੇ ਮਿਲ ਰਿਹਾ ਭਰਵਾਂ ਹੁੰਗਾਰਾ ਇਸ ਗੱਲ ਦਾ ਪ੍ਰਤੀਕ ਹੈ ਕਿ ਬਾਗੜੀਆਂ ਟੀਮ ਵੱਲੋਂ ਸੈਂਕੜੇ ਕੱਚੇ ਕਾਮਿਆਂ ਨੂੰ ਰੈਗੂਲਰ ਕਰਵਾ ਕੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ ਦਾ ਉਪਰਾਲਾ ਕੀਤਾ ਗਿਆ ਹੈ। ਗੈਰ ਅਧਿਆਪਨ ਕਰਮਚਾਰੀਆਂ ਦੀਆਂ ਤਰੱਕੀਆਂ ਅਤੇ ਮਾਣ ਸਨਮਾਨ ਲਈ ਵੱਡੇ ਪੱਧਰ 'ਤੇ ਸੰਘਰਸ਼ ਕੀਤਾ ਗਿਆ ਹੈ। ਬਾਗੜੀਆਂ ਟੀਮ ਨੇ ਕਰਮਚਾਰੀਆਂ ਨਾਲ ਵਾਅਦਾ ਕੀਤਾ ਕਿ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਸਰਕਾਰ ਤੋਂ ਬਣਦੇ ਬਕਾਏ ਦੀ ਰਾਸ਼ੀ ਰਿਲੀਜ਼ ਕਰਵਾਉਣ ਲਈ ਯਤਨ ਕੀਤੇ ਜਾਣਗੇ। ਯੂਨੀਵਰਸਿਟੀ ਵਿੱਚ ਸਾਰੇ ਕੇਡਰਾਂ ਦੀਆਂ ਤਰੱਕੀਆਂ ਪਿਛਲੇ ਸਾਲ ਦੀ ਤਰ੍ਹਾਂ ਸਮੇਂ ਸਿਰ ਕਰਵਾਈਆਂ ਜਾਣਗੀਆਂ। ਭੁਪਿੰਦਰ ਸਿੰਘ, ਕਾਲਾ ਪ੍ਰਧਾਨ ਬਾਗੜੀਆਂ ਟੀਮ ਨੇ ਆਉਣ ਵਾਲੀ 22 ਤਰੀਕ ਨੂੰ ਚੋਣ ਨਿਸ਼ਾਨ ਬੱਸ 'ਤੇ ਮੋਹਰਾ ਲਗਾ ਕੇ ਸਾਰੀ ਟੀਮ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ। ਅੱਜ ਦੀ ਰੈਲੀ ਦੌਰਾਨ ਮੁਲਾਜ਼ਮ ਆਗੂ ਰਾਜਿੰਦਰ ਸਿੰਘ ਬਾਗੜੀਆਂ, ਗਗਨਦੀਪ ਸ਼ਰਮਾ, ਅਮਰਜੀਤ ਕੌਰ ਗਿੱਲ, ਪ੍ਰਕਾਸ਼ ਸਿੰਘ ਧਾਲੀਵਾਲ, ਤੇਜਿੰਦਰ ਸਿੰਘ ਸੁਰਜੀਤ ਸਿੰਘ, ਹਰਦਾਸ ਸਿੰਘ ਸੁਖਵਿੰਦਰ ਸਿੰਘ ਰਾਏਪੁਰ, ਪ੍ਰਭਜੋਤ ਸਿੰਘ ਗੁਰਪਿਆਰ ਸਿੰਘ, ਉਂਕਾਰ ਸਿੰਘ ਬਾਦਲ, ਗੁਰਜੰਟ ਸਿੰਘ, ਕਮਲਪ੍ਰੀਤ ਸਿੰਘ, ਪ੍ਰਦੀਪ ਸਿੰਘ,ਸੈਲੀਦਰ ਸਿੰਘ, ਕੰਵਲਜੀਤ ਸਿੰਘ,ਰੋਹਿਤ ਸੈਣੀ, ਕ੍ਰਿਪਾਲ ਸਿੰਘ, ਜਸਵੰਤ ਸਿੰਘ, ਸਤੀਸ਼ ਨਿਗਰਾਨ, ਅਰਵਿੰਦਰ ਸਿੰਘ, ਸਤੀਸ਼ ਸਿੰਗਲਾ, ਕਰਨੈਲ ਸਿੰਘ, ਹਰਪਾਲ ਸਿੰਘ , ਜਸਪਾਲ ਸਿੰਘ ਰਮਨ ਕੁਮਾਰ, ਸੁਖਵਿੰਦਰ ਸਿੰਘ, ਲਾਲ ਸਿੰਘ ਸਹੋਤਾ ਸੁਖਜੀਤ ਸਿੰਘ, ਗੁਰਦੀਪ ਮਾਛੂ , ਲਖਵਿੰਦਰ ਲਾਡੀ, ਬਲਵਿੰਦਰ ਸਿੰਘ, ਅਵਤਾਰ ਸਿੰਘ, ਰਣਜੀਤ ਸਿੰਘ, ਹਰਦੀਪ ਸਿੰਘ ਆਦਿ ਵੱਡੀ ਗਿਣਤੀ ਵਿੱਚ ਮੁਲਾਜ਼ਮ ਮੌਜੂਦ ਸਨ।

## ਪੰਜਾਬੀ ਯੂਨੀਵਰਸਿਟੀ ਵਿਖੇ 'ਪੰਜਾਬੀ ਨਾਵਲ 'ਚ ਸੈਨਿਕ ਜੀਵਨ ਦੀ ਪੇਸ਼ਕਾਰੀ' ਬਾਰੇ ਅਧਿਐਨ

ਪਟਿਆਲਾ, 19 ਜਨਵਰੀ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਹੋਈ ਇੱਕ ਤਾਜ਼ਾ ਖੋਜ ਰਾਹੀਂ 'ਪੰਜਾਬੀ ਨਾਵਲ ਵਿਚ ਸੈਨਿਕ ਜੀਵਨ ਦੀ ਪੇਸ਼ਕਾਰੀ' ਬਾਰੇ ਅਧਿਐਨ ਕੀਤਾ ਗਿਆ ਹੈ। ਖੋਜਾਰਥੀ ਡਾ.ਕਿਰਨਦੀਪ ਕੌਰ ਵੱਲੋਂ ਨਿਗਰਾਨ ਡਾ. ਤਾਰਾ ਸਿੰਘ ਦੀ ਅਗਵਾਈ ਵਿੱਚ ਕੀਤੇ ਗਏ ਇਸ ਖੋਜ-ਕਾਰਜ ਰਾਹੀਂ ਸੈਨਿਕ ਜੀਵਨ ਨਾਲ ਸਬੰਧਤ ਪੰਜਾਬੀ ਨਾਵਲਾਂ ਦੀ ਚੋਣ ਕਰ ਕੇ ਉਨ੍ਹਾਂ ਦੇ ਬਿਰਤਾਂਤ ਵਿੱਚੋਂ ਸੈਨਿਕ ਜੀਵਨ ਦੇ ਵੱਖ-ਵੱਖ ਪੱਖਾਂ ਜਿਵੇਂ ਸਮਾਜਿਕ, ਆਰਥਿਕ, ਧਾਰਮਿਕ, ਮਨੋਵਿਗਿਆਨਕ ਆਦਿ ਬਾਰੇ ਵਿਸ਼ਲੇਸ਼ਣ ਕੀਤਾ ਗਿਆ ਹੈ। ਨਿਗਰਾਨ ਡਾ. ਤਾਰਾ ਸਿੰਘ ਨੇ ਦੱਸਿਆ ਕਿ ਸੈਨਿਕ ਸਾਡੇ ਸਮਾਜ ਦਾ ਇੱਕ ਅਹਿਮ ਅੰਗ ਹੋਣ ਦੇ ਬਾਵਜੂਦ, ਪੰਜਾਬੀ ਸਾਹਿਤ ਦੇ ਹਵਾਲੇ ਨਾਲ਼ ਇਨ੍ਹਾਂ ਬਾਰੇ ਕੋਈ ਖੋਜ-ਕਾਰਜ ਨਹੀਂ ਹੋਇਆ ਸੀ। ਉਨ੍ਹਾਂ ਦੱਸਿਆ ਕਿ ਪੰਜਾਬੀ ਸਾਹਿਤ ਖੋਜ ਖੇਤਰ ਵਿੱਚ ਇਹ ਇੱਕ ਨਵਾਂ ਤੇ ਮਹੱਤਵਪੂਰਨ ਪਾਸਾਰਾਂ ਵਾਲਾ ਕਾਰਜ ਹੈ। ਉਨ੍ਹਾਂ ਦੱਸਿਆ ਕਿ ਸੈਨਿਕਾਂ ਦੇ ਅੰਦਰਲੇ ਸੰਸਾਰ ਦੀਆਂ ਪਰਤਾਂ ਨੂੰ ਫਰੋਲਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸਮੁੱਚੇ ਰੂਪ ਵਿੱਚ ਉਭਾਰਨ ਦਾ ਯਤਨ ਕੀਤਾ ਗਿਆ ਹੈ। ਇਉਂ ਸੈਨਿਕ ਦੇ ਇੱਕ ਮਨੁੱਖ ਵਜੋਂ ਦੁੱਖਾਂ-ਸੁੱਖਾਂ, ਲੋੜਾਂ-ਥੋੜਾਂ, ਸੁਪਨਿਆਂ, ਅਕਾਂਖਿਆਵਾਂ ਤੇ ਦੁਬਿਧਾਵਾਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ। ਡਾ. ਕਿਰਨਦੀਪ ਕੌਰ ਨੇ ਕਿਹਾ ਕਿ ਇਹ ਖੋਜ ਰਾਹੀਂ ਇਹ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਸੈਨਿਕ ਸਿਰਫ਼ ਯੋਧਾ ਹੀ ਨਹੀਂ ਸਗੋਂ ਇੱਕ ਸੰਵੇਦਨਸ਼ੀਲ ਮਨੁੱਖ ਵੀ ਹੁੰਦਾ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਖੋਜਾਰਥੀ ਅਤੇ ਨਿਗਰਾਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਖੋਜ ਕਾਰਜ ਸੈਨਾ, ਸੈਨਿਕ ਜੀਵਨ ਤੇ ਪੰਜਾਬੀ ਸਾਹਿਤ ਵਿਚ ਦਿਲਚਸਪੀ ਰੱਖਣ ਵਾਲੇ ਪਾਠਕਾਂ, ਵਿਦਿਆਰਥੀਆਂ ਤੇ ਖੋਜਾਰਥੀਆਂ ਲਈ ਲਾਹੇਵੰਦ ਹੋਵੇਗਾ ਅਤੇ ਅਗਲੇਰੇ ਪੱਧਰ ਦੇ ਹੋਰ ਖੋਜ-ਕਾਰਜਾਂ ਲਈ ਪ੍ਰੇਰਿਤ ਕਰਦਿਆਂ ਉਨ੍ਹਾਂ ਦਾ ਅਧਾਰ ਵੀ ਬਣੇਗਾ।